@Qpatrika
@qaumipatrika punjabi
instagram.com/qaumipatrika
Largest Circulated
विश्व भर में सबसे ज्यादा पढ़ा जाने वाला
# ਕੌਮੀ ਪਤ੍ਰਿਕਾ
दिल्ली, हिमाचल, हरियाणा, पंजाब, उत्तर प्रदेश, उत्तराखण्ड से प्रसारित।
Tuesday, 3 June 2025
Punjabi National Daily
Qaumi Patrika NO.1
VISIT: www.qaumipatrika.org
Email: qpatrika@gmail.com
ਨਵੀਂ ਦਿੱਲੀ: ਮੰਗਲਵਾਰ 3 ਜੂਨ 2025, 20 ਜੇਠ ਨਾਨਕਸ਼ਾਹੀ ਸੰਮਤ 555 (ਸਫ਼ੇ-12) ਮੁੱਲ 3.00 ਰੁਪਏ
R.N.I. No. 39272/81– ਸੰਪਾਦਕ – ਗੁਰਚਰਨ ਸਿੰਘ ਬੱਬਰ – ਸਾਲ – 43, ਅੰਕ 203, qpatrika@gmail.com ਫੋਨ : 9971359517 www.qaumipatrika.org

# ਦਿੱਲੀ ਵਿੱਚ 100 ਦਿਨ ਦੀ ਇਮਾਨਦਾਰ ਸਰਕਾਰ !

ਕੌਮੀ ਪਤ੍ਰਿਕਾ
**ਸਿੰਮੀ ਕੌਰ ਬੱਬਰ**

ਨਵੀਂ ਦਿੱਲੀ 2 ਜੂਨ। ਦਿੱਲੀ ਦੀ ਮੁੱਖ ਮੰਤਰੀ ਸ਼?ਰੀਮਤੀ ਰੇਖਾ ਗੁਪਤਾ ਜੀ ਨੇ ਸਿਰਫ 100 ਦਿਨਾਂ ਦੇ ਅੰਦਰ ਆਪਣੀ ਇਮਾਨਦਾਰ ਅਤੇ ਜਨ-ਹਿਤੈਸ਼ੀ ਸਰਕਾਰ ਨਾਲ ਲੋਕਾਂ ਦੇ ਦਿਲਾਂ ਵਿੱਚ ਨਵੀਂ ਆਸ ਜਨਮ ਦਿੱਤੀ ਹੈ। ਉਨ੍ਹਾਂ ਦੀ ਨੇਤ੍ਰਤਾਵਾਲੀ ਸਰਕਾਰ ਨੇ ਸਾਬਤ ਕਰ ਦਿੱਤਾ ਹੈ ਕਿ ਸਾਫ-ਸੁਥਰੀ ਰਾਜਨੀਤੀ ਅਤੇ ਪ੍ਰਭਾਵਸ਼ਾਲੀ ਪ੍ਰਸ਼ਾਸਨ ਇਕੱਠੇ ਚੱਲ ਸਕਦੇ ਹਨ। ਰੇਖਾ ਗੁਪਤਾ ਨੇ ਆਪਣੀ ਪਹਿਲੀ ਦਿਨ ਤੋਂ ਹੀ ਇਲਾਨ ਕੀਤਾ ਸੀ ਕਿ ਉਨ੍ਹਾਂ ਦੀ ਸਰਕਾਰ ਦਿਨ-ਰਾਤ ਆਮ ਲੋਕਾਂ ਦੀ ਭਲਾਈ ਲਈ ਕੰਮ ਕਰੇਗੀ, ਅਤੇ ਉਨ੍ਹਾਂ ਇਹ ਦਾਅਵਾ ਅਮਲ ਵਿੱਚ ਪੂਰਾ ਕਰਕੇ ਵਿਖਾਇਆ ਹੈ। ਭ੍ਰਿਸ਼ਟਾਚਾਰ ਪ੍ਰਤੀ ਜ਼ੀਰੋ ਟੌਲਰੇਂਸ ਤੇ ਲੋਕ-ਸੁਣਵਾਈ ਦੀ ਵਚਨਬੱਧਤਾ ਨੇ ਦਿੱਲੀ ਵਿੱਚ ਇੱਕ ਨਵਾਂ ਭਰੋਸਾ ਪੈਦਾ ਕੀਤਾ ਹੈ। ਰੇਖਾ ਗੁਪਤਾ ਦੀ ਸਰਕਾਰ ਦੀ ਸਭ ਤੋਂ ਵੱਡੀ ਖਾਸੀਅਤ ਇਹ ਰਹੀ ਕਿ ਉਨ੍ਹਾਂ ਨੇ ਹਰ ਨੀਤੀ, ਹਰ ਯੋਜਨਾ ਅਤੇ ਹਰ ਲਾਭ ਦੀ ਵੰਡ ਵਿੱਚ ਕੋਈ ਭੇਦ-ਭਾਵ ਨਹੀਂ ਕੀਤਾ। ਸਰਕਾਰ ਨੇ ਇਹ ਸਪਸ਼ਟ ਸੰਦੇਸ਼ ਦਿੱਤਾ ਕਿ ਹਰੇਕ ਨਾਗਰਿਕ ਨੂੰ ਬਰਾਬਰ ਦੇ ਅਧਿਕਾਰ ਮਿਲਣਗੇ ਨਾ ਕਿਸੇ ਭਾਈਵਾਲੀ, ਨਾ ਕਿਸੇ ਤਾਸ਼ੀਲਦਾਰੀ। ਮੁੱਖ ਮੰਤਰੀ ਰੇਖਾ ਗੁਪਤਾ ਨੇ ਸਾਰਵਜਨਿਕ ਤੌਰ 'ਤੇ ਐਲਾਨ ਕੀਤਾ ਕਿ ਉਨ੍ਹਾਂ ਦੀ ਸਰਕਾਰ ਆਪਣੇ ਸਾਰੇ ਚੋਣੀ



ਵਾਅਦੇ ਪੂਰੇ ਕਰੇਗੀ, ਅਤੇ ਉਹ ਵੀ ਨਿਸ਼ਚਿਤ ਸਮੇਂ ਅੰਦਰ। ਉਨ੍ਹਾਂ ਕਿਹਾ, ÷ਅਸੀਂ ਬਹਾਨੇ ਨਹੀਂ ਦੇਣੇ, ਅਸੀਂ ਕੰਮ ਕਰਕੇ ਵਿਖਾਉਣਾ ਹੈ।÷ ਇਨ੍ਹਾਂ 100 ਦਿਨਾਂ ਵਿੱਚ ਸਰਕਾਰ ਨੇ ਸਿੱਖਿਆ, ਸਿਹਤ, ਮਹਿਲਾ ਸੁਰੱਖਿਆ, ਵਰਿਸ਼ਠ ਨਾਗਰਿਕਾਂ ਦੀ ਭਲਾਈ, ਪੀਣ ਵਾਲੇ ਪਾਣੀ ਦੀ ਸੁਵਿਧਾ, ਪ੍ਰਦੂਸ਼ਣ ਰੋਕਥਾਮ ਅਤੇ ਟ?ਰੈਫਿਕ ਨਿਯੰਤਰਣ ਸਬੰਧੀ ਕਈ ਯੋਜਨਾਵਾਂ ਸ਼ੁਰੂ ਕੀਤੀਆਂ ਹਨ। ਜਨਤਾ ਨਾਲ ਰੂਬਰੂ ਹੋਣ ਲਈ "ਜਨ ਸੁਣਵਾਈ"ਕਾਰਜਕ੍ਰਮ ਚਲਾਏ ਜਾ ਰਹੇ ਹਨ ਜੋ ਪ੍ਰਸ਼ਾਸਨ ਅਤੇ ਲੋਕਾਂ ਵਿਚਕਾਰ ਦੀ ਦੂਰੀ ਘਟਾ ਰਹੇ ਹਨ। ਸਰਵੇਖਣਾਂ ਅਤੇ ਜਮੀਨੀ ਪੱਧਰ ਤੋਂ ਮਿਲੀ ਜਾਣਕਾਰੀ ਦੇ ਅਨੁਸਾਰ, ਦਿੱਲੀ ਦੇ ਆਮ ਲੋਕ ਵਿਸ਼ੇਸ਼ ਤੌਰ 'ਤੇ ਗਰੀਬ ਅਤੇ ਪਿੱਛੜੇ ਵਰਗ, ਰੇਖਾ ਗੁਪਤਾ ਦੀ ਸਰਕਾਰ 'ਤੇ ਭਰੋਸਾ ਜਤਾਉਂਦੇ ਦਿਸ ਰਹੇ ਹਨ। ਉਨ੍ਹਾਂ ਦੀ ਨਿਰਭੀਕਤਾ, ਆਸਾਨ ਪਹੁੰਚ ਅਤੇ ਨਿਵੇਕਲੇ ਪਾਠ ਨੇ ਉਨ੍ਹਾਂ ਨੂੰ ਆਮ ਰਾਜਨੀਤਿਕ ਨੇਤਾਵਾਂ ਤੋਂ ਵੱਖਰਾ ਸਥਾਨ ਦਿੱਤਾ ਹੈ। ਇਹ 100 ਦਿਨ ਸਿਰਫ ਸ਼ੁਰੂਆਤ ਹਨ। ਆਮ ਜਨਤਾ ਵਿੱਚ ਇੱਕ ਉਮੀਦ ਜਨਮ ਲੈ ਰਹੀ ਹੈ ਕਿ ਸ਼੍ਰੀਮਤੀ ਰੇਖਾ ਗੁਪਤਾ ਜੀ ਦੇ ਨੇਤ੍ਰਤਵ ਹੇਠ ਦਿੱਲੀ ਇਕ ਨਵੀਂ ਦਿਸ਼ਾ ਵਿੱਚ ਅੱਗੇ ਵਧੇਗੀ, ਜਿੱਥੇ ਇਮਾਨਦਾਰੀ, ਨਿਰਪੱਖਤਾ ਅਤੇ ਜਨ-ਸੇਵਾ ਸਭ ਤੋਂ ਵੱਡੀ ਤਾਕਤ ਹੋਣਗੀਆਂ।

## ਕੱਚੇ ਕਾਮਿਆਂ ਲਈ ਪੰਜਾਬ ਸਰਕਾਰ ਦਾ ਵੱਡਾ ਐਲਾਨ

ਚੰਡੀਗੜ੍ਹ 2 ਜੂਨ। ਪੰਜਾਬ ਸਰਕਾਰ ਨੇ ਜੰਗਲਾਤ ਵਿਭਾਗ ਦੇ 378 ਕੱਚੇ ਕਾਮਿਆਂ ਦੀਆਂ ਨੌਕਰੀਆਂ ਨੂੰ ਨਿਯਮਤ ਕਰਨ ਦਾ ਐਲਾਨ ਕੀਤਾ ਹੈ। ਪਿਛਲੇ ਕਈ ਸਾਲਾਂ ਤੋਂ ਇਹ ਕਰਮਚਾਰੀ ਘੱਟ ਤਨਖ਼ਾਹਾਂ 'ਤੇ ਅਤੇ ਬਿਨਾਂ ਕਿਸੇ ਮਿਹਨਤਾਨੇ ਦੇ ਕੰਮ ਕਰ ਰਹੇ ਸਨ। ਉਕਤ ਫ਼ੈਸਲਾ ਉਨ੍ਹਾਂ ਸਾਰੇ ਕਰਮਚਾਰੀਆਂ ਲਈ ਖ਼ੁਸ਼ਖ਼ਬਰੀ ਅਤੇ ਰਾਹਤ ਭਰਿਆ ਹੈ। ਇਸ ਦੇ ਨਾਲ ਹੀ ਇਨ੍ਹਾਂ ਕਾਮਿਆਂ ਨੂੰ ਹਰ ਪਾਸਿਓਂ ਵਧਾਈਆਂ ਮਿਲ ਰਹੀਆਂ ਹਨ। ਜੰਗਲਾਤ ਵਿਭਾਗ ਦੇ ਮੰਤਰੀ ਲਾਲ ਚੰਦ ਕਟਾਰੂਚੱਕ ਨੇ ਵੀ ਸਾਰੇ ਮੁਲਾਜ਼ਮਾਂ ਨੂੰ ਵਧਾਈ ਦਿੱਤੀ ਅਤੇ ਕਿਹਾ ਕਿ ਪਿਛਲੀ ਕੈਬਨਿਟ ਮੀਟਿੰਗ 'ਚ ਜੰਗਲਾਤ ਵਿਭਾਗ ਦੇ 378 ਕਰਮਚਾਰੀਆਂ ਨੂੰ ਰੈਗੂਲਰ ਕਰਨ ਦਾ ਫ਼ੈਸਲਾ ਲਿਆ ਗਿਆ ਸੀ, ਜੋ ਰੋਜ਼ਾਨਾ ਦਿਹਾੜੀ 'ਤੇ ਕੰਮ ਕਰ ਰਹੇ ਸਨ। ਮੈਨੂੰ ਇਹ ਐਲਾਨ ਕਰਦੇ ਹੋਏ ਬਹੁਤ ਖ਼ੁਸ਼ੀ ਹੋ ਰਹੀ ਹੈ। ਮੰਤਰੀ ਕਟਾਰੂਚੱਕ ਨੇ ਇਸ ਲਈ ਰਵਾਇਤੀ ਪਾਰਟੀਆਂ ਨੂੰ ਜ਼ਿੰਮੇਵਾਰ ਠਹਿਰਾਉਂਦੇ ਹੋਏ ਕਿਹਾ ਕਿ ਪਿਛਲੀਆਂ ਅਕਾਲੀ-ਭਾਜਪਾ ਅਤੇ ਕਾਂਗਰਸ ਸਰਕਾਰਾਂ ਦੇ ਰੁਜ਼ਗਾਰ ਵਿਰੋਧੀ ਅਤੇ ਕਰਮਚਾਰੀ ਵਿਰੋਧੀ ਰਵੱਈਏ ਕਾਰਨ ਉਨ੍ਹਾਂ ਦੀਆਂ ਨੌਕਰੀਆਂ ਸਥਾਈ ਨਹੀਂ ਕੀਤੀਆਂ ਜਾ ਸਕੀਆਂ ਪਰ ਮੁੱਖ ਮੰਤਰੀ ਭਗਵੰਤ ਮਾਨ ਦੇ ਯਤਨਾਂ ਸਦਕਾ



ਅੱਜ ਅਸੀਂ ਉਨ੍ਹਾਂ ਨੂੰ ਨਿਯਮਤ ਕਰਨ ਵਿੱਚ ਸਫ਼ਲ ਹੋਏ ਹਾਂ। ਮੰਤਰੀ ਨੇ ਕਿਹਾ ਕਿ ਅਗਲੇ ਕੁੱਝ ਦਿਨਾਂ 'ਚ ਮੁੱਖ ਮੰਤਰੀ ਭਗਵੰਤ ਮਾਨ ਸਾਰੇ ਕਰਮਚਾਰੀਆਂ ਨੂੰ ਨਿਯੁਕਤੀ ਪੱਤਰ ਵੀ ਸੌਂਪਣਗੇ। ਕਟਾਰੂਚੱਕ ਨੇ ਕਿਹਾ ਕਿ ਆਮ ਆਦਮੀ ਪਾਰਟੀ ਸਰਕਾਰ ਦੇ ਪਾਰਟੀ ਕਨਵੀਨਰ ਅਰਵਿੰਦ ਕੇਜਰੀਵਾਲ ਦੇ ਨਿਰਦੇਸ਼ਾਂ ਅਨੁਸਾਰ ਮੁੱਖ ਮੰਤਰੀ ਭਗਵੰਤ ਮਾਨ ਪੰਜਾਬ 'ਚ ਹਰ ਰੋਜ਼ ਕਿਸੇ ਨਾ ਕਿਸੇ ਵਿਭਾਗ 'ਚ ਨੌਜਵਾਨਾਂ ਨੂੰ ਨਿਯੁਕਤੀ ਪੱਤਰ ਦੇ ਰਹੇ ਹਨ। ਹੁਣ ਤੱਕ ਸਰਕਾਰ 50 ਹਜ਼ਾਰ ਤੋਂ ਵੱਧ ਨੌਜਵਾਨਾਂ ਨੂੰ ਸਰਕਾਰੀ ਨੌਕਰੀਆਂ ਪ੍ਰਦਾਨ ਕਰ ਚੁੱਕੀ ਹੈ। ਇਹ ਪਹਿਲੀ ਸਰਕਾਰ ਹੈ, ਜਿਸ ਨੇ ਪੰਜਾਬ 'ਚ ਇੰਨੀ ਵੱਡੀ ਗਿਣਤੀ 'ਚ ਨੌਜਵਾਨਾਂ ਨੂੰ ਸਰਕਾਰੀ ਨੌਕਰੀਆਂ ਦਿੱਤੀਆਂ ਹਨ। ਕਟਾਰੂਚੱਕ ਨੇ ਕਿਹਾ ਕਿ ਇਨ੍ਹਾਂ ਕਰਮਚਾਰੀਆਂ ਦੀਆਂ ਸਥਾਈ ਨੌਕਰੀਆਂ ਨਾਲ ਜੰਗਲਾਤ ਵਿਭਾਗ 'ਚ ਇੱਕ ਨਵੀਂ ਊਰਜਾ ਪੈਦਾ ਹੋਵੇਗੀ ਅਤੇ ਇਹ ਕਰਮਚਾਰੀ ਸਖ਼ਤ ਮਿਹਨਤ ਅਤੇ ਲਗਨ ਨਾਲ ਕੰਮ ਕਰਕੇ ਵਿਭਾਗ ਨੂੰ ਹੋਰ ਉਚਾਈਆਂ 'ਤੇ ਲੈ ਜਾਣਗੇ। ਇਸ ਦੇ ਨਾਲ ਹੀ ਇਸ ਫ਼ੈਸਲੇ ਨਾਲ ਹੋਰ ਵਿਭਾਗਾਂ ਦੇ ਅਸਥਾਈ ਕਰਮਚਾਰੀਆਂ 'ਚ ਵੀ ਉਮੀਦਾਂ ਜਗ ਜਾਣਗੀਆਂ।

### ਲੈਂਡਸਲਾਈਡ ਦੀ ਲਪੇਟ 'ਚ ਆਇਆ ਫ਼ੌਜੀ ਕੈਂਪ

ਕੋਲਕਾਤਾ 2 ਜੂਨ। ਸਿੱਕਮ ਦੇ ਛਾਤੇਨ 'ਚ ਇਕ ਫ਼ੌਜੀ ਕੈਂਪ ਦੇ ਜ਼ਮੀਨ ਖਿਸਕਣ ਦੀ ਲਪੇਟ 'ਚ ਆਉਣ ਨਾਲ 3 ਲੋਕਾਂ ਦੀ ਮੌਤ ਹੋ ਗਈ ਅਤੇ 6 ਸੁਰੱਖਿਆ ਕਰਮੀ ਲਾਪਤਾ ਹੋ ਗਏ। ਇਕ ਰੱਖਿਆ ਅਧਿਕਾਰੀ ਨੇ ਇਹ ਜਾਣਕਾਰੀ ਦਿੱਤੀ। ਅਧਿਕਾਰੀ ਨੇ ਦੱਸਿਆ ਕਿ ਭਾਰੀ ਮੀਂਹ ਕਾਰਨ ਇਹ ਜ਼ਮੀਨ ਖਿਸਕਣ ਐਤਵਾਰ ਸ਼ਾਮ ਕਰੀਬ 7 ਵਜੇ ਹੋਇਆ। ਰੱਖਿਆ ਅਧਿਕਾਰੀ ਨੇ ਇਕ ਬਿਆਨ 'ਚ ਦੱਸਿਆ ਕਿ ਤਿੰਨ ਲਾਸ਼ਾਂ ਬਰਾਮਦ ਕਰ ਲਈਆਂ ਗਈਆਂ ਹਨ, ਜਦੋਂ ਕਿ ਚਾਰ ਲੋਕਾਂ ਨੂੰ ਮਾਮੂਲੀ ਸੱਟਾਂ ਲੱਗੀਆਂ ਹਨ। ਉਨ੍ਹਾਂ ਕਿਹਾ,"ਚੁਣੌਤੀਆਂ ਭਰੀ ਸਥਿਤੀ 'ਚ ਬਚਾਅ ਦਲ ਲਾਪਤਾ 6 ਜਵਾਨਾਂ ਦੀ ਭਾਲ 'ਚ ਜੁਟਿਆ ਹੈ।"

## ਇੰਦਰਾ ਗਾਂਧੀ ਨੇ ਭਾਰਤੀ ਫੌਜ ਨੂੰ ਹਰਿਮੰਦਰ ਸਾਹਿਬ ਤੇ ਹਮਲਾ ਕਰਨ ਦਾ ਹੁਕਮ ਦਿੱਤਾ ਜਦੋਂ ਹਜ਼ਾਰਾਂ ਸਿੱਖ ਗੁਰਦੁਆਰੇ ਦੇ ਅੰਦਰ ਸਨ

**ਗੁਰਚਰਨ ਸਿੰਘ ਬੱਬਰ**

ਨਵੀਂ ਦਿੱਲੀ 2 ਜੂਨ। ਜਿਵੇਂ ਜੂਨ ਦਾ ਮਹੀਨਾ ਨੇੜੇ ਆ ਰਿਹਾ ਹੈ, ਤਿਵੇਂ ਹੀ ਸਿਖ ਕੌਮ ਅਤੇ ਪੂਰੇ ਦੇਸ਼ ਵਿੱਚ ਇੱਕ ਦੁੱਖਦਾਈ ਯਾਦ ਵਾਪਸ ਤਾਜ਼ਾ ਹੋ ਰਹੀ ਹੈ – ਓਪਰੇਸ਼ਨ ਬਲੂ ਸਟਾਰ ਦੀ। ਜੂਨ 1984 ਵਿੱਚ, ਤਦਕਾਲੀ ਪ੍ਰਧਾਨ ਮੰਤਰੀ ਸ਼੍ਰੀਮਤੀ ਇੰਦਿਰਾ ਗਾਂਧੀ ਨੇ ਭਾਰਤੀ ਫੌਜ ਨੂੰ ਹੁਕਮ ਦਿੱਤਾ ਕਿ ਉਹ ਸਿੱਖ ਧਰਮ ਦੇ ਸਭ ਤੋਂ ਪਵਿੱਤਰ ਧਾਰਮਿਕ ਅਸਥਾਨ – ਸ਼੍ਰੀ ਹਰਿਮੰਦਰ ਸਾਹਿਬ , ਅੰਮ੍ਰਿਤਸਰ — ਵਿੱਚ ਦਾਖ਼ਲ ਹੋਣ। ਇਹ ਕਾਰਵਾਈ ਕਿਸੇ ਵੀ ਚੇਤਾਵਨੀ ਤੋਂ ਬਿਨਾਂ ਕੀਤੀ ਗਈ, ਜਿਸ ਵਿੱਚ ਸੈਂਕੜੇ ਨਹੀਂ, ਹਜ਼ਾਰਾਂ ਭੋਲੇ-ਭਾਲੇ ਸ਼ਰਧਾਲੂਆਂ ਨੂੰ ਮਾਰ ਦਿੱਤਾ ਗਿਆ । ਉਨ੍ਹਾਂ ਵਿੱਚ ਬਜ਼ੁਰਗ, ਮਾਤਾਵਾਂ, ਬੱਚੇ, ਅਤੇ ਹੋਰ ਨਿਰਦੋਸ਼ ਲੋਕ ਸ਼ਾਮਲ ਸਨ। ਇਸ ਵੇਲੇ ਅੰਦਰ ਗੁਰੂਪੁਰਬ ਦਾ ਤਿਉਹਾਰ ਸੀ, ਹਜਾਰਾਂ ਸਿੱਖ ਸੰਗਤਾਂ ਅੰਦਰ ਸ਼ਰਧਾ ਨਾਲ ਮੱਥਾ ਟੇਕ ਰਹੀਆਂ ਸਨ। ਬਹੁਤ ਗਰਮੀ ਹੋਣ ਦੇ ਬਾਵਜੂਦ ਦਰਬਾਰ ਸਾਹਿਬ ਭਰਿਆ ਹੋਇਆ ਸੀ। ਬਿਨਾਂ ਕਿਸੇ ਗੱਲਬਾਤ ਦੇ, ਟੈਂਕਾਂ ਅਤੇ ਤੋਪਾਂ ਨਾਲ ਭਰਪੂਰ ਫੌਜੀ ਹਮਲਾ ਕੀਤਾ ਗਿਆ। ਸਿੱਖ ਧਰਮ ਦੀ ਰਾਜਨੀਤਕ ਅਤੇ ਆਤਮਿਕ ਅਥਾਰਟੀ ਅਕਾਲ ਤਖ਼ਤ ਸਾਹਿਬ ਨੂੰ ਭਾਰੀ ਨੁਕਸਾਨ ਹੋਇਆ। ਇਤਿਹਾਸਕਾਰ ਅਤੇ ਗਵਾਹੀਕਾਰ ਕਹਿੰਦੇ ਹਨ ਕਿ ਇਹ ਸਿਰਫ਼ ਇੱਕ ਸੁਰੱਖਿਆ ਕਾਰਵਾਈ ਨਹੀਂ ਸੀ। ਇਹ ਇੱਕ ਸੰਯੋਜਿਤ, ਯੋਜਨਾਬੱਧ ਰਾਜਨੀਤਕ ਯਤਨ ਸੀ, ਜਿਸ ਰਾਹੀਂ ਸ਼੍ਰੀਮਤੀ ਇੰਦਿਰਾ ਗਾਂਧੀ ਦੁਬਾਰਾ ਪ੍ਰਧਾਨ ਮੰਤਰੀ ਬਣਨ ਲਈ



ਆਪਣੀ ਸਿਆਸੀ ਪਕੜ ਮਜ਼ਬੂਤ ਕਰਨਾ ਚਾਹੁੰਦੀ ਸੀ। ਜੇਕਰ ਮਕਸਦ ਸਿਰਫ਼ ਕੁਝ ਵਿਅਕਤੀਆਂ ਦੀ ਗ੍ਰਿਫ਼ਤਾਰੀ ਸੀ, ਤਾਂ ਗੱਲਬਾਤ, ਗੁਪਤਚਰ ਕਾਰਵਾਈ ਜਾਂ ਹੋਰ ਤਰੀਕੇ ਨਾਲ ਹੱਲ ਕੱਢਿਆ ਜਾ ਸਕਦਾ ਸੀ। ਪਰ ਪੂਰੇ ਧਾਰਮਿਕ ਸਥਾਨ ਨੂੰ ਹੀ ਲਕੜੀ ਦਾ ਢੇਰ ਬਣਾਉਣਾ ,ਇਹ ਨੈਤਿਕ ਅਤੇ ਕਾਨੂੰਨੀ ਤੌਰ ਤੇ ਅਨੁਚਿਤ ਸੀ। ਸਰਬੱਤ ਦੇ ਭਲੇ ਦੀ ਪਹਿਚਾਣ , ਸ਼੍ਰੀ ਹਰਿਮੰਦਰ ਸਾਹਿਬ , ਉਸ ਦਿਨ ਖ਼ੂਨ ਨਾਲ ਲਿਬੜ ਗਿਆ। ਅਨੇਕਾਂ ਲਾਸ਼ਾਂ ਦਾ ਅੱਜ ਤੱਕ ਕੋਈ ਪਤਾ ਨਹੀਂ ਲੱਗਿਆ। ਕਈ ਗਵਾਹ ਦੱਸਦੇ ਹਨ ਕਿ ਮਰੇ ਹੋਏ ਲੋਗਾਂ ਦੀਆਂ ਲਾਸ਼ਾਂ ਗੁਪਤ ਢੰਗ ਨਾਲ ਥਾਂ-ਥਾਂ ਤੇ ਸੁੱਟੀਆਂ ਗਈਆਂ, ਕਈ ਲੋਕ ਅਚਾਨਕ ਗ਼ਾਇਬ ਹੋ ਗਏ, ਕਈ ਅਣਜਾਣ ਜੇਲਾਂ ਵਿੱਚ ਰੱਖੇ ਗਏ। ਸਿੱਖ ਕੌਮ ਇਹ ਦੁੱਖ ਅਜੇ ਤੱਕ ਭੁਲਾ ਨਹੀਂ ਸਕੀ। ਜ਼ਖ਼ਮ ਅਜੇ ਵੀ ਤਾਜ਼ਾ ਹਨ, ਸਵਾਲ ਅਜੇ ਵੀ ਅਨੁਤੱਤਰਤ ਹਨ, ਅਤੇ ਇਨਸਾਫ਼ ਅਜੇ ਵੀ ਲਾਪਤਾ ਹੈ। ਇਨਸਾਫ਼, ਸੱਚ ਅਤੇ ਕੌਮੀ ਸਾਂਝ ਲਈ, ਅਸੀਂ ਦਿ ਸਿੱਖ ਟਾਈਮਜ਼ ਰਾਹੀਂ ਮਾਨਯੋਗ ਭਾਰਤ ਸਰਕਾਰ ਅਤੇ ਪ੍ਰਧਾਨ ਮੰਤਰੀ ਸ਼?ਰੀ ਨਰੇਂਦਰ ਮੋਦੀ ਜੀ ਨੂੰ ਬੇਨਤੀ ਕਰਦੇ ਹਾਂ ਕਿ ਇੱਕ ਉੱਚ-ਸਤਰ ਦੀ ਨਿਆਂਕ ਜਾਂਚ ਕਮਿਸ਼ਨ ਬਣਾਇਆ ਜਾਵੇ, ਜਿਸ ਨੂੰ ਸਮੇਂ ਦੀ ਸੀਮਾ ਵਿੱਚ ਕੰਮ ਕਰਨ ਲਈ ਕਿਹਾ ਜਾਵੇ।

Contd....page-3

## 4000 ਫੁੱਟ ਦੀ ਉਚਾਈ 'ਤੇ ਯਾਤਰੀਆਂ ਦੇ ਸੁੱਕੇ ਸਾਹ

ਨੈਸ਼ਨਲ ਡੈਸਕ 2 ਜੂਨ। ਸੋਮਵਾਰ ਨੂੰ ਪਟਨਾ ਤੋਂ ਰਾਂਚੀ ਆ ਰਹੀ ਇੰਡੀਗੋ ਏਅਰਲਾਈਨਜ਼ ਦੀ ਉਡਾਣ ਨਾਲ ਇੱਕ ਪੰਛੀ ਟਕਰਾ ਗਿਆ। ਜਿਸ ਕਾਰਨ ਉਡਾਣ ਨੂੰ ਰਾਂਚੀ ਦੇ ਬਿਰਸਾ ਮੁੰਡਾ ਹਵਾਈ ਅੱਡੇ 'ਤੇ ਐਮਰਜੈਂਸੀ ਲੈਂਡਿੰਗ ਕਰਨੀ ਪਈ। ਦੱਸਿਆ ਜਾ ਰਿਹਾ ਹੈ ਕਿ ਇਸ ਉਡਾਣ ਵਿੱਚ ਲਗਭਗ 175 ਯਾਤਰੀ ਸਨ। ਸਾਰੇ ਯਾਤਰੀ ਅਤੇ ਚਾਲਕ ਦਲ ਦੇ ਮੈਂਬਰ ਪੂਰੀ ਤਰ੍ਹਾਂ ਸੁਰੱਖਿਅਤ ਹਨ। ਬਿਰਸਾ ਮੁੰਡਾ ਹਵਾਈ ਅੱਡੇ ਦੇ ਡਾਇਰੈਕਟਰ ਆਰ.ਆਰ. ਮੌਰਿਆ ਨੇ ਕਿਹਾ ਕਿ ਇਹ ਘਟਨਾ ਦੁਪਹਿਰ 1:15 ਵਜੇ ਵਾਪਰੀ। ਜਹਾਜ਼ ਹਵਾਈ ਅੱਡੇ ਤੋਂ ਲਗਭਗ 10 ਤੋਂ 12 ਸਮੁੰਦਰੀ ਮੀਲ ਅਤੇ 3 ਤੋਂ 4 ਹਜ਼ਾਰ ਫੁੱਟ ਦੀ ਉਚਾਈ 'ਤੇ ਸੀ, ਜਦੋਂ ਇਹ ਇੱਕ ਪੰਛੀ ਨਾਲ ਟਕਰਾ ਗਿਆ। ਇਸ ਤੋਂ ਬਾਅਦ, ਪਾਇਲਟ ਨੇ ਚੌਕਸੀ ਦਿਖਾਈ ਅਤੇ ਤੁਰੰਤ ਐਮਰਜੈਂਸੀ ਲੈਂਡਿੰਗ ਕੀਤੀ। ਤੁਹਾਨੂੰ ਦੱਸ ਦੇਈਏ ਕਿ ਜਹਾਜ਼ ਏਅਰਬੱਸ 320 ਹੈ, ਜੋ ਪਟਨਾ ਤੋਂ ਰਾਂਚੀ ਆ ਰਿਹਾ ਸੀ ਅਤੇ ਬਾਅਦ ਵਿੱਚ ਕੋਲਕਾਤਾ ਜਾ ਰਿਹਾ ਸੀ। ਅਧਿਕਾਰੀ ਨੇ ਕਿਹਾ ਕਿ ਪੰਛੀ ਨਾਲ ਟਕਰਾਉਣ ਕਾਰਨ ਜਹਾਜ਼ ਨੂੰ ਨੁਕਸਾਨ ਪਹੁੰਚਿਆ ਹੈ। ਇੰਜੀਨੀਅਰਾਂ ਦੀ ਇੱਕ ਟੀਮ ਜਹਾਜ਼ ਦਾ ਮੁਆਇਨਾ ਕਰਨ ਲਈ ਪਹੁੰਚੀ ਹੈ, ਜੋ ਨੁਕਸਾਨ ਦਾ ਮੁਲਾਂਕਣ ਕਰ ਰਹੀ ਹੈ। ਇਸ ਘਟਨਾ ਤੋਂ ਬਾਅਦ, ਕੁਝ ਸਮੇਂ ਲਈ ਹਵਾਈ ਅੱਡੇ 'ਤੇ ਚੌਕਸੀ ਵਧਾ ਦਿੱਤੀ ਗਈ ਸੀ।

## ਪ੍ਰਧਾਨ ਮੰਤਰੀ ਮੋਦੀ, ਵੰਦੇ ਭਾਰਤ ਰੇਲ ਗੱਡੀ ਨੂੰ ਦਿਖਾਉਣਗੇ ਹਰੀ ਝੰਡੀ

ਕੌਮੀ ਪਤ੍ਰਿਕਾ
**ਤੇਜਿੰਦਰ ਕੌਰ ਬੱਬਰ**

ਨੈਸ਼ਨਲ ਡੈਸਕ 2 ਜੂਨ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਜਲਦੀ ਹੀ ਜੰਮੂ ਦੇ ਕਟੜਾ ਤੋਂ ਕਸ਼ਮੀਰ ਘਾਟੀ ਦੇ ਬਾਰਾਮੂਲਾ ਤੱਕ ਚੱਲਣ ਵਾਲੀ ਵੰਦੇ ਭਾਰਤ ਰੇਲਗੱਡੀ ਨੂੰ ਹਰੀ ਝੰਡੀ ਦਿਖਾ ਸਕਦੇ ਹਨ। ਰੇਲਵੇ ਸੂਤਰਾਂ ਅਨੁਸਾਰ, ਪ੍ਰਧਾਨ ਮੰਤਰੀ ਮੋਦੀ 6 ਜੂਨ ਨੂੰ ਕਸ਼ਮੀਰ ਘਾਟੀ ਤੱਕ ਚੱਲਣ ਵਾਲੀ ਵੰਦੇ ਭਾਰਤ ਰੇਲ ਗੱਡੀ ਸੇਵਾਵਾਂ ਸ਼ੁਰੂ ਕਰ ਸਕਦੇ ਹਨ। ਇਸ ਲਈ ਸਾਰੀਆਂ ਤਿਆਰੀਆਂ ਨੂੰ ਅੰਤਿਮ ਰੂਪ ਦੇ ਦਿੱਤਾ ਗਿਆ ਹੈ। ਪਹਿਲਾਂ ਇਹ ਰੇਲ ਸੇਵਾ 19 ਅਪ੍ਰੈਲ ਨੂੰ ਸ਼ੁਰੂ ਹੋਣੀ ਸੀ ਪਰ ਫਿਰ ਖਰਾਬ ਮੌਸਮ ਕਾਰਨ ਪ੍ਰਧਾਨ ਮੰਤਰੀ ਦਾ ਪ੍ਰੋਗਰਾਮ ਰੱਦ ਕਰ ਦਿੱਤਾ ਗਿਆ। ਇਸ ਤੋਂ ਕੁਝ ਦਿਨਾਂ ਬਾਅਦ ਪਹਿਲਗਾਮ 'ਚ ਅੱਤਵਾਦੀ ਹਮਲਾ ਹੋਇਆ। ਪਾਕਿਸਤਾਨ ਨਾਲ ਤਣਾਅ ਅਤੇ ਸੁਰੱਖਿਆ ਨੂੰ ਦੇਖਦੇ ਹੋਏ ਵੰਦੇ ਭਾਰਤ ਰੇਲਗੱਡੀ ਦੇ ਸੰਚਾਲਨ 'ਚ ਦੇਰੀ ਹੋ ਗਈ। ਵੰਦੇ ਭਾਰਤ ਰੇਲਗੱਡੀ ਸੇਵਾ ਅਮਰਨਾਥ ਯਾਤਰਾ ਦੇ ਸ਼ਰਧਾਲੂਆਂ ਲਈ



ਲਾਭਦਾਇਕ ਹੋਵੇਗੀ। ਆਮ ਤੌਰ 'ਤੇ ਜੰਮੂ-ਸ਼੍ਰੀਨਗਰ ਹਾਈਵੇਅ 'ਤੇ ਨਾਕਾਬੰਦੀ ਕਾਰਨ ਸ਼ਰਧਾਲੂਆਂ ਦੇ ਰਸਤੇ 'ਚ ਅਕਸਰ ਰੁਕਾਵਟ ਆਉਂਦੀ ਹੈ। ਇਸ ਸਾਲ ਦੀ ਅਮਰਨਾਥ ਯਾਤਰਾ 3 ਜੁਲਾਈ ਨੂੰ ਸ਼ੁਰੂ ਹੋਵੇਗੀ ਅਤੇ 38 ਦਿਨਾਂ ਬਾਅਦ 9 ਅਗਸਤ ਨੂੰ ਸਮਾਪਤ ਹੋਵੇਗੀ। ਪ੍ਰਧਾਨ ਮੰਤਰੀ ਕਟੜਾ ਤੋਂ ਬਾਰਾਮੂਲਾ ਅਤੇ ਬਾਰਾਮੂਲਾ ਤੋਂ ਕਟੜਾ ਜਾਣ ਵਾਲੀ ਰੇਲਗੱਡੀ ਨੂੰ ਵਰਚੁਅਲੀ ਹਰੀ ਝੰਡੀ ਦਿਖਾਉਣਗੇ। ਇਸ ਤੋਂ ਇਲਾਵਾ, ਅਧਿਕਾਰੀਆਂ ਨੇ ਕਿਹਾ ਹੈ ਕਿ ਜੇਕਰ ਲੋੜ ਪਈ ਤਾਂ ਸ਼ਰਧਾਲੂਆਂ ਦੀ ਭੀੜ ਨੂੰ ਘਟਾਉਣ ਲਈ ਵਿਸ਼ੇਸ਼ ਰੇਲਗੱਡੀਆਂ ਚਲਾਈਆਂ ਜਾ ਸਕਦੀਆਂ ਹਨ। ਪ੍ਰਧਾਨ ਮੰਤਰੀ ਮੋਦੀ ਕਟੜਾ ਸਟੇਡੀਅਮ ਵਿਖੇ ਇਕ ਰੈਲੀ ਨੂੰ ਸੰਬੋਧਨ ਕਰਨਗੇ ਅਤੇ ਕਟੜਾ ਤੋਂ ਰੇਲ ਸੇਵਾਵਾਂ ਨੂੰ ਹਰੀ ਝੰਡੀ ਦਿਖਾਉਣ ਤੋਂ ਪਹਿਲਾਂ ਚਿਨਾਬ ਨਦੀ 'ਤੇ ਦੁਨੀਆ ਦੇ ਸਭ ਤੋਂ ਉੱਚੇ ਰੇਲਵੇ ਪੁਲ ਦੇ ਨਾਲ-ਨਾਲ ਰਿਆਸੀ ਜ਼ਿਲ੍ਹੇ 'ਚ ਰੇਲਵੇ ਟਰੈਕ 'ਤੇ ਪਹਿਲੇ ਕੇਬਲ-ਸਟੇਡ ਪੁਲ ਦਾ ਵੀ

## 'ਹੁਣ ਮੈਂ ਕਟੋਰਾ ਲੈ ਕੇ ਭੀਖ ਮੰਗਣ ਨਹੀਂ ਜਾਵਾਂਗਾ': ਪਾਕਿ ਪ੍ਰਧਾਨ ਮੰਤਰੀ

ਕੌਮੀ ਪਤ੍ਰਿਕਾ
**ਨਵਦੀਪ ਸਿੰਘ ਸਾਹਨੀ**

ਇਸਲਾਮਾਬਾਦ 2 ਜੂਨ। ਪਾਕਿਸਤਾਨ ਦੇ ਪ੍ਰਧਾਨ ਮੰਤਰੀ ਸ਼ਾਹਬਾਜ਼ ਸ਼ਰੀਫ ਨੇ ਹਾਲ ਹੀ ਵਿਚ ਇਕ ਵੱਡਾ ਬਿਆਨ ਦਿੱਤਾ ਹੈ। ਸ਼ਾਹਬਾਜ਼ ਸ਼ਰੀਫ਼ ਬਲੋਚਿਸਤਾਨ ਦੇ ਕਵੇਟਾ ਵਿੱਚ ਕਮਾਂਡ ਐਂਡ ਸਟਾਫ ਕਾਲਜ ਵਿੱਚ ਫੌਜੀ ਅਧਿਕਾਰੀਆਂ ਨੂੰ ਸੰਬੋਧਨ ਕਰ ਰਹੇ ਸਨ। ਉਨ੍ਹਾਂ ਨੇ ਕਿਹਾ, ÷ਹੁਣ ਮੈਂ ਕਟੋਰਾ ਲੈ ਕੇ ਭੀਖ ਮੰਗਣ ਨਹੀਂ ਜਾਵਾਂਗਾ, ਕਿਉਂਕਿ ਜੋ ਮੈਨੂੰ ਦਾਨ ਦਿੰਦੇ ਸਨ, ਉਹ ਹੁਣ ਮੈਨੂੰ ਖੁਦ ਕਮਾਉਣ ਲਈ ਕਹਿੰਦੇ ਹਨ।" ਸ਼ਾਹਬਾਜ਼ ਸ਼ਰੀਫ਼ ਨੇ ਇਹ ਬਿਆਨ ਪਾਕਿਸਤਾਨ ਦੀ ਆਰਥਿਕ ਹਾਲਤ ਅਤੇ ਵਿਦੇਸ਼ੀ ਮਦਦ 'ਤੇ ਨਿਰਭਰਤਾ ਨੂੰ ਲੈ ਕੇ ਦਿੱਤਾ। ਉਹ ਚੀਨ, ਸਾਊਦੀ ਅਰਬ, ਕਤਰ, ਤੁਰਕੀ ਅਤੇ ਯੂ.ਏ.ਈ ਵਰਗੇ ਪਾਕਿਸਤਾਨ ਦੇ ਰਵਾਇਤੀ ਦੋਸਤ ਦੇਸ਼ਾਂ ਦੀ ਗੱਲ ਕਰ ਰਹੇ ਸਨ, ਜਿਨ੍ਹਾਂ ਤੋਂ ਪਾਕਿਸਤਾਨ ਨੇ ਪਿਛਲੇ ਕੁਝ ਸਾਲਾਂ ਵਿੱਚ ਵੱਡੀ ਮਾਲੀ ਮਦਦ ਲਈ ਭੀਖ ਮੰਗੀ। ਹੁਣ ਇਹ ਦੇਸ਼ ਵੀ ਪਾਕਿਸਤਾਨ ਨੂੰ ਸਿੱਧਾ ਪੈਸਾ ਦੇਣ ਦੀ ਬਜਾਏ ਕਾਰੋਬਾਰ, ਨਿਵੇਸ਼, ਖੋਜ, ਵਿਕਾਸ, ਸਿੱਖਿਆ ਅਤੇ ਸਿਹਤ ਦੇ ਖੇਤਰਾਂ ਵਿੱਚ ਸਹਿਯੋਗ ਦੀ ਉਮੀਦ ਕਰ ਰਹੇ ਹਨ। ਉਨ੍ਹਾਂ ਨੇ ਕਿਹਾ ਕਿ ਪਾਕਿਸਤਾਨ ਦੇ ਸਾਰੇ ਦੋਸਤ ਦੇਸ਼ ਹੁਣ



ਚਾਹੁੰਦੇ ਹਨ ਕਿ ਪਾਕਿਸਤਾਨ ਉਨ੍ਹਾਂ ਨਾਲ ਕਾਰੋਬਾਰ ਕਰੇ, ਮਦਦ ਨਾ ਮੰਗੇ। ਸ਼ਰੀਫ ਨੇ ਕਿਹਾ,÷ਮੈਂ, ਫੀਲਡ ਮਾਰਸ਼ਲ ਅਸੀਮ ਮੁਨੀਰ ਨਾਲ ਹੁਣ ਆਪਣੇ ਮੋਢਿਆਂ 'ਤੇ ਨਿਰਭਰਤਾ ਦਾ ਭਾਰ ਨਹੀਂ ਚੁੱਕਣਾ ਚਾਹੁੰਦਾ।÷ ਉਨ੍ਹਾਂ ਨੇ ਆਰਥਿਕ ਚੁਣੌਤੀਆਂ ਅਤੇ ਅੱਤਵਾਦ ਦੇ ਖ਼ਤਰੇ ਦੀ ਵੀ ਗੱਲ ਕੀਤੀ। ਸ਼ਾਹਬਾਜ਼ ਨੇ ਇਹ ਵੀ ਕਿਹਾ ਕਿ ਪਾਕਿਸਤਾਨ ਨੂੰ ਵਿਦੇਸ਼ੀ ਮਦਦ 'ਤੇ ਨਿਰਭਰ ਰਹਿਣ ਦੀ ਬਜਾਏ ਹੁਣ ਆਪਣੇ ਪੈਰਾਂ 'ਤੇ ਖੜ੍ਹਾ ਹੋਣਾ ਪਵੇਗਾ। ਸ਼ਾਹਬਾਜ਼ ਸ਼ਰੀਫ਼ ਦਾ ਇਹ ਬਿਆਨ ਪਾਕਿਸਤਾਨ ਦੀ ਆਰਥਿਕ ਹਕੀਕਤ, ਵਿਦੇਸ਼ੀ ਮਦਦ 'ਤੇ ਨਿਰਭਰਤਾ ਅਤੇ ਆਉਣ ਵਾਲੀਆਂ ਚੁਣੌਤੀਆਂ ਨੂੰ ਦਰਸਾਉਂਦਾ ਹੈ। ਦੋਸਤ ਦੇਸ਼ ਚਾਹੁੰਦੇ ਹਨ ਕਿ ਪਾਕਿਸਤਾਨ ਹੁਣ ਮਦਦ ਦੀ ਉਡੀਕ ਕਰਨ ਦੀ ਬਜਾਏ ਖੁਦਮੁਖਤਿਆਰ ਹੋ ਕੇ ਵਿਕਾਸ ਅਤੇ ਕਾਰੋਬਾਰ ਵੱਲ ਧਿਆਨ ਦੇਵੇ। ਸ਼ਾਹਬਾਜ਼ ਸ਼ਰੀਫ ਦਾ ਇਹ ਬਿਆਨ ਭਾਰਤ ਨਾਲ ਹਾਲ ਹੀ ਵਿੱਚ ਹੋਈ ਫੌਜੀ ਝੜਪ ਤੋਂ ਬਾਅਦ ਸੈਨਿਕਾਂ ਨੂੰ ਉਤਸ਼ਾਹਿਤ ਕਰਦੇ ਹੋਏ ਆਇਆ ਹੈ। ਪਾਕਿਸਤਾਨ ਨੂੰ ਹਾਲ ਹੀ ਵਿੱਚ ਦੇਸ਼ ਨੂੰ ਚਲਾਉਣ ਲਈ ਅੰਤਰਰਾਸ਼ਟਰੀ ਮੁਦਰਾ ਫੰਡ ਤੋਂ ਵਿੱਤੀ ਮਦਦ ਵੀ ਮਿਲੀ ਹੈ।

## ਕੋਵਿਡ ਦੇ ਫੈਲਣ ਦੀ ਰਫਤਾਰ ਹੋਰ ਵਧੀ, ਸਰਗਰਮ ਮਾਮਲਿਆਂ ਦੀ ਗਿਣਤੀ ਪੁੱਜੀ 3758 ਤੱਕ

ਨਵੀਂ ਦਿੱਲੀ 2 ਜੂਨ। ਦੇਸ਼ 'ਚ ਕੋਵਿਡ-19 ਇਨਫੈਕਸ਼ਨ ਦੇ ਮਾਮਲੇ ਤੇਜ਼ੀ ਨਾਲ ਵੱਧ ਰਹੇ ਹਨ। ਸਿਹਤ ਤੇ ਪਰਿਵਾਰ ਭਲਾਈ ਮੰਤਰਾਲਾ ਦੇ ਐਤਵਾਰ ਰਾਤ 8 ਵਜੇ ਤੱਕ ਦੇ ਅੰਕੜਿਆਂ ਅਨੁਸਾਰ ਦੇਸ਼ 'ਚ ਸਰਗਰਮ ਮਾਮਲਿਆਂ ਦੀ ਕੁੱਲ ਗਿਣਤੀ 3758 ਤੱਕ ਪਹੁੰਚ ਗਈ ਹੈ।



ਪਿਛਲੇ 24 ਘੰਟਿਆਂ ਦੌਰਾਨ ਕੋਰੋਨਾ ਦੇ 2 ਮਰੀਜ਼ਾਂ ਦੀ ਮੌਤ ਹੋ ਗਈ। ਇਨ੍ਹਾਂ 'ਚ ਕੇਰਲ ਦੀ ਇਕ 24 ਸਾਲਾ ਕੁੜੀ ਤੇ ਕਰਨਾਟਕ ਦਾ ਅਕ 63 ਸਾਲਾ ਵਿਅਕਤੀ ਸ਼ਾਮਲ ਹਨ। ਸੂਬਾ ਵਾਰ ਅੰਕੜਿਆਂ ਅਨੁਸਾਰ ਕੇਰਲ 'ਚ ਪੀੜਤਾਂ ਦੀ ਗਿਣਤੀ ਸਭ ਤੋਂ ਵੱਧ 1400 ਤੱਕ ਪਹੁੰਚ ਗਈ ਹੈ। ਐਤਵਾਰ ਇੱਥੇ 64 ਨਵੇਂ ਮਾਮਲੇ ਸਾਹਮਣੇ ਆਏ। ਦਿੱਲੀ 'ਚ ਇਹ ਗਿਣਤੀ 61 ਸੀ। ਇੱਥੇ ਕੁੱਲ ਗਿਣਤੀ 436 ਹੋ ਗਈ ਹੈ। ਪੱਛਮੀ ਬੰਗਾਲ 'ਚ 82 ਨਵੇਂ ਮਾਮਲੇ ਸਾਹਮਣੇ ਆਏ । ਇੱਥੇ ਕੁੱਲ ਗਿਣਤੀ 282 ਹੋ ਗਈ। ਗੁਜਰਾਤ 'ਚ 55 ਨਵੇਂ ਮਾਮਲੇ ਸਾਹਮਣੇ ਆਏ। ਐਤਵਾਰ ਗਾਜ਼ੀਆਬਾਦ 'ਚ ਕੋਰੋਨਾ ਦੇ 2 ਨਵੇਂ ਮਰੀਜ਼ਾਂ ਦੀ ਪੁਸ਼ਟੀ ਹੋਈ। ਇਨ੍ਹਾਂ 'ਚ 8 ਸਾਲ ਦਾ ਇਕ ਬੱਚਾ ਵੀ ਸ਼ਾਮਲ ਹੈ। ਜ਼ਿਲਾ ਨਿਗਰਾਨ ਅਧਿਕਾਰੀ ਡਾ. ਆਰ. ਕੇ. ਗੁਪਤਾ ਨੇ ਦੱਸਿਆ ਕਿ ਵਸੁੰਧਰਾ 'ਚ ਰਹਿਣ ਵਾਲਾ ਇਕ 80 ਸਾਲਾ ਵਿਅਕਤੀ ਪਿਛਲੇ ਕਈ ਦਿਨਾਂ ਤੋਂ ਬੁਖਾਰ ਤੇ ਜ਼ੁਕਾਮ ਤੋਂ ਪੀੜਤ ਸੀ। ਇਕ ਨਿੱਜੀ ਡਾਕਟਰ ਦੀ ਸਲਾਹ 'ਤੇ ਉਸ ਦਾ ਕੋਵਿਡ ਟੈਸਟ ਕਰਵਾਇਆ ਗਿਆ ਜਿਸ ਦੀ ਰਿਪੋਰਟ ਪਾਜ਼ੇਟਿਵ ਆਈ। ਇਸ ਤੋਂ ਇਲਾਵਾ ਰਾਜਾਪੁਰ ਦੇ ਇਕ 8 ਸਾਲ ਦੇ ਬੱਚੇ 'ਚ ਕੋਰੋਨਾ ਦੀ ਪੁਸ਼ਟੀ ਹੋਈ ਹੈ।

## ਮੁੱਖ ਮੰਤਰੀ ਸੁੱਖੂ ਨੇ 'ਵਨ ਮਿੱਤਰ' ਰਾਹੀਂ ਲੋਕਾਂ ਨੂੰ ਜੰਗਲਾਂ ਦੀ ਸੰਭਾਲ ਵਿੱਚ ਭਾਗੀਦਾਰੀ ਲਈ ਉਤਸ਼ਾਹਿਤ ਕੀਤਾ

**ਏਜੰਸੀਆਂ**

ਨੈਸ਼ਨਲ ਡੈਸਕ 2 ਜੂਨ। ਮੁੱਖ ਮੰਤਰੀ ਠਾਕੁਰ ਸੁਖਵਿੰਦਰ ਸਿੰਘ ਸੁੱਖੂ ਨੇ ਅੱਜ ਹਮੀਰਪੁਰ ਤੋਂ 'ਰਾਜੀਵ ਗਾਂਧੀ ਵਣ ਸੰਵਰਧਨ ਯੋਜਨਾ' ਦੀ ਸ਼ੁਰੂਆਤ ਕੀਤੀ। ਇਸਨੂੰ ਵਾਤਾਵਰਣ ਸੰਭਾਲ ਅਤੇ ਜੰਗਲ ਪ੍ਰਬੰਧਨ ਵਿੱਚ ਭਾਈਚਾਰਕ ਭਾਗੀਦਾਰੀ ਵੱਲ ਇੱਕ ਮਹੱਤਵਪੂਰਨ ਕਦਮ ਦੱਸਦਿਆਂ, ਉਨ੍ਹਾਂ ਕਿਹਾ ਕਿ ਇਸ ਯੋਜਨਾ ਦਾ ਉਦੇਸ਼ ਨਾ ਸਿਰਫ਼ ਬੰਜਰ ਅਤੇ ਘਟੀਆ ਜੰਗਲੀ ਖੇਤਰਾਂ 'ਤੇ ਫਲਦਾਰ ਰੁੱਖ ਲਗਾ ਕੇ ਹਰੇ ਭਰੇ ਕਵਰ ਨੂੰ ਵਧਾਉਣਾ ਹੈ, ਸਗੋਂ ਸਵੈ-ਸਹਾਇਤਾ ਸਮੂਹਾਂ ਤੋਂ ਇਲਾਵਾ ਮਹਿਲਾ ਅਤੇ ਯੁਵਕ ਮੰਡਲਾਂ ਦੀ ਭਾਗੀਦਾਰੀ ਨੂੰ ਯਕੀਨੀ ਬਣਾ ਕੇ ਸਥਾਨਕ ਭਾਈਚਾਰਿਆਂ ਲਈ ਰੁਜ਼ਗਾਰ ਅਤੇ ਆਮਦਨ ਵੀ ਪੈਦਾ ਕਰੇਗਾ। ਮੁੱਖ ਮੰਤਰੀ ਨੇ ਇਸ ਸਬੰਧ ਵਿੱਚ ਨਾਦੌਣ ਦੇ ਦੋ ਮਹਿਲਾ ਮੰਡਲਾਂ, ਅਮਲੇਹਦ ਅਤੇ ਭਾਵਦਾਨ, ਨੂੰ ਸਰਟੀਫਿਕੇਟ ਸੌਂਪੇ, ਜੋ ਦੋ ਹੈਕਟੇਅਰ ਜੰਗਲਾਤ ਜ਼ਮੀਨ 'ਤੇ ਪੌਦੇ ਲਗਾਉਣ ਦੀਆਂ ਗਤੀਵਿਧੀਆਂ ਕਰਨਗੇ ਅਤੇ ਪੰਜ ਸਾਲਾਂ ਦੀ ਮਿਆਦ ਲਈ ਇਸਦੀ ਦੇਖਭਾਲ ਨੂੰ ਯਕੀਨੀ ਬਣਾਉਣਗੇ। ਮੁੱਖ ਮੰਤਰੀ ਨੇ 'ਗ੍ਰੀਨ ਅਡਾਪਸ਼ਨ ਸਕੀਮ' ਵੀ ਸ਼ੁਰੂ ਕੀਤੀ। ਸ਼ੁਰੂਆਤੀ ਪੜਾਅ ਵਿੱਚ, ਅੰਬੂਜਾ ਕੰਪਨੀ 25 ਹੈਕਟੇਅਰ 'ਤੇ ਪੌਦੇ ਲਗਾਉਣ ਦਾ ਕੰਮ ਕਰੇਗੀ, ਜਦੋਂ ਕਿ ਅਡਾਨੀ ਫਾਊਂਡੇਸ਼ਨ ਅਤੇ ਅਲਟਰਾਟੈਕ 10-10 ਹੈਕਟੇਅਰ ਜ਼ਮੀਨ ਨੂੰ ਅਪਣਾਉਣਗੇ। ਉਨ੍ਹਾਂ ਨੇ ਇਨ੍ਹਾਂ ਸੰਗਠਨਾਂ ਨੂੰ ਅਧਿਕਾਰਤ ਮਾਨਤਾ ਦੇ ਚਿੰਨ੍ਹ ਵਜੋਂ ਸਰਟੀਫਿਕੇਟ ਸੌਂਪੇ। ਇਹ ਯੋਜਨਾ ਨਿੱਜੀ ਉੱਦਮਾਂ, ਕਾਰਪੋਰੇਟ ਘਰਾਣਿਆਂ ਅਤੇ ਗੈਰ-ਸਰਕਾਰੀ ਸੰਗਠਨਾਂ ਨੂੰ ਬੰਜਰ ਜੰਗਲਾਤ ਜ਼ਮੀਨ ਨੂੰ ਅਪਣਾਉਣ ਅਤੇ ਜੰਗਲਾਤ ਦਾ ਕੰਮ ਕਰਨ ਲਈ ਆਪਣੀ ਸਮਾਜਿਕ ਜ਼ਿੰਮੇਵਾਰੀ ਦੇ ਹਿੱਸੇ ਵਜੋਂ ਉਤਸ਼ਾਹਿਤ ਕਰਨ ਦੀ ਕਲਪਨਾ ਕਰਦੀ ਹੈ। ਮੁੱਖ ਮੰਤਰੀ ਨੇ ਕਿਹਾ ਕਿ ਇਹ ਪਹਿਲ ਨਾ ਸਿਰਫ਼ ਵਾਤਾਵਰਣ ਸੁਰੱਖਿਆ ਵਿੱਚ ਯੋਗਦਾਨ ਪਾਉਂਦੀ ਹੈ ਬਲਕਿ ਕੰਪਨੀਆਂ ਨੂੰ ਆਪਣੀ ਕਾਰਪੋਰੇਟ ਸਮਾਜਿਕ ਜ਼ਿੰਮੇਵਾਰੀ ਨੂੰ ਪੂਰਾ ਕਰਨ ਦਾ ਮੌਕਾ ਵੀ ਪ੍ਰਦਾਨ ਕਰਦੀ ਹੈ। ਇਸ ਸਮਾਗਮ ਦੌਰਾਨ, ਮੁੱਖ ਮੰਤਰੀ ਨੇ ਨਵ-ਨਿਯੁਕਤ ਵੈਨ ਮਿੱਤਰਾਂ ਦੀ ਪਾਸਿੰਗ-ਆਊਟ ਪਰੇਡ ਦਾ ਨਿਰੀਖਣ ਕੀਤਾ ਅਤੇ ਉਨ੍ਹਾਂ ਨਾਲ ਗੱਲਬਾਤ ਕੀਤੀ। ਉਨ੍ਹਾਂ ਕਿਹਾ



ਕਿ ਜੰਗਲਾਤ ਵਿਭਾਗ ਨੂੰ ਫੀਲਡ ਸਟਾਫ ਦੀ ਘਾਟ ਦਾ ਸਾਹਮਣਾ ਕਰਨਾ ਪੈ ਰਿਹਾ ਸੀ, ਜਿਸ ਕਾਰਨ ਜੰਗਲਾਤ ਸੁਰੱਖਿਆ ਲਈ ਚੁਣੌਤੀਆਂ ਖੜ੍ਹੀਆਂ ਹੋ ਰਹੀਆਂ ਸਨ। ਇਸ ਨੂੰ ਹੱਲ ਕਰਨ ਲਈ, ਵੈਨ ਮਿੱਤਰਾਂ ਦੀਆਂ ਨਿਯੁਕਤੀਆਂ ਯੋਗਤਾ ਦੇ ਆਧਾਰ 'ਤੇ ਕੀਤੀਆਂ ਗਈਆਂ ਹਨ, ਜਿਸ ਵਿੱਚ ਬਹੁਤ ਸਾਰੀਆਂ ਨੌਜਵਾਨ ਔਰਤਾਂ ਇਨ੍ਹਾਂ ਭੂਮਿਕਾਵਾਂ ਨੂੰ ਸੁਰੱਖਿਅਤ ਕਰਨ ਵਿੱਚ ਅਗਵਾਈ ਕਰ ਰਹੀਆਂ ਹਨ। ਉਨ੍ਹਾਂ ਉਨ੍ਹਾਂ ਨੂੰ ਭਰੋਸਾ ਦਿਵਾਇਆ ਕਿ ਸਰਕਾਰ ਭਵਿੱਖ ਦੀਆਂ ਨੀਤੀਆਂ ਬਣਾਉਣ ਲਈ ਵਚਨਬੱਧ ਹੈ ਜੋ ਉਨ੍ਹਾਂ ਦੇ ਕਰੀਅਰ ਦੀ ਰੱਖਿਆ ਕਰਦੀਆਂ ਹਨ ਅਤੇ ਉਨ੍ਹਾਂ ਨੂੰ ਜੰਗਲਾਂ ਦੇ ਸੱਚੇ ਰਖਵਾਲੇ ਵਜੋਂ ਮਾਨਤਾ ਦਿੰਦੀਆਂ ਹਨ। ਉਨ੍ਹਾਂ ਕਿਹਾ ਕਿ ਸੂਬਾ ਸਰਕਾਰ ਮਹਿਲਾ ਸਸ਼ਕਤੀਕਰਨ 'ਤੇ ਧਿਆਨ ਕੇਂਦਰਿਤ ਕਰ ਰਹੀ ਹੈ ਅਤੇ ਪੁਲਿਸ ਭਰਤੀ ਵਿੱਚ ਔਰਤਾਂ ਲਈ ਰਾਖਵਾਂਕਰਨ 30 ਪ੍ਰਤੀਸ਼ਤ ਤੱਕ ਵਧਾ ਦਿੱਤਾ ਗਿਆ ਹੈ ਅਤੇ ਲਾਹੌਲ-ਸਪੀਤੀ ਵਿੱਚ, ਡਿਪਟੀ ਕਮਿਸ਼ਨਰ ਸਮੇਤ ਸਾਰੇ ਮੁੱਖ ਪ੍ਰਸ਼ਾਸਨਿਕ ਅਧਿਕਾਰੀ ਫੈਸਲਾ ਲੈਣ ਦੇ ਅਧਿਕਾਰ ਵਾਲੀਆਂ ਔਰਤਾਂ ਸਨ।

# ਮੈਟਰੀਮੋਨੀਅਲ ਸਾਈਟ 'ਤੇ ਜੀਵਨ ਸਾਥੀ ਲੱਭਣ ਵਾਲੇ ਸਾਵਧਾਨ ! ਕਿਤੇ ਤੁਸੀਂ ਵੀ ਨਾ ਬਣ ਜਾਇਓ ਸ਼ਿਕਾਰ

ਖਰੜ 2 ਜੂਨ। ਵਿਆਹ ਦਾ ਝਾਂਸਾ ਦੇ ਕੇ ਕਾਰੋਬਾਰ 'ਚ ਮਦਦ ਕਰਨ ਦੇ ਨਾਂ 'ਤੇ ਔਰਤ ਨਾਲ 71.50 ਲੱਖ ਰੁਪਏ ਤੋਂ ਵੱਧ ਦੀ ਠੱਗੀ ਮਾਰਨ ਦਾ ਮਾਮਲਾ ਸਾਹਮਣੇ ਆਇਆ ਹੈ। ਸਿਟੀ ਪੁਲਸ ਨੇ ਸ਼ਿਕਾਇਤ 'ਤੇ ਅਣਪਛਾਤੇ ਮੁਲਜਮ ਖ਼ਿਲਾਫ਼ ਵੱਖ-ਵੱਖ ਧਾਰਾਵਾਂ ਤਹਿਤ ਮਾਮਲਾ ਦਰਜ ਕਰ ਕੇ ਉਸ ਦੀ ਭਾਲ ਸ਼ੁਰੂ ਕਰ ਦਿੱਤੀ ਹੈ। ਧੋਖਾਧੜੀ ਦਾ ਸ਼ਿਕਾਰ ਹੋਈ ਔਰਤ ਨੇ ਦੱਸਿਆ ਕਿ ਮੈਟਰੀਮੋਨੀਅਲ ਸਾਈਟ 'ਤੇ ਉਸ ਦੀ ਪ੍ਰੋਫਾਈਲ ਬਣੀ ਹੋਈ ਹੈ। ਉਸ ਰਾਹੀਂ ਪਿਛਲੇ ਸਾਲ ਨਵੰਬਰ ਤੋਂ ਉਸ ਨੇ ਅਮਿਤ ਐੱਸ ਕੁਮਾਰ ਨਾਂ ਦੇ ਵਿਅਕਤੀ ਨਾਲ ਗੱਲ ਕਰਨੀ ਸ਼ੁਰੂ ਕਰ ਦਿੱਤੀ ਸੀ। ਕੁੱਝ ਸਮੇਂ ਬਾਅਦ ਸਬੰਧਿਤ ਵਿਅਕਤੀ ਅੰਤਰਰਾਸ਼ਟਰੀ ਨੰਬਰ ਤੋਂ ਫੋਨ ਕਰਨ ਲੱਗ ਪਿਆ। ਜਾਣ-ਪਛਾਣ ਕਾਰਨ ਕਰੀਬ 6 ਮਹੀਨਿਆਂ 'ਚ ਇਕ-ਦੂਜੇ ਦੇ ਬਹੁਤ ਨੇੜੇ ਆ ਗਏ। ਜਦੋਂ ਉਸ ਨੂੰ ਵਿਆਹ ਦਾ ਪ੍ਰਸਤਾਵ ਦਿੱਤਾ ਤਾਂ ਉਹ ਮੰਨ ਗਿਆ। ਇਸ ਦੌਰਾਨ ਮੁਲਜ਼ਮ ਨੇ ਦੱਸਿਆ ਕਿ ਉਸ ਦਾ ਤੁਰਕੀ 'ਚ ਕਾਰੋਬਾਰ ਹੈ। ਇਸ ਲਈ ਸਮਾਨ ਦੀ ਲੋੜ ਹੈ। ਉਸ ਦੀ ਈਮੇਲ ਆਈ. ਡੀ. ਅਚਾਨਕ ਬੰਦ ਹੋ ਗਈ ਹੈ, ਜਿਸ ਕਾਰਨ ਉਹ ਬੈਂਕ ਖਾਤਾ ਨਹੀਂ ਚਲਾ ਪਾ ਰਿਹਾ। ਮੁਲਜ਼ਮ ਨੇ ਸ਼ਿਕਾਇਤਕਰਤਾ ਨੂੰ ਆਪਣੀ ਈਮੇਲ ਆਈ. ਡੀ. ਤੋਂ ਇਲਾਵਾ ਬੈਂਕ ਖਾਤੇ ਨਾਲ ਸਬੰਧਿਤ ਪਾਸਵਰਡ ਵੀ ਦੇ ਦਿੱਤਾ। ਉਸ ਨੇ ਔਰਤ ਰਾਹੀਂ ਆਪਣੇ ਖਾਤੇ ਆਪਰੇਟ ਕਰਵਾਉਣੇ ਸ਼ੁਰੂ ਕਰ ਦਿੱਤੇ। ਉਸ ਨੇ ਕਈ ਲੋਕਾਂ ਨਾਲ ਪੈਸਿਆਂ ਦਾ ਲੈਣ-ਦੇਣ ਕੀਤਾ, ਦੋ ਵਾਰ ਪੈਸੇ ਟਰਾਂਸਫਰ ਕਰਨ ਤੋਂ ਬਾਅਦ ਜਦੋਂ ਤੀਜੀ ਵਾਰ ਲੈਣ ਦੇਣ ਕੀਤਾ ਤਾਂ ਖਾਤਾ ਬਲਾਕ ਹੋ ਗਿਆ। ਇਸ ਤੋਂ ਬਾਅਦ ਅਮਿਤ ਨੇ ਪੀੜਤਾ ਨੂੰ ਬੈਂਕ 'ਚ ਸ਼ਿਕਾਇਤ ਦਰਜ ਕਰਵਾਉਣ ਲਈ ਕਿਹਾ। ਜਦੋਂ ਸ਼ਿਕਾਇਤਕਰਤਾ ਨੇ ਈਮੇਲ ਕੀਤੀ ਤਾਂ ਬੈਂਕ ਨੇ ਕਿਹਾ ਕਿ ਖਾਤਾ ਧਾਰਕ ਨੂੰ ਖੁਦ ਬੈਂਕ 'ਚ ਆਉਣਾ ਪਵੇਗਾ ਤਾਂ ਹੀ ਸਮੱਸਿਆ ਦਾ ਹੱਲ ਹੋ ਸਕਦਾ ਹੈ। ਇਸ ਕਾਰਨ ਮੁਲਜ਼ਮ ਦਾ ਖਾਤਾ ਬਲਾਕ ਹੋ ਗਿਆ। ਉਸ ਨੇ ਕਾਰੋਬਾਰ ਜਾਰੀ ਰੱਖਣ ਦਾ ਹਵਾਲਾ ਦੇ ਕੇ ਸ਼ਿਕਾਇਤਕਰਤਾ ਤੋਂ ਪੈਸਿਆਂ ਦੀ ਮੰਗ ਕੀਤੀ। ਸਭ ਤੋਂ ਪਹਿਲਾਂ 18.55 ਲੱਖ, ਕਿਸੇ ਮਾਧਵੀ ਦੇ ਖਾਤੇ 'ਚ ਕਰੀਬ 36 ਲੱਖ, ਮੁਹੰਮਦ ਆਸਿਫ਼ ਦੇ ਖਾਤੇ 'ਚ 2 ਲੱਖ, ਵਿਨੀਤ ਕੁਮਾਰ ਗੁਪਤਾ ਦੇ ਖਾਤੇ 'ਚ 3.30 ਲੱਖ ਤੇ ਹੋਰਾਂ ਦੇ ਖਾਤਿਆਂ 'ਚ 11.45 ਟਰਾਂਸਫਰ ਕਰਵਾਏ ਗਏ। ਇਸ ਤਰ੍ਹਾਂ ਮੁਲਜ਼ਮ ਨੇ ਕਰੀਬ 71.50 ਲੱਖ ਰੁਪਏ ਹੜੱਪ ਲਏ। ਠੱਗੀ ਤੋਂ ਬਾਅਦ ਮੁਲਜਮ ਨੇ ਫੋਨ ਬੰਦ ਕਰ ਦਿੱਤਾ ਤੇ ਔਰਤ ਨਾਲ ਸਾਰੇ ਸਬੰਧ ਖਤਮ ਕਰ ਲਏ। ਇਸ ਤਰ੍ਹਾਂ ਮੁਲਜ਼ਮ ਨੇ ਵਿਆਹ ਦਾ ਝਾਂਸਾ ਦੇ ਕੇ ਉਸ ਨਾਲ ਲੱਖਾਂ ਰੁਪਏ ਦੀ ਠੱਗੀ ਮਾਰ ਲਈ, ਜਿਸ ਦੀ ਸ਼ਿਕਾਇਤ ਪੁਲਸ ਨੂੰ ਦਿੱਤੀ ਗਈ ਤਾਂ ਸਟੇਟ ਸਾਈਬਰ ਸੈੱਲ ਦੀ ਸਿਫ਼ਾਰਸ਼ 'ਤੇ ਧਾਰਾ 420, 120ਬੀ ਅਤੇ ਆਈ.ਟੀ.ਐਕਟ ਦੀ ਧਾਰਾ 66 ਤਹਿਤ ਮਾਮਲਾ ਦਰਜ ਕੀਤਾ ਗਿਆ।



## ਨੂੰਹ ਅਤੇ ਉਸ ਦੇ ਸਾਥੀਆਂ ਤੋਂ ਤੰਗ ਸਹੁਰੇ ਨੇ ਤੇਲ ਪਾ ਕੇ ਆਪਣੇ ਆਪ ਨੂੰ ਲਾ ਲਈ ਅੱਗ

ਪਾਤੜਾਂ 2 ਜੂਨ। ਸਥਾਨਕ ਸ਼ਹਿਰ ਦੇ ਰਹਿਣ ਵਾਲੇ ਇਕ ਵਿਅਕਤੀ ਵੱਲੋਂ ਆਪਣੀ ਨੂੰਹ ਅਤੇ ਉਸ ਦੇ ਸਾਥੀਆਂ ਤੋਂ ਤੰਗ ਆ ਕੇ ਆਪਣੇ ਆਪ 'ਤੇ ਪੈਟਰੋਲ ਛਿੜਕ ਕੇ ਅੱਗ ਲਗਾ ਕੇ ਖੁਦਕੁਸ਼ੀ ਕਰਨ ਦੀ ਕੋਸ਼ਿਸ਼ ਕਰਨ ਦਾ ਮਾਮਲਾ ਸਾਹਮਣੇ ਆਇਆ ਹੈ, ਜਿਸ ਦੇ ਬਿਆਨਾਂ ਦੇ ਆਧਾਰ 'ਤੇ ਪੁਲਸ ਨੇ ਉਸ ਦੀ ਨੂੰਹ ਸਮੇਤ 7 ਲੋਕਾਂ ਖ਼ਿਲਾਫ ਮਾਮਲਾ ਦਰਜ ਕੀਤਾ ਹੈ। ਹਸਪਤਾਲ 'ਚ ਇਲਾਜ ਅਧੀਨ ਧਰਮਪਾਲ ਪੁੱਤਰ ਭਗਤ ਰਾਮ ਵਾਸੀ ਅਨੰਦ ਬਸਤੀ ਪਾਤੜਾਂ ਨੇ ਪੁਲਸ ਨੂੰ ਦਿੱਤੇ ਬਿਆਨਾਂ 'ਚ ਦੱਸਿਆ ਕਿ ਮੇਰੀ ਨੂੰਹ ਲੱਬੀ ਨਾਮ ਦੇ ਵਿਅਕਤੀ ਨਾਲ ਗਲਤ ਸੀ, ਜਿਸ ਦੀ ਬੇਸ਼ਰਮੀ ਕਾਰਨ ਹੀ ਮੇਰਾ ਲੜਕਾ ਮਰ ਗਿਆ ਸੀ। 15 ਜੂਨ ਸ਼ਾਮ ਕਰੀਬ 9 ਵਜੇ ਮੇਰੀ ਨੂੰਹ ਅਤੇ ਇਸ ਦੇ ਹੋਰ ਸਾਥ ਦੇਣ ਵਾਲੇ ਮੈਨੂੰ ਤੰਗ ਪ੍ਰੇਸ਼ਾਨ ਕਰਨ ਲੱਗੇ ਅਤੇ ਇਹ ਕਹਿਣ ਲੱਗ ਪਏ ਕਿ ਤੁਸੀਂ ਸਾਡਾ ਕੀ ਕਰ ਲਿਆ। ਇਸ ਤੋਂ ਤੰਗ ਪ੍ਰੇਸ਼ਾਨ ਹੋ ਕੇ ਮੈਂ ਆਪਣੇ ਉਪਰ ਪੈਟਰੋਲ ਪਾ ਕੇ ਆਪਣੇ ਆਪ ਨੂੰ ਅੱਗ ਲਾ ਲਈ ਅਤੇ ਮੌਕੇ 'ਤੇ ਮੇਰੇ ਘਰ ਵਾਲਿਆਂ ਨੇ ਅੱਗ ਬੁਝਾ ਦਿੱਤੀ ਅਤੇ ਇਲਾਜ ਲਈ ਮੈਨੂੰ ਸਿਵਲ ਹਸਪਤਾਲ ਪਾਤੜਾਂ ਵਿਖੇ ਦਾਖਲ ਕਰਵਾਇਆ।

## ਰਮਦਾਸ ਪੁਲਸ ਵਲੋਂ ਵੱਖ-ਵੱਖ ਜਗ੍ਹਾ ਛਾਪੇਮਾਰੀ, 400 ਕਿਲੋ ਲਾਹਣ ਤੇ ਨਾਜਾਇਜ਼ ਸ਼ਰਾਬ ਫੜੀ

ਰਮਦਾਸ 2 ਜੂਨ। ਪੰਜਾਬ ਸਰਕਾਰ ਦੀਆਂ ਹਦਾਇਤਾਂ 'ਤੇ ਚਲਦਿਆਂ ਨਸ਼ਿਆਂ ਨੂੰ ਠੱਲ੍ਹ ਪਾਉਣ ਲਈ ਸ਼ੁਰੂ ਕੀਤੇ ਗਏ ਕੈਸੋ ਆਪ੍ਰੇਸ਼ਨ ਦੌਰਾਨ ਥਾਣਾ ਰਮਦਾਸ ਦੀ ਪੁਲਸ ਵਲੋਂ ਭਾਰੀ ਮਾਤਰਾ ਵਿਚ ਲਾਹਣ ਅਤੇ ਨਾਜਾਇਜ਼ ਸ਼ਰਾਬ ਬਰਾਮਦ ਕੀਤੇ ਜਾਣ ਦਾ ਮਾਮਲਾ ਸਾਹਮਣੇ ਆਇਆ ਹੈ। ਇਸ ਸਬੰਧੀ ਪੱਤਰਕਾਰਾਂ ਨੂੰ ਜਾਣਕਾਰੀ ਦਿੰਦਿਆਂ ਥਾਣਾ ਰਮਦਾਸ ਦੇ ਐੱਸ.ਐੱਚ.ਓ ਮਨਜੀਤ ਸਿੰਘ ਨੇ ਦੱਸਿਆ ਕਿ ਐੱਸ.ਐੱਸ.ਪੀ ਅੰਮ੍ਰਿਤਸਰ ਦਿਹਾਤੀ ਸਤਿੰਦਰ ਸਿੰਘ ਦੇ ਦਿਸ਼ਾ ਨਿਰਦੇਸ਼ 'ਤੇ ਚਲਦਿਆਂ ਡੀ.ਐੱਸ.ਪੀ ਅਜਨਾਲਾ ਦੀ ਅਗਵਾਈ ਹੇਠ ਉਨ੍ਹਾਂ ਨੇ ਪੁਲਸ ਪਾਰਟੀ ਸਮੇਤ ਆਰੰਭ ਕੈਸੋ ਆਪ੍ਰੇਸ਼ਨ ਤਹਿਤ ਗੋਲਡੀ ਮਸੀਹ ਪੁੱਤਰ ਗਿਆਨ ਮਸੀਹ ਵਾਸੀ ਪਿੰਡ ਮਹਿਮਦ ਮੰਦਰਾਂ ਕੋਲੋਂ ਛਾਪੇਮਾਰੀ ਕਰਦਿਆਂ 400 ਕਿਲੋ ਲਾਹਣ ਅਤੇ ਨਾਜਾਇਜ਼ ਸ਼ਰਾਬ ਬਰਾਮਦ ਕੀਤੀ ਹੈ। ਥਾਣਾ ਮੁਖੀ ਨੇ ਦੱਸਿਆ ਕਿ ਇਸਦੇ ਬਾਅਦ ਪੁਲਸ ਮੁਲਾਜ਼ਮਾਂ ਨੇ ਉਕਤ ਵਿਅਕਤੀ ਨੂੰ ਗ੍ਰਿਫਤਾਰ ਕਰਕੇ ਥਾਣਾ ਰਮਦਾਸ ਵਿਖੇ ਲੈ ਆਂਦਾ, ਜਿਥੇ ਇਸ ਖ਼ਿਲਾਫ ਐਕਸਾਈਜ਼ ਐਕਟ ਤਹਿਤ ਮੁਕੱਦਮਾ ਦਰਜ ਕਰ ਦਿੱਤਾ ਗਿਆ ਹੈ। ਐੱਸ.ਐੱਚ.ਓ ਮਨਜੀਤ ਸਿੰਘ ਨੇ ਅੱਗੇ ਦੱਸਿਆ ਕਿ ਇਸੇ ਤਰ੍ਹਾਂ ਉਨ੍ਹਾਂ ਨੇ ਪੁਲਸ ਪਾਰਟੀ ਸਮੇਤ ਗੁਪਤ ਸੂਚਨਾ ਦੇ ਆਧਾਰ 'ਤੇ ਸਰਵਣ ਸਿੰਘ ਉਰਫ ਸ਼ਰਮਾ ਪੁੱਤਰ ਗੁਰਮੀਤ ਸਿੰਘ ਵਾਸੀ ਪਿੰਡ ਦਰਿਆ ਮੂਸਾ ਦੇ ਘਰੋਂ ਛਾਪੇਮਾਰੀ ਦੌਰਾਨ 35 ਬੋਤਲਾਂ ਜੋ ਕਿ 26250 ਮਿ.ਲੀ. ਨਾਜਾਇਜ਼ ਸ਼ਰਾਬ ਬਣਦੀ ਹੈ, ਬਰਾਮਦ ਕਰਕੇ ਇਸ ਵਿਅਕਤੀ ਨੂੰ ਵੀ ਗ੍ਰਿਫਤਾਰ ਕਰ ਲਿਆ ਹੈ ਅਤੇ ਇਸ ਖਿਲਾਫ ਥਾਣਾ ਰਮਦਾਸ ਵਿਖੇ ਇਕ ਵੱਖਰਾ ਮੁਕੱਦਮਾ ਐਕਸਾਈਜ਼ ਐਕਟ ਤਹਿਤ ਦਰਜ ਕੀਤਾ ਗਿਆ ਹੈ।




## 10 ਕਿਲੋ ਡੋਡੇ ਚੂਰਾ-ਪੋਸਤ, ਮੋਟਰਸਾਈਕਲ ਸਮੇਤ ਔਰਤ ਕਾਬੂ, ਇਕ ਨਾਮਜ਼ਦ

ਬੰਗਾ 2 ਜੂਨ। ਥਾਣਾ ਸਦਰ ਬੰਗਾ ਪੁਲਸ ਨੇ 10 ਕਿਲੋ ਡੋਡੇ ,ਇਕ ਮੋਟਰਸਾਈਕਲ ਸਮੇਤ ਇਕ ਔਰਤ ਨੂੰ ਕਾਬੂ ਕਰਨ ਅਤੇ ਉਸ ਵੱਲੋਂ ਦਿੱਤੀ ਜਾਣਕਾਰੀ 'ਤੇ ਇਕ ਨੂੰ ਨਾਮਜ਼ਦ ਕਰ ਮਾਮਲਾ ਦਰਜ ਕੀਤਾ ਹੈ। ਜਾਣਕਾਰੀ ਦਿੰਦੇ ਥਾਣਾ ਸਦਰ ਦੇ ਐੱਸ. ਐੱਚ. ਓ. ਐੱਸ. ਆਈ. ਅਭਿਸ਼ੇਕ ਸ਼ਰਮਾ ਨੇ ਦੱਸਿਆ ਕਿ ਸੂਬਾ ਸਰਕਾਰ ਵੱਲੋਂ ਚਲਾਏ 'ਯੁੱਧ ਨਸ਼ਿਆਂ ਵਿਰੁੱਧ' ਤਹਿਤ ਸੀਨੀਅਰ ਪੁਲਸ ਕਪਤਾਨ ਸ਼ਹੀਦ ਭਗਤ ਸਿੰਘ ਨਗਰ ਦੁਆਰਾ ਜਾਰੀ ਹਦਾਇਤਾਂ 'ਤੇ ਉਨ੍ਹਾਂ ਵੱਲੋਂ ਵੱਖ-ਵੱਖ ਪੁਲਸ ਪਾਰਟੀਆਂ ਨੂੰ ਜਰਨਲ ਚੈਕਿੰਗ ਅਤੇ ਗਸ਼ਤ ਦੌਰਾਨ ਏਰੀਏ ਵਿਚ ਭੇਜਿਆ ਜਾਂਦਾ ਹੈ। ਉਨ੍ਹਾਂ ਦੱਸਿਆ ਇਸੇ ਮੁਹਿੰਮ ਤਹਿਤ ਉਨ੍ਹਾਂ ਦੀ ਪੁਲਸ ਪਾਰਟੀ ਏ. ਐੱਸ. ਆਈ. ਬਲਜਿੰਦਰ ਕੁਮਾਰ ਸਮੇਤ ਪੁਲਸ ਪਾਰਟੀ ਥਾਣਾ ਸਦਰ ਤੋਂ ਪਿੰਡ ਮਜਾਰੀ, ਬਾਹੜੋਵਾਲ ਹੁੰਦੇ ਹੋਏ ਪਿੰਡ



ਕਲੇਰਾਂ ਤੋਂ ਪਿੰਡ ਜੰਡਿਆਲਾ ਨੂੰ ਜਾ ਰਹੇ ਸੀ। ਉਨ੍ਹਾਂ ਦੱਸਿਆ ਜਦੋਂ ਉਨ੍ਹਾਂ ਦੀ ਪੁਲਸ ਪਾਰਟੀ ਪਿੰਡ ਕਲੇਰਾਂ ਜੰਡਿਆਲਾ ਪੁਲੀ ਕੋਲ ਪੁੱਜੀ ਤਾਂ ਇਕ ਮੋਟਰਸਾਈਕਲ ਕੋਲ ਇਕ ਔਰਤ ਖੜ੍ਹੀ ਵਿਖਾਈ ਦਿੱਤੀਨੇ ਸਾਥੀ ਲੇਡੀਜ਼ ਕਰਮਚਾਰੀ ਹੈੱਡ ਕਾਂਸਟੇਬਲ ਰੀਨਾ ਰਾਣੀ ਦੀ ਮਦਦ ਨਾਲ ਉਕਤ ਔਰਤ ਨੂੰ ਸ਼ੱਕ ਦੇ ਬਿਨਾਂ ਕਾਬੂ ਕੀਤਾ। ਉਨ੍ਹਾਂ ਦੱਸਿਆ ਸ਼ੁਰੂਆਤੀ ਜਾਂਚ ਦੌਰਾਨ ਉਕਤ ਔਰਤ ਨੇ ਆਪਣਾ ਨਾਮ ਰੇਖਾ ਰਾਣੀ ਪਤਨੀ ਬਲਵਿੰਦਰ ਸਿੰਘ ਨਿਵਾਸੀ ਜੰਡਿਆਲਾ ਅਤੇ ਦੱਸਿਆ ਕਿ ਉਕਤ ਮੋਟਰਸਾਈਕਲ ਉਸ ਦਾ ਭਾਣਜਾ ਸਾਹਿਲ ਪੁੱਤਰ ਸੁਖਦੇਵ ਨਿਵਾਸੀ ਲੱਖਪੁਰ ਚਲਾਉਂਦਾ ਸੀ, ਜੋ ਉਨ੍ਹਾਂ ਦੀ ਪੁਲਸ ਪਾਰਟੀ ਨੂੰ ਆਉਂਦਾ ਵੇਖ ਮੋਟਰਸਾਈਕਲ 'ਤੇ ਥੈਲਾ ਗੱਟੂ ਛੱਡ ਕੇ ਖਿਸਕ ਗਿਆ ਹੈ। ਉਨਾਂ ਦੱਸਿਆ ਜਦੋ ਏ. ਐੱਸ. ਆਈ. ਬਲਜਿੰਦਰ ਕੁਮਾਰ ਵੱਲੋਂ ਮੋਟਰਸਾਈਕਲ 'ਤੇ ਪਏ ਥੈਲਾ ਗੱਟੂ ਦੀ ਜਾਂਚ ਕੀਤੀ ਤਾਂ ਉਸ 'ਚੋਂ 10 ਕਿਲੋ ਡੋਡੇ ਬਰਾਮਦ ਹੋਏ ਜਿਸ ਤੋਂ ਬਾਅਦ ਉਕਤ ਔਰਤ ਨੂੰ ਸਮੇਤ ਮੋਟਰਸਾਈਕਲ ਅਤੇ ਥੈਲਾ ਗੱਟੂ ਥਾਣਾ ਲਿਆਂਦਾ ਗਿਆ ਅਤੇ ਉਸ ਦੇ ਭਾਣਜੇ ਸਾਹਿਲ ਨੂੰ ਨਾਮਜ਼ਦ ਕਰਕੇ ਮਾਮਲਾ ਦਰਜ ਕੀਤਾ ਗਿਆ।

# ਪਹਿਲਾਂ ਬਾਜ਼ਾਰ ਤੇ ਫਿਰ ਘਰ 'ਚ ਦਾਖਲ ਹੋ ਕੇ ਪਿਓ-ਪੁੱਤ ਦੀ ਕੀਤੀ ਕੁੱਟਮਾਰ

ਬਟਾਲਾ 2 ਜੂਨ। ਪਹਿਲਾਂ ਬਾਜ਼ਾਰ ਅਤੇ ਫਿਰ ਘਰ ਅੰਦਰ ਦਾਖਲ ਹੋ ਕੇ ਪਿਉ-ਪੁੱਤ ਦੀ ਕੁੱਟਮਾਰ ਕਰਨ ਦੇ ਨਾਲ-ਨਾਲ ਗਾਲੀ ਗਲੋਚ ਕਰਦਿਆਂ ਸਕੂਟਰੀ ਅਤੇ ਪੱਖੇ ਦੀ ਤੋੜ-ਭੰਨ ਕਰਨ ਵਾਲਿਆਂ ਵਿਰੁੱਧ ਥਾਣਾ ਫਤਿਹਗੜ੍ਹ ਚੂੜੀਆਂ ਦੀ ਪੁਲਸ ਨੇ ਕੇਸ ਦਰਜ ਕੀਤਾ ਹੈ। ਇਸ ਸਬੰਧੀ ਪੁਲਸ ਨੂੰ ਦਿੱਤੇ ਬਿਆਨ ਵਿਚ ਪ੍ਰਦੀਪ ਕੁਮਾਰ ਪੁੱਤਰ ਚਮਨ ਲਾਲ ਵਾਸੀ ਵਾਰਡ ਨੰ.12 ਫਤਿਹਗੜ੍ਹ ਚੂੜੀਆਂ ਨੇ ਲਿਖਵਾਇਆ ਕਿ ਬੀਤੀ 8 ਜੂਨ ਨੂੰ ਰਾਤ ਸਾਢੇ 9 ਵਜੇ ਦੇ ਕਰੀਬ ਉਹ ਤੇ ਉਸ ਦਾ ਲੜਕਾ ਅੰਸ਼ੂਮਨ ਆਪਣੇ ਘਰ ਤੋਂ ਘਰੇਲੂ ਸਾਮਾਨ ਲੈਣ ਲਈ ਪੈਦਲ ਮੇਨ ਬਾਜ਼ਾਰ ਜਾ ਰਹੇ ਸੀ ਅਤੇ ਜਦੋਂ ਅਸੀਂ ਆਰੀਆ ਸਮਾਜ ਮੰਦਰ ਨੇੜੇ ਪਹੁੰਚੇ ਤਾਂ ਨੌਜਵਾਨ ਸ਼ਿਵਾ ਅਤੇ ਇਸ ਨਾਲ ਪ੍ਰਿੰਸ ਵਾਸੀਆਨ ਵਾਰਡ ਨੰ.11 ਫਤਿਹਗੜ੍ਹ ਚੂੜੀਆਂ ਪਹਿਲਾਂ ਤੋਂ ਹਥਿਆਰਾਂ ਨਾਲ ਖੜ੍ਹੇ ਸੀ। ਇਸ ਦੌਰਾਨ ਇਨ੍ਹਾਂ ਨੇ ਮੇਰੇ ਲੜਕੇ ਅੰਸ਼ੂਮਨ ਨੂੰ ਰੋਕ ਕੇ ਚਪੇੜਾਂ ਮਾਰੀਆਂ ਅਤੇ ਗਲੇ ਤੋਂ ਫੜ ਕੇ ਘੜੀਸਿਆ, ਜਿਸ 'ਤੇ ਮੈਂ ਆਪਣੇ ਲੜਕੇ ਨੂੰ ਛੁਡਵਾਉਣ ਲਈ ਅੱਗੇ ਆਇਆ ਤਾਂ ਉਕਤ ਨੌਜਵਾਨਾਂ ਨੇ ਮੇਰੀ ਵੀ ਕੁੱਟਮਾਰ ਕਰਦਿਆਂ ਗਾਲੀ-ਗਲੋਚ ਕੀਤਾ ਅਤੇ ਇਸ ਦੇ ਬਾਅਦ ਅਸੀਂ ਦੋਵੇਂ ਆਪਣੇ ਘਰ ਆ ਗਏ ਤਾਂ ਕੁਝ ਮਿੰਟਾਂ ਬਾਅਦ ਉਕਤ ਨੌਜਵਾਨ ਫਿਰ ਆਪਣੇ ਨਾਲ 3/4 ਅਣਪਛਾਤੇ ਨੌਜਵਾਨਾਂ ਨੂੰ ਲੈ ਕੇ ਹਥਿਆਰਾਂ ਸਮੇਤ ਗਾਲੀ-ਗਲੋਚ ਕਰਦੇ ਜ਼ਬਰਦਸਤੀ ਘਰ ਅੰਦਰ ਦਾਖਲ ਹੋ ਕੇ ਅੰਦਰ ਖੜ੍ਹੀ ਐਕਟਿਵਾ ਸਮੇਤ ਸਟੈਂਡ ਵਾਲੇ ਪੱਖੇ ਦੀ ਭੰਨਤੋੜ ਕੀਤੀ ਅਤੇ ਸਾਡੀ ਕੁੱਟਮਾਰ ਵੀ ਕੀਤੀ। ਉਪਰੰਤ ਸਾਨੂੰ ਸਿਵਲ ਹਸਪਤਾਲ ਫਤਿਹਗੜ੍ਹ ਚੂੜੀਆਂ ਵਿਖੇ ਇਲਾਜ ਲਈ ਭਰਤੀ ਕਰਵਾਇਆ ਗਿਆ। ਹੋਰ ਜਾਣਕਾਰੀ ਦੇ ਮੁਤਾਬਕ ਉਕਤ ਮਾਮਲੇ ਸਬੰਧੀ ਐੱਸ. ਆਈ. ਸੁਖਵਿੰਦਰਜੀਤ ਸਿੰਘ ਨੇ ਕਾਰਵਾਈ ਕਰਦਿਆਂ ਉਕਤ ਦੋਵਾਂ ਨੌਜਵਾਨਾਂ ਸਮੇਤ ਅਣਪਛਾਤਿਆਂ ਖ਼ਿਲਾਫ ਬਣਦੀਆਂ ਧਾਰਾਵਾਂ ਹੇਠ ਥਾਣਾ ਫਤਿਹਗੜ੍ਹ ਚੂੜੀਆਂ ਵਿਚ ਕੇਸ ਦਰਜ ਕਰ ਦਿੱਤਾ ਹੈ।



## ਘਰ 'ਚ ਦਾਖਲ ਹੋ ਹਵਾਈ ਫਾਇਰ ਅਤੇ ਨੌਜਵਾਨ ਦੀ ਖਿੱਚਧੂਹ ਕਰਨ ਵਾਲੇ 1 ਪਛਾਤੇ ਤੇ 10 ਅਣਪਛਾਤਿਆਂ 'ਤੇ ਕੇਸ ਦਰਜ

ਬਟਾਲਾ 2 ਜੂਨ। ਘਰ ਵਿਚ ਦਾਖਲ ਹੋ ਕੇ ਹਵਾਈ ਫਾਇਰ ਅਤੇ ਨੌਜਵਾਨ ਦੀ ਖਿੱਚਧੂਹ ਕਰਨ ਵਾਲੇ ਇਕ ਪਛਾਤੇ ਅਤੇ ਕਰੀਬ 10 ਅਣਪਛਾਤਿਆਂ ਖ਼ਿਲਾਫ ਥਾਣਾ ਕਾਦੀਆਂ ਪੁਲਸ ਨੇ ਕੇਸ ਦਰਜ ਕੀਤਾ ਹੈ। ਇਸ ਸਬੰਧੀ ਪੁਲਸ ਨੂੰ ਦਰਜ ਕਰਵਾਏ ਬਿਆਨ ਵਿਚ ਸਵਿੰਦਰ ਸਿੰਘ ਪੁੱਤਰ ਬਾਵਾ ਸਿੰਘ ਵਾਸੀ ਪਿੰਡ ਬਸਰਾਏਂ ਨੇ ਲਿਖਵਾਇਆ ਹੈ ਕਿ ਉਹ ਤੇ ਉਸ ਦਾ ਸਾਰਾ ਪਰਿਵਾਰ ਬੀਤੀ 15 ਜੂਨ ਨੂੰ ਦੁਪਹਿਰ ਤਿੰਨ ਵਜੇ ਘਰ




ਵਿਚ ਮੌਜੂਦ ਸੀ ਕਿ ਸੁਖਮਨਪ੍ਰੀਤ ਸਿੰਘ ਪੁੱਤਰ ਸੁਖਦੇਵ ਸਿੰਘ ਵਾਸੀ ਪਿੰਡ ਸੋਹੀਆਂ ਕਲਾਂ, ਥਾਣਾ ਮਜੀਠਾ ਆਪਣੇ ਨਾਲ 8/10 ਅਣਪਛਾਤੇ ਵਿਅਕਤੀਆਂ ਨੂੰ ਲੈ ਕੇ ਆ ਗਿਆ, ਜਿਨ੍ਹਾਂ ਕੋਲੋਂ ਡੰਡੇ ਤੇ ਦਾਤਰ ਸਨ, ਜਦਕਿ ਖੁਦ ਸੁਖਮਨਪ੍ਰੀਤ ਸਿੰਘ ਕੋਲ ਪਿਸਟਲ ਸੀ, ਜਿਨ੍ਹਾਂ ਨੇ ਘਰ ਵਿਚ ਦਾਖਲ ਹੋ ਕੇ ਉਸਦੇ ਲੜਕੇ ਗੁਰਸਿਮਰਨਪ੍ਰੀਤ ਸਿੰਘ ਦੀ ਧੂਹ-ਘਸੀਟ ਕੀਤੀ ਅਤੇ ਕਿਹਾ ਕਿ ਇਹ ਮੇਰੀ ਚਚੇਰੀ ਭੈਣ ਨਾਲ ਫੋਨ 'ਤੇ ਗੱਲਾਂ ਕਰਦਾ ਹੈ ਅਤੇ ਉਕਤ ਨੌਜਵਾਨ ਨੇ ਹਵਾਈ ਫਾਇਰ ਕੀਤਾ। ਇਸ ਤੋਂ ਬਾਅਦ ਰੌਲਾ ਸੁਣ ਕੇ ਆਂਢ ਗੁਆਂਢ ਇਕੱਠੇ ਹੋਣੇ ਸ਼ੁਰੂ ਹੋ ਗਏ, ਜਿਸ 'ਤੇ ਉਕਤ ਨੌਜਵਾਨ ਤੇ ਉਸ ਨਾਲ ਅਣਪਛਾਤੇ ਆਪਣੇ-ਆਪਣੇ ਹਥਿਆਰਾਂ ਸਮੇਤ ਚਲੇ ਗਏ ਅਤੇ ਰਸਤੇ ਵਿਚ ਪੱਕੀ ਸੜਕ 'ਤੇ ਖੜ੍ਹੇ ਕੀਤੇ ਆਪਣੇ ਮੋਟਰਸਾਈਕਲਾਂ ਕੋਲ ਵੀ ਇਕ ਫਾਇਰ ਕੀਤਾ ਅਤੇ ਬਾਅਦ ਵਿਚ ਮੋਟਰਸਾਈਕਲਾਂ 'ਤੇ ਸਵਾਰ ਹੋ ਕੇ ਫਰਾਰ ਹੋ ਗਏ।

## ਚੋਰਾਂ ਦੇ ਹੌਸਲੇ ਇੰਨੇ ਬੁਲੰਦ ! ਇਕੋ ਰਾਤ 4 ਕਿਸਾਨਾਂ ਦੀਆਂ ਮੋਟਰਾਂ ਤੇ ਇੰਜਣਾਂ ਤੋਂ ਚੈੱਕਵਾਲ ਕਰ ਲਏ ਚੋਰੀ

ਦੀਨਾਨਗਰ 2 ਜੂਨ। ਪੁਲਸ ਸਟੇਸਨ ਬਹਿਰਾਮਪੁਰ ਦੇ ਅਧੀਨ ਆਉਂਦੇ ਇਲਾਕੇ 'ਚ ਆਏ ਦਿਨ ਚੋਰੀ ਦੀਆਂ ਵਾਰਦਾਤਾਂ ਦੀ ਗਿਣਤੀ 'ਚ ਵਾਧਾ ਹੁੰਦਾ ਜਾ ਰਿਹਾ ਹੈ। ਇਸ ਕਾਰਨ ਲੋਕਾਂ ਵਿੱਚ ਦਹਿਸਤ ਦਾ ਮਾਹੌਲ ਵੇਖਿਆ ਜਾ ਰਿਹਾ ਹੈ। ਇਸ ਦੀ ਮਿਸਾਲ ਨੇੜਲੇ ਪਿੰਡ ਭਰਥ ਵਿੱਚ ਚੋਰਾਂ ਵੱਲੋਂ ਇੱਕੋ ਰਾਤ ਚਾਰ ਕਿਸਾਨਾਂ ਦੀਆਂ ਮੋਟਰਾਂ ਅਤੇ ਇੰਜਣਾ ਤੋਂ ਚੈੱਕਵਾਲ ਚੋਰੀ ਕਰਨ ਤੋਂ ਮਿਲਦੀ ਹੈ। ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਕਿਸਾਨ ਸੁਨੀਲ ਕੁਮਾਰ ਨੇ ਦੱਸਿਆ ਕਿ ਹਰ ਰੋਜ ਦੀ ਤਰ੍ਹਾਂ ਜਦੋਂ ਉਹ ਆਪਣੇ ਖੇਤਾਂ 'ਚ ਗੇੜਾ ਮਾਰਨ ਗਿਆ ਤਾਂ ਦੇਖਿਆ ਕਿ ਚੋਰਾਂ ਨੇ ਉਸ ਦੀ ਮੋਟਰ 'ਚੋਂ ਚੈੱਕਵਾਲ ਚੋਰੀ ਕਰ ਲਿਆ ਹੋਇਆ ਹੈ। ਇਸੇ ਤਰ੍ਹਾਂ ਪਿੰਡ ਦੇ ਕਿਸਾਨ ਸੰਜੀਵ ਸਰਮਾ, ਸੰਨੀ ਸਰਮਾ ਅਤੇ ਬੂਟੀ ਦੀ ਮੋਟਰ ਤੋ ਚੋਰਾਂ ਨੇ ਚੈੱਕਵਾਲ ਚੋਰੀ ਕਰ ਲਏ ਹਨ। ਇਲਾਕਾ ਵਾਸੀਆਂ ਨੇ ਦੱਸਿਆ ਕਿ ਇਲਾਕੇ ਵਿਚ ਚੋਰੀ ਦੀਆਂ ਘਟਨਾਵਾਂ ਲਗਾਤਾਰ ਵਧ ਰਹੀਆਂ ਹਨ, ਜਿਸ ਕਾਰਨ ਕਿਸਾਨਾਂ ਨੂੰ ਦੋਹਰੀ ਮਾਰ ਹੇਠਾਂ ਆਉਣ ਲਈ ਮਜਬੂਰ ਹੋਣਾ ਪੈ ਰਿਹਾ ਹੈ ਉਹਨਾਂ ਪੁਲਿਸ ਪ੍ਰਸਾਸਨ ਕੋਲੋਂ ਮੰਗ ਕੀਤੀ ਹੈ ਕਿ ਇਲਾਕੇ ਅੰਦਰ ਰਾਤ ਦੀ ਗਸਤ ਤੇਜ ਕੀਤੀ ਜਾਵੇ ਤਾਂ ਕਿ ਕਿਸਾਨਾਂ ਚੋਰੀਆ ਦੀਆਂ ਘਟਨਾਵਾਂ ਨੂੰ ਨੱਥ ਪਾਈ ਜਾ ਸਕੇ।

# 70 ਸਾਲਾ ਬਾਪੂ ਨੂੰ ਲੁੱਟਣ ਆਏ ਸੀ ਲੁਟੇਰੇ, ਬਜੁਰਗ ਨੇ ਬਹਾਦਰੀ ਨਾਲ ਕੀਤਾ ਮੁਕਾਬਲਾ

ਚੋਗਾਵਾਂ 2 ਜੂਨ। ਦਿਨੋਂ ਦਿਨ ਵੱਧ ਰਹੇ ਨਸ਼ਿਆਂ ਕਾਰਨ ਲੁਟਾ ਖੋਹਾਂ ਦਾ ਬੋਲ ਬਾਲਾ ਇਸ ਕਦਰ ਵੱਧ ਚੁਕਾ ਹੈ ਕਿ ਲੋਕਾਂ ਨੂੰ ਚਿੱਟੇ ਦਿਨ ਲੁਟਿਆ ਜਾ ਰਿਹਾ ਪਰ ਕਈ ਵਾਰ ਲੁਟਣ ਆਏ ਲੁਟੇਰਿਆਂ ਨੂੰ ਲੈਣੇ ਦੇ ਦੇਣੇ ਪੈ ਜਾਂਦੇ ਹਨ ਕੁਝ ਅਜਿਹੀ ਘਟਨਾ ਪੁਲਸ ਥਾਣਾ ਲੋਪੋਕੇ ਦੇ ਅਧੀਨ ਆਉਂਦੇ ਬਰਾੜ ਦੇ ਇੱਕ ਵਿਆਕਤੀ ਨਰਿੰਦਰ ਸਿੰਘ ਸਿੰਘ ਨਾਲ ਵਾਪਰੀ ਹੈ ਜਿਸ ਨੇ ਬੜੀ ਬਹਾਦਰੀ ਨਾਲ ਲੁਟੇਰਿਆ ਦਾ ਮੁਕਾਬਲਾ ਕਰਦਿਆਂ ਉਨ੍ਹਾਂ ਦੇ ਕੱਪੜੇ ਤੱਕ ਉਤਾਰ ਲਏ। ਇਸ ਸੰਬੰਧੀ ਜਾਣਕਾਰੀ ਦਿੰਦਿਆ ਨਰਿੰਦਰ ਸਿੰਘ ਵਾਸੀ ਪਿੰਡ ਬਰਾੜ ਜਿਸ ਦੀ ਉਮਰ 70 ਸਾਲ ਦੇ ਕਰੀਬ ਹੈ ਨੇ ਦੱਸਿਆ ਕਿ ਉਹ ਬਾਅਦ ਦੁਪਿਹਰ 3 ਵਜੇ ਦੇ ਕਰੀਬ ਮੋਟਰ ਸਾਈਕਲ 'ਤੇ ਸਵਾਰ ਹੋ ਆਪਣੇ ਪਿੰਡ ਬਰਾੜ ਤੋਂ ਅੱਡਾ ਕੋਹਾਲੀ ਨੂੰ ਜਾ ਰਿਹਾ ਸੀ ਕਿ ਰਸਤੇ ਵਿੱਚ ਦੋ ਮੋਟਰ ਸਾਈਕਲ ਸਵਾਰ ਨੌਜਵਾਨਾਂ ਨੇ ਉਸਨੂੰ ਘੇਰ ਲਿਆ ਅਤੇ ਉਸਦਾ ਪਰਸ ਖੋਹਣ ਦੀ ਕੋਸ਼ਿਸ਼ ਕੀਤੀ, ਜਿਸਦਾ ਉਸਨੇ ਪੂਰਾ ਡਟ ਕੇ ਮੁਕਾਬਲਾ ਕੀਤਾ। ਖਿਚ-ਧੂਹ ਦੌਰਾਨ ਨੌਜਵਾਨਾਂ ਦੀਆਂ ਟੀ ਸ਼ਰਟਾ ਉਤਰ ਗਈ ਅਤੇ ਵਿਅਕਤੀ ਦਾ ਪਰਸ ਜਮੀਨ 'ਤੇ ਡਿੱਗ ਗਿਆ, ਜਿਸ 'ਚ 1500ਰੁਪਏ ਸੀ, ਫੜ ਕੇ ਦੋਵੇਂ ਲੁਟੇਰੇ ਨੰਗੇ ਧੜ ਮੋਟਰ ਸਾਈਕਲ 'ਤੇ ਸਵਾਰ ਹੋ ਕੇ ਦੋੜਨ ਵਿੱਚ ਕਾਮਯਾਬ ਹੋ ਗਏ ਪਰ ਆਪਣੀ ਜੁਤੀ ਉਥੇ ਹੀ ਛੱਡ ਗਏ। ਬਾਪੂ ਨਰਿੰਦਰ ਸਿੰਘ ਨੇ ਦੱਸਿਆ ਕਿ ਉਸਨੇ ਇੱਕ ਲੁਟੇਰੇ ਦੇ ਸਿਰ ਵਿੱਚ ਰੋੜਾ ਵੀ ਮਾਰਿਆ ਜਿਸਦੇ ਸਿਰ ਵਿੱਚ ਸੱਟ ਲੱਗੀ ਹੈ ਅਤੇ ਖੂਨ ਵੀ ਵਗ ਰਿਹਾ ਸੀ ਰਸਤੇ ਵਿੱਚ ਲੱਗੇ ਸੀ.ਸੀ.ਟੀ.ਵੀ ਕੈਮਰਿਆ ਵਿੱਚ ਨੰਗੇ ਧੜ ਮੋਟਰ ਸਾਈਕਲ ਤੇ ਜਾ ਰਹੇ ਲੁਟੇਰਿਆਂ ਦੀਆਂ ਤਸਵੀਰਾਂ ਕੈਦ ਹੋ ਗਈਆਂ ਇਸ ਸੰਬੰਧੀ ਪੁਲਸ ਥਾਣਾ ਲੋਪੋਕੇ ਵਿਖੇ ਰਿਪੋਟਰ ਦਰਜ ਕਰਵਾ ਦਿੱਤੀ ਹੈ ਅਤੇ ਪੁਲਸ ਦੋਸ਼ੀਆਂ ਦੀ ਭਾਲ ਕਰ ਰਹੀ ਹੈ।




## ਹੈਨਰੀ ਨਿਵਾਸ ਪੁੱਜੇ ਦੇਵੇਂਦਰ ਯਾਦਵ, ਚੰਨੀ ਤੇ ਰਾਜਾ ਵੜਿੰਗ, ਪਰਿਵਾਰ ਨੇ ਸੰਸਦ ਮੈਂਬਰ ਬਣਨ 'ਤੇ ਦਿੱਤੀ ਵਧਾਈ

ਜਲੰਧਰ 2 ਜੂਨ। ਪੰਜਾਬ ਦੇ ਸਾਬਕਾ ਮੰਤਰੀ ਅਤੇ ਪ੍ਰਦੇਸ ਕਾਂਗਰਸ ਦੇ ਸੀਨੀਅਰ ਮੀਤ ਪ੍ਰਧਾਨ ਅਵਤਾਰ ਹੈਨਰੀ ਤੇ ਵਿਧਾਇਕ ਬਾਵਾ ਹੈਨਰੀ ਦੀ ਰਿਹਾਇਸ਼ 'ਤੇ ਪ੍ਰਦੇਸ਼ ਕਾਂਗਰਸ ਇੰਚਾਰਜ ਦੇਵੇਂਦਰ ਯਾਦਵ ਅਤੇ ਸੂਬਾ ਪ੍ਰਧਾਨ ਤੇ ਸੰਸਦ ਮੈਂਬਰ ਰਾਜਾ ਵੜਿੰਗ ਪਹੁੰਚੇ। ਇਸ ਦੌਰਾਨ ਅਵਤਾਰ ਹੈਨਰੀ ਪਰਿਵਾਰ ਨੇ ਉਕਤ ਆਗੂਆਂ ਦਾ ਸਵਾਗਤ ਕੀਤਾ ਅਤੇ ਐੱਮ.ਪੀ. ਰਾਜਾ ਵੜਿੰਗ ਨੂੰ ਜਿੱਤ ਦੀ ਵਧਾਈ ਦਿੱਤੀ। ਅਵਤਾਰ ਹੈਨਰੀ ਨੇ ਕਿਹਾ ਕਿ ਪੰਜਾਬ ਦੇ ਲੋਕ ਇਕ ਵਾਰ ਫਿਰ ਕਾਂਗਰਸ ਵਿਚ ਆਪਣਾ ਭਵਿੱਖ ਦੇਖ ਰਹੇ ਹਨ। ਦੇਵੇਂਦਰ ਯਾਦਵ ਅਤੇ ਰਾਜਾ ਵੜਿੰਗ ਨੇ ਕਿਹਾ ਕਿ ਹੈਨਰੀ ਪਰਿਵਾਰ ਨੇ ਸਾਲਾਂ ਤੱਕ ਕਾਂਗਰਸ ਪਾਰਟੀ ਦੀ ਸੇਵਾ ਕੀਤੀ ਹੈ ਅਤੇ ਅਵਤਾਰ ਹੈਨਰੀ ਵਰਗੇ ਜੁਝਾਰੂ ਆਗੂ ਪੰਜਾਬ ਵਿਚ ਘੱਟ ਹੀ ਮਿਲਦੇ ਹਨ। ਉਨ੍ਹਾਂ ਕਿਹਾ ਕਿ ਵੱਡੇ ਹੈਨਰੀ ਦੋਆਬੇ ਵਿਚ ਕਾਂਗਰਸ ਦੀ ਰੀੜ੍ਹ ਦੀ ਹੱਡੀ ਹਨ ਅਤੇ ਉਹ ਪਾਰਟੀ ਦੇ ਸਤਿਕਾਰਤ ਆਗੂ ਹਨ। ਇਸ ਮੌਕੇ ਸੰਸਦ ਮੈਂਬਰ ਚਰਨਜੀਤ ਸਿੰਘ ਚੰਨੀ, ਸਾਬਕਾ ਮੰਤਰੀ ਰਾਜ ਕੁਮਾਰ ਵੇਰਕਾ, ਕੈਪਟਨ ਸੰਦੀਪ ਸੰਧੂ, ਲਾਡੀ ਸੇਰੋਵਾਲੀਆ, ਸੋਨੂੰ ਢੇਸੀ ਤੇ ਹੋਰ ਆਗੂ ਵੀ ਹਾਜਰ ਸਨ।

# ਹਿਮਾਚਲ 'ਚ ਪੰਜਾਬੀ ਕੁੜੀ ਨਾਲ ਸਮੂਹਿਕ ਜਬਰ-ਜ਼ਨਾਹ, ਲਿਫਟ ਦੇ ਬਹਾਨੇ 4 ਮੁੰਡਿਆਂ ਨੇ...

ਹਿਮਾਚਲ ਡੈਸਕ 2 ਜੂਨ। ਹਿਮਾਚਲ ਪ੍ਰਦੇਸ਼ ਦੇ ਮੰਡੀ ਜ਼ਿਲ੍ਹੇ 'ਚ ਪੰਜਾਬ ਦੀ ਇੱਕ ਕੁੜੀ ਨਾਲ ਸਮੂਹਿਕ ਜਬਰ-ਜ਼ਨਾਹ ਦਾ ਇੱਕ ਸਨਸਨੀਖੇਜ਼ ਮਾਮਲਾ ਸਾਹਮਣੇ ਆਇਆ ਹੈ। ਕੁੜੀ ਨੇ ਦੋਸ਼ ਲਗਾਇਆ ਹੈ ਕਿ ਉਸਨੂੰ ਮੋਹਾਲੀ ਤੋਂ ਮੰਡੀ ਤੱਕ ਲਿਫਟ ਦਿੱਤੀ ਗਈ, ਜਿਸ ਤੋਂ ਬਾਅਦ ਉਸਨੂੰ ਨਸ਼ੀਲੇ ਪਦਾਰਥਾਂ 'ਚ ਮਿਲਾ ਕੇ ਕੋਲਡ ਡਰਿੰਕ ਦਿੱਤਾ ਗਿਆ ਤੇ ਫਿਰ ਬੇਹੋਸ਼ੀ ਦੀ ਹਾਲਤ 'ਚ ਜਬਰ-ਜ਼ਨਾਹ ਕੀਤਾ ਗਿਆ। ਪੀੜਤਾ ਦੀ ਸ਼ਿਕਾਇਤ 'ਤੇ ਪੁਲਸ ਨੇ ਚਾਰ ਨੌਜਵਾਨਾਂ ਵਿਰੁੱਧ ਮਾਮਲਾ ਦਰਜ ਕਰ ਕੇ ਉਨ੍ਹਾਂ ਦੀ ਭਾਲ ਸ਼ੁਰੂ ਕਰ ਦਿੱਤੀ ਹੈ। ਪੀੜਤਾ ਨੇ ਪੁਲਸ ਨੂੰ ਦੱਸਿਆ ਕਿ ਉਹ ਇੱਕ ਕਾਰ 'ਚ ਲਿਫਟ ਲੈ ਕੇ ਮੋਹਾਲੀ ਤੋਂ ਮੰਡੀ ਆ ਰਹੀ ਸੀ। ਕਾਰ 'ਚ ਪਹਿਲਾਂ ਹੀ ਇੱਕ ਹੋਰ ਕੁੜੀ ਸੀ, ਜਿਸਨੂੰ ਦੇਖ ਕੇ ਉਸਨੂੰ ਯਕੀਨ ਹੋ ਗਿਆ ਕਿ ਇਹ ਇੱਕ ਸੁਰੱਖਿਅਤ ਯਾਤਰਾ ਹੋਵੇਗੀ। ਮੁਲਜ਼ਮਾਂ ਨੇ ਉਸਨੂੰ ਦੱਸਿਆ ਕਿ ਦੂਜੀ ਕੁੜੀ ਵੀ ਮੰਡੀ ਜਾ ਰਹੀ ਹੈ। ਰਸਤੇ 'ਚ ਮੁਲਜ਼ਮ ਨੇ ਪੀੜਤਾ ਨੂੰ ਪੀਣ ਲਈ ਇੱਕ ਕੋਲਡ ਡਰਿੰਕ ਦਿੱਤਾ, ਜਿਸ 'ਚ ਨਸ਼ੀਲਾ ਪਦਾਰਥ ਮਿਲਾਇਆ ਗਿਆ ਸੀ। ਕੁੜੀ ਕੋਲਡ ਲਿਫਟ ਦਿੱਤੀ ਗਈ, ਜਿਸ ਤੋਂ ਬਾਅਦ ਉਸਨੂੰ ਨਸ਼ੀਲੇ ਪਦਾਰਥਾਂ 'ਚ ਮਿਲਾ ਕੇ ਕੋਲਡ ਡਰਿੰਕ ਦਿੱਤਾ ਗਿਆ ਤੇ ਫਿਰ ਬੇਹੋਸ਼ੀ ਦੀ ਹਾਲਤ 'ਚ ਜਬਰ-ਜ਼ਨਾਹ ਕੀਤਾ ਗਿਆ। ਪੀੜਤਾ ਦੀ ਸ਼ਿਕਾਇਤ 'ਤੇ ਪੁਲਸ ਨੇ ਚਾਰ ਨੌਜਵਾਨਾਂ ਵਿਰੁੱਧ ਡਰਿੰਕ ਪੀਣ ਤੋਂ ਬਾਅਦ ਬੇਹੋਸ਼ ਹੋ ਗਈ। ਪੀੜਤਾ ਦਾ ਦੋਸ਼ ਹੈ ਕਿ ਮੰਡੀ ਦੇ ਨੇੜੇ ਇੱਕ ਸੁੰਨਸਾਨ ਜਗ?ਹਾ 'ਤੇ ਕਾਰ ਰੋਕ ਕੇ ਚਾਰ ਨੌਜਵਾਨਾਂ ਨੇ ਉਸ ਨਾਲ ਜਬਰ-ਜ਼ਨਾਹ ਕੀਤਾ। ਜਦੋਂ ਉਸਨੂੰ ਹੋਸ਼ ਆਇਆ ਤਾਂ ਉਹ ਕਿਸੇ ਤਰ੍ਹਾਂ ਬਲਹ ਪੁਲਸ ਸਟੇਸ਼ਨ ਪਹੁੰਚੀ ਅਤੇ ਪੁਲਸ ਨੂੰ ਆਪਣੀ ਆਪਬੀਤੀ ਦੱਸੀ। ਪੀੜਤਾ ਨੇ ਪੁਲਸ ਨੂੰ ਚਾਰ ਨੌਜਵਾਨਾਂ ਦੇ ਨਾਮ ਵੀ ਦੱਸੇ ਹਨ। ਬਲਹ ਪੁਲਸ ਸਟੇਸ਼ਨ ਨੇ ਪੀੜਤਾ ਦੇ ਬਿਆਨ ਦੇ ਆਧਾਰ 'ਤੇ ਕੇਸ ਦਰਜ ਕਰ ਲਿਆ ਹੈ। ਪੁਲਸ ਨੇ ਪੀੜਤਾ ਦਾ ਡਾਕਟਰੀ ਮੁਆਇਨਾ ਕਰਵਾਇਆ ਹੈ ਅਤੇ ਉਸਦਾ ਬਿਆਨ ਵੀ ਦਰਜ ਕੀਤਾ ਗਿਆ ਹੈ। ਮਾਮਲੇ ਦੀ ਗੰਭੀਰਤਾ ਨੂੰ ਦੇਖਦੇ ਹੋਏ ਪੁਲਸ ਨੇ ਤੁਰੰਤ ਕਾਰਵਾਈ ਕੀਤੀ ਹੈ ਤੇ ਦੋਸ਼ੀਆਂ ਦੀ ਭਾਲ ਸ਼ੁਰੂ ਕਰ ਦਿੱਤੀ ਹੈ। ਮਹਿਲਾ ਪੁਲਸ ਅਧਿਕਾਰੀ ਦੀ ਅਗਵਾਈ ਹੇਠ ਮਾਮਲੇ ਦੀ ਜਾਂਚ ਕੀਤੀ ਜਾ ਰਹੀ ਹੈ। ਪੁਲਸ ਆਲੇ-ਦੁਆਲੇ ਦੇ ਇਲਾਕੇ ਦੇ ਸੀਸੀਟੀਵੀ ਫੁਟੇਜ ਦੀ ਜਾਂਚ ਕਰ ਰਹੀ ਹੈ ਤਾਂ ਜੋ ਦੋਸ਼ੀਆਂ ਦੀ ਕਾਰ ਅਤੇ ਉਸਦੀ ਪਛਾਣ ਹੋ ਸਕੇ। ਨਾਲ ਹੀ, ਦੋਸ਼ੀਆਂ ਦੇ ਟਿਕਾਣਿਆਂ 'ਤੇ ਛਾਪੇਮਾਰੀ ਕੀਤੀ ਜਾ ਰਹੀ ਹੈ। ਪੁਲਸ ਨੇ ਭਰੋਸਾ ਦਿੱਤਾ ਹੈ ਕਿ ਦੋਸ਼ੀ ਨੂੰ ਜਲਦੀ ਤੋਂ ਜਲਦੀ ਗ੍ਰਿਫ਼ਤਾਰ ਕਰ ਲਿਆ ਜਾਵੇਗਾ ਅਤੇ ਉਸਨੂੰ ਸਖ਼ਤ ਤੋਂ ਸਖ਼ਤ ਸਜ਼ਾ ਦਿੱਤੀ ਜਾਵੇਗੀ।

# ਮੌਤ ਦੇ ਮੂੰਹ 'ਚੋਂ ਬਚ ਕੇ ਵਤਨ ਪਰਤਿਆ ਮਾਪਿਆਂ ਦਾ ਇਕਲੌਤਾ ਪੁੱਤ

ਰਾਜਾਸਾਂਸੀ 2 ਜੂਨ। ਕੌਮਾਂਤਰੀ ਹੱਦਾਂ-ਸਰਹੱਦਾਂ ਤੋਂ ਉੱਤੇ ਉੱਠਦਿਆਂ ਦੇਸ਼ ਵਿਦੇਸ ਵਿੱਚ ਲੋੜਵੰਦਾਂ ਲਈ ਮਸੀਹਾ ਬਣ ਕੇ ਨਿੱਤ ਦਿਨ ਲੋਕ ਸੇਵਾ ਦੀਆਂ ਨਵੀਆਂ ਮਿਸਾਲਾਂ ਸਿਰਜ ਰਹੇ ਦੁਬਈ ਦੇ ਉੱਘੇ ਕਾਰੋਬਾਰੀ ਅਤੇ ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਦੇ ਸਰਪ੍ਰਸਤ ਡਾ. ਐੱਸ. ਪੀ. ਸਿੰਘ ਓਬਰਾਏ ਦੇ ਯਤਨਾਂ ਸਦਕਾ ਤਿੰਨ ਭਾਰਤੀ ਨੌਜਵਾਨਾਂ ਦੀ ਦੁਬਈ ਵਿਖੇ ਫਾਂਸੀ ਦੀ ਸਜਾ ਮੁਆਫ ਹੋਣ ਉਪਰੰਤ ਲੁਧਿਆਣੇ ਜ਼ਿਲ੍ਹੇ ਨਾਲ ਸੰਬੰਧਿਤ ਨੌਜਵਾਨ ਸੁਖਵੀਰ ਸਿੰਘ ਪੁੱਤਰ ਲਛਮਣ ਸਿੰਘ ਵੀ ਵਤਨ ਪਰਤ ਆਇਆ ਹੈ। ਮੌਤ ਦੇ ਮੂੰਹ ਤੋਂ ਬਚ ਕੇ ਆਏ ਬਜੁਰਗ ਮਾਪਿਆਂ ਦੇ ਇਕਲੌਤੇ ਪੁੱਤ ਸੁਖਵੀਰ ਅਤੇ ਉਸਦੀ ਬਜੁਰਗ ਮਾਂ ਦੇ 9 ਸਾਲਾਂ ਬਾਅਦ ਹਵਾਈ ਅੱਡੇ ਤੇ ਹੋਏ ਮਿਲਾਪ ਦੌਰਾਨ ਜਦ ਦੋਵੇਂ ਮਾਂ-ਪੁੱਤ ਰੋਂਦਿਆਂ ਇੱਕ-ਦੂਜੇ ਨੂੰ ਗਲ ਲੱਗ ਕੇ ਮਿਲੇ ਤਾਂ ਇੱਕ ਵਾਰ ਇੰਝ ਮਹਿਸੂਸ ਹੋਇਆ ਜਿਵੇਂ ਵਕਤ ਰੁਕ ਗਿਆ ਹੋਵੇ। ਇਸ ਸਬੰਧੀ ਜਾਣਕਾਰੀ ਸਾਂਝੀ ਕਰਦਿਆਂ ਡਾ.ਓਬਰਾਏ ਨੇ ਦੱਸਿਆ ਕਿ ਸਾਲ 2018 ਦੁਬਈ ਵਿਖੇ ਤਿੰਨ ਪੰਜਾਬੀ ਨੌਜਵਾਨ ਜਿਨ੍ਹਾਂ 'ਚ ਸੁਖਵੀਰ ਸਿੰਘ ਤੋਂ ਇਲਾਵਾ ਗੁਰਪ੍ਰੀਤ ਸਿੰਘ ਪੁੱਤਰ ਬਲਵਿੰਦਰ ਸਿੰਘ ਜ਼ਿਲ੍ਹਾ ਅੰਮ੍ਰਿਤਸਰ ਅਤੇ ਜਤਿੰਦਰ ਕੁਮਾਰ ਪੁੱਤਰ ਜਸਵੀਰ ਕੁਮਾਰ ਵਾਸੀ ਬੰਗਾ, ਸੁਡਾਨ ਦੇਸ ਨਾਲ ਸੰਬੰਧਿਤ ਇੱਕ ਨੌਜਵਾਨ ਦੇ ਕਤਲ ਦੇ ਮਾਮਲੇ ਵਿੱਚ ਫੜੇ ਗਏ ਸਨ ਅਤੇ ਅਦਾਲਤ ਵੱਲੋਂ ਉਕਤ ਤਿੰਨਾਂ ਨੌਜਵਾਨਾਂ ਨੂੰ 25-25 ਸਾਲ ਦੀ ਸਜਾ ਸੁਣਾ ਦਿੱਤੀ ਗਈ ਸੀ। ਉਨ੍ਹਾਂ ਦੱਸਿਆ ਕਿ ਇਸ ਸਜਾ ਉਪਰੰਤ ਉਪਰੋਕਤ ਨੌਜਵਾਨਾਂ ਵੱਲੋਂ ਕੀਤੀ ਗਈ ਅਪੀਲ 'ਤੇ ਅਦਾਲਤ ਨੇ ਸਖਤ ਰਵਈਆ ਅਪਣਾਉਂਦਿਆਂ ਇਨ੍ਹਾਂ ਦੀ 25-25 ਸਾਲ ਵਾਲੀ ਸਜਾ ਨੂੰ ਫਾਂਸੀ ਵਿੱਚ ਤਬਦੀਲ ਕਰ ਦਿੱਤਾ, ਜਿਸ ਉਪਰੰਤ ਉਕਤ ਨੌਜਵਾਨਾਂ ਦੇ ਪਰਿਵਾਰਾਂ ਨੇ ਉਨ੍ਹਾਂ ਨਾਲ ਸੰਪਰਕ ਕਰਕੇ ਮਦਦ ਕਰਨ ਦੀ ਅਪੀਲ ਕੀਤੀ ਸੀ। ਡਾ. ਓਬਰਾਏ ਨੇ ਦੱਸਿਆ ਕਿ ਉਨ੍ਹਾਂ ਦੀ ਟੀਮ ਵੱਲੋਂ ਪੀੜਤ ਪਰਿਵਾਰਾਂ ਨਾਲ ਮਿਲ ਕੇ ਸੁਡਾਨ ਨਾਲ ਸੰਬੰਧਿਤ ਮ੍ਰਿਤਕ ਨੌਜਵਾਨ ਦੇ ਪਰਿਵਾਰ ਨੂੰ ਲੱਭਣ ਦੀ ਬਹੁਤ ਕੋਸ?ਿਸ ਕੀਤੀ ਪਰ ਕੋਈ ਸਫਲਤਾ ਨਹੀਂ ਮਿਲੀ, ਜਿਸ ਕਾਰਨ ਸਭ ਨੇ ਇਸ ਕੇਸ ਦੇ ਹੱਲ ਹੋਣ ਦੀ ਆਸ ਛੱਡ ਦਿੱਤੀ ਸੀ। ਉਨ੍ਹਾਂ ਦੱਸਿਆ ਕਿ ਪਰ ਕੁਦਰਤ ਨੇ ਅਜਿਹਾ ਕਰਿਸਮਾ ਕੀਤਾ ਕਿ ਉਨ੍ਹਾਂ ਦੀ ਸਲਾਹ ਮੁਤਾਬਿਕ ਈਦ ਮੌਕੇ ਪਰਿਵਾਰ ਵੱਲੋਂ ਮੁੜ ਕੀਤੀ ਗਈ ਰਹਿਮ ਦੀ ਅਪੀਲ 'ਤੇ ਅਦਾਲਤ ਵੱਲੋਂ ਉਕਤ ਤਿੰਨੇ ਨੌਜਵਾਨਾਂ ਦੀ ਸਜਾ ਮੁਆਫ ਕਰ ਦਿੱਤੀ ਗਈ। ਉਨ੍ਹਾਂ ਦੱਸਿਆ ਕਿ ਇਹ ਇੱਕ ਅਜਿਹਾ ਵਿਸੇਸ ਕੇਸ ਸੀ, ਜਿਸ ਵਿੱਚ ਮਰਨ ਵਾਲੇ ਨੌਜਵਾਨ ਦੇ ਪਰਿਵਾਰ ਨੂੰ ਬਲੱਡ ਮਨੀ ਨਹੀਂ ਦਿੱਤੀ ਗਈ। ਡਾ. ਉਬਰਾਏ ਅਨੁਸਾਰ ਇਸ ਕੇਸ ਨਾਲ ਸੰਬੰਧਿਤ ਦੋ ਨੌਜਵਾਨ ਪਹਿਲਾਂ ਹੀ ਆਪਣੇ ਘਰ ਪਹੁੰਚ ਚੁੱਕੇ ਹਨ ਜਦਕਿ ਸੁਖਵੀਰ ਦੀ ਵੀ ਬੀਤੇ ਦਿਨ ਵਤਨ ਵਾਪਸੀ ਹੋ ਗਈ ਹੈ। ਉਨ੍ਹਾਂ ਦੱਸਿਆ ਕਿ ਇਸ ਕੇਸ ਵਿੱਚ ਉਨ੍ਹਾਂ ਵੱਲੋਂ ਸਮੇਂ-ਸਮੇਂ ਤੇ ਪੀੜਤ ਪਰਿਵਾਰਾਂ ਨੂੰ ਲੋੜੀਂਦੀ ਕਾਗਜੀ ਕਾਰਵਾਈ ਮੁਕੰਮਲ ਕਰਵਾਉਣ ਤੋਂ ਇਲਾਵਾ ਹਰ ਪੱਖ ਤੋਂ ਸਹਿਯੋਗ ਕੀਤਾ ਗਿਆ ਸੀ। ਉਨ੍ਹਾਂ ਦੱਸਿਆ ਕਿ ਅੱਜ ਵਤਨ ਪਹੁੰਚੇ ਸੁਖਵੀਰ ਦੀ ਹਵਾਈ ਟਿਕਟ ਵੀ ਉਸਦੇ ਪਰਿਵਾਰ ਦੀ ਮੰਗ "ਤੇ ਉਨ੍ਹਾਂ ਨੇ ਹੀ ਖ੍ਰੀਦ ਕੇ ਦਿੱਤੀ ਹੈ। ਅੰਮ੍ਰਿਤਸਰ ਦੇ ਗੁਰੂ ਰਾਮਦਾਸ ਕੌਮਾਂਤਰੀ ਹਵਾਈ ਅੱਡੇ 'ਤੇ ਆਪਣੇ ਪੁੱਤ ਨੂੰ ਲੈਣ ਪੁੱਜੀ ਉਸ ਦੀ ਬਜੁਰਗ ਮਾਂ ਕੁਲਦੀਪ ਕੌਰ, ਭੂਆ ਜਸਵੰਤ ਕੌਰ, ਫੁੱਫੜ ਹਰਜਿੰਦਰ ਸਿੰਘ, ਜੀਜਾ ਅਮਨਦੀਪ ਸਿੰਘ ਅਤੇ ਸਿਮਰਦੀਪ ਸਿੰਘ ਨੇ ਖੁਸੀ ਭਰੇ ਹੰਝੂਆਂ ਨਾਲ ਜਿੱਥੇ ਸੁਖਵੀਰ ਦਾ ਸਵਾਗਤ ਕੀਤਾ ਉੱਥੇ ਹੀ ਉਨ੍ਹਾਂ ਡਾ.ਐੱਸ.ਪੀ. ਸਿੰਘ ਉਬਰਾਏ ਦਾ ਵਿਸ਼ੇਸ਼ ਧੰਨਵਾਦ ਕਰਦਿਆਂ ਕਿਹਾ ਉਨ੍ਹਾਂ ਲਈ ਡਾ. ਓਬਰਾਏ ਕਿਸੇ ਰੱਬ ਦੇ ਫਰਿਸਤੇ ਤੋਂ ਘੱਟ ਨਹੀਂ ਹਨ। ਸੁਖਬੀਰ ਦੀ ਮਾਂ ਨੇ ਭਾਵੁਕ ਹੁੰਦਿਆਂ ਕਿਹਾ ਕਿ ਓਬਰਾਏ ਨੇ ਮੇਰੇ ਪੁੱਤ ਨੂੰ ਮੌਤ ਦੇ ਮੂੰਹੋਂ ਕੱਢ ਮੇਰੀ ਝੋਲੀ ਪਾਇਆ ਹੈ, ਰੱਬ ਮੇਰੀ ਉਮਰ ਵੀ ਉਸਨੂੰ ਲਾ ਦੇਵੇ। ਫਾਂਸੀ ਦੀ ਸਜਾ ਤੋਂ ਬਚ ਕੇ ਆਏ ਸੁਖਵੀਰ ਨੇ ਰੋਂਦਿਆਂ ਦੱਸਿਆ ਕਿ ਉਹ 2015 'ਚ ਰੁਜਗਾਰ ਲਈ ਦੁਬਈ ਗਿਆ ਸੀ ਕਿ 2018 ਵਿੱਚ ਉਹ ਇੱਕ ਕਤਲ ਦੇ ਕੇਸ ਵਿੱਚ ਫਸ ਗਏ, ਉਸ ਅਨੁਸਾਰ ਉਹ ਬੇਕਸੂਰ ਸਨ ਅਤੇ ਉਨ੍ਹਾਂ ਨੂੰ ਕੁਝ ਸਮਝ ਨਹੀਂ ਲੱਗਾ ਕਿ ਉਨ੍ਹਾਂ ਨਾਲ ਇਹ ਸਭ ਕੁਝ ਕਿੰਝ ਵਾਪਰ ਗਿਆ। ਉਸ ਨੇ ਕਿਹਾ ਕਿ ਡਾ. ਓਬਰਾਏ ਦਾ ਅਸੀਂ ਸਾਰੀ ਉਮਰ ਦੇਣ ਨਹੀਂ ਦੇ ਸਕਦੇ, ਉਹ ਖਾੜੀ ਮੁਲਕਾਂ ਵਿੱਚ ਫਸੇ ਸੈਂਕੜੇ ਲੋਕਾਂ ਲਈ ਰੱਬ ਦਾ ਰੂਪ ਹੀ ਹਨ। ਇਸ ਮੌਕੇ 'ਤੇ ਪਹੁੰਚੇ ਸਰਬੱਤ ਦਾ ਭਲਾ ਟਰੱਸਟ ਦੇ ਆਗੂ ਸੁਖਜਿੰਦਰ ਸਿੰਘ ਹੇਰ ਅਤੇ ਮਨਪ੍ਰੀਤ ਸਿੰਘ ਸੰਧੂ ਨੇ ਦੱਸਿਆ ਸਿਆਸੀ ਹੱਦਬੰਦੀਆਂ ਤੋਂ ਉੱਤੇ ਉੱਠ ਕੇ ਬਿਨਾਂ ਕਿਸੇ ਸਵਾਰਥ ਤੋਂ ਬੱਚਿਆਂ ਦੀ ਜ਼ਿੰਦਗੀਆਂ ਬਚਾਉਣ ਵਾਲੇ ਫਰਿਸਤੇ ਡਾ. ਓਬਰਾਏ ਦੀ ਬਦੌਲਤ ਸਾਲ 2010 ਤੋਂ ਲੈ ਕੇ ਹੁਣ ਤੱਕ ਲਗਭਗ 145 ਵਿਅਕਤੀਆਂ ਨੂੰ ਫਾਂਸੀ ਜਾਂ 45 ਸਾਲਾਂ ਤੱਕ ਦੀਆਂ ਲੰਮੀਆਂ ਸਜਾਵਾਂ ਤੋਂ ਮੁਕਤੀ ਮਿਲੀ ਹੈ। ਉਨ੍ਹਾਂ ਇਹ ਵੀ ਦੱਸਿਆ ਕਿ ਡਾ. ਓਬਰਾਏ ਵੱਲੋਂ ਸੁਖਵੀਰ ਲਈ ਪੰਜਾਬ ਅੰਦਰ ਹੀ ਰੁਜਗਾਰ ਦਾ ਪ੍ਰਬੰਧ ਵੀ ਕੀਤਾ ਜਾਵੇਗਾ।



ਕੌਮੀ ਪਤ੍ਰਿਕਾ

ਮੁੱਖ ਸੰਪਾਦਕ-ਗੁਰਚਰਨ ਸਿੰਘ ਬੱਬਰ, ਸਵਾਮੀ ਪ੍ਰਿੰਟਰ ਪਬਲਿਸ਼ਰ ਅਤੇ ਐਡੀਟਰ ਨੇ ਕੌਮੀ ਪਤ੍ਰਿਕਾ ਪ੍ਰਿੰਟਿੰਗ ਪ੍ਰੈਸ ਏ-144 ਇੰਡਸਟ੍ਰਿਅਲ ਏਰੀਆ ਸੈਕਟਰ ਏ-4, ਟ੍ਰੋਨਿਕਾ ਸਿਟੀ ਲੋਨੀ ਗਾਜ਼ਿਆਬਾਦ ਤੋਂ ਛਪਵਾ ਕੇ 5, ਬਹਾਦੁਰ ਸ਼ਾਹ ਜਫਰ ਮਾਰਗ ਨਵੀਂ ਦਿੱਲੀ-110002 ਤੋਂ ਪ੍ਰਕਾਸ਼ਿਤ ਕੀਤਾ ਹੈ।

Edited Printed Published and Owned by Gurcharan Singh Babbar 5, Bahadur Shah Zafar Marg New Delhi 110002. Printed at Qaumi Patrika Printing Press A-4 Tronica City Loni Ghaziabad

Ph. : 011-41509689
011-23315814
Mob. : 9971359517
9312262300

E-mail address:
qpatrika@gmail.com

R.N.I. No. 39272/81

Legal Advisors:
Advocate Mohd. Sajid
Advocate Dr. A.P.Singh
Advocate Manish Sharma
Advocate Pooja Bhaskar Sharma

## ਪੰਜਾਬ ਤੋਂ ਹਿਮਾਚਲ ਆਈ ਗੱਡੀ ਬੇਕਾਬੂ ਹੋ ਕੇ ਪੁਲ ਤੋਂ ਡਿੱਗੀ

ਨੈਸ਼ਨਲ ਡੈਸਕ 2 ਜੂਨ। ਹਿਮਾਚਲ ਪ੍ਰਦੇਸ਼ ਦੇ ਮੰਡੀ ਜ਼ਿਲ੍ਹੇ ਤੋਂ ਇੱਕ ਬਹੁਤ ਹੀ ਦੁਖਦਾਈ ਸੜਕ ਹਾਦਸੇ ਦੀ ਖ਼ਬਰ ਆਈ ਹੈ। ਇਹ ਹਾਦਸਾ ਐਤਵਾਰ ਨੂੰ ਕਟੌਲਾ ਖੇਤਰ ਦੇ ਨੇੜੇ ਸਥਿਤ ਆਈਆਈਟੀ ਕਮਾਂਡ ਪੁਲ ਦੇ ਨੇੜੇ ਵਾਪਰਿਆ, ਜਦੋਂ ਇੱਕ ਮਹਿੰਦਰਾ ਪਿਕਅੱਪ ਵਾਹਨ ਬੇਕਾਬੂ ਹੋ ਕੇ ਪੁਲ ਤੋਂ ਹੇਠਾਂ ਡਿੱਗ ਗਈ। ਇਸ ਦੁਖਦਾਈ ਹਾਦਸੇ ਵਿੱਚ 5 ਲੋਕਾਂ ਦੀ ਮੌਕੇ 'ਤੇ ਹੀ ਮੌਤ ਹੋ ਗਈ, ਜਦੋਂ ਕਿ ਇੱਕ ਵਿਅਕਤੀ ਗੰਭੀਰ ਜ਼ਖ਼ਮੀ ਹੋ ਗਿਆ ਹੈ। ਰਿਪੋਰਟਾਂ ਅਨੁਸਾਰ ਹਾਦਸੇ ਦਾ ਸ਼ਿਕਾਰ ਹੋਈ ਗੱਡੀ ਟੈਂਟ ਦਾ ਸਾਮਾਨ ਲੈ ਕੇ ਜਾ ਰਹੀ ਸੀ ਅਤੇ ਇਸ ਵਿੱਚ ਕੁੱਲ 6 ਲੋਕ ਸਵਾਰ ਸਨ। ਇਸ ਗੱਡੀ ਦਾ ਪੰਜਾਬ ਨੰਬਰ (ਪੀਬੀ 02 ਈਜੀ 4543) ਸੀ ਅਤੇ ਇਹ ਆਈਆਈਟੀ ਕਮਾਂਡ ਵੱਲ ਜਾ ਰਹੀ ਸੀ। ਗੱਡੀ ਅਚਾਨਕ ਪੁਲ ਦੇ ਨੇੜੇ ਕੰਟਰੋਲ ਤੋਂ ਬਾਹਰ ਹੋ ਗਈ ਅਤੇ ਢਲਾਣ ਕਾਰਨ ਸੰਤੁਲਨ ਗੁਆ ??ਬੈਠੀ। ਗੱਡੀ ਪੁਲ ਦੀ ਰੇਲਿੰਗ 'ਤੋ ਚੜ੍ਹ ਗਈ ਅਤੇ ਉੱਥੋਂ ਹੇਠਾਂ ਡਿੱਗ ਗਈ। ਸਥਾਨਕ ਲੋਕਾਂ ਨੇ ਦੱਸਿਆ ਕਿ ਇਸ ਨਵੇਂ ਪੁਲ ਨੂੰ ਅਜੇ ਰਸਮੀ ਤੌਰ 'ਤੇ ਨਹੀਂ ਖੋਲ੍ਹਿਆ ਗਿਆ ਹੈ, ਅਤੇ ਉੱਥੇ ਜ਼ਰੂਰੀ ਸੁਰੱਖਿਆ ਉਪਾਅ ਪੂਰੇ ਨਹੀਂ ਕੀਤੇ ਗਏ ਹਨ। ਪੁਲ 'ਤੇ ਇੱਕ ਤੇਜ਼ ਮੋੜ ਅਤੇ ਢਲਾਣ ਹੈ, ਜਿਸ 'ਤੇ ਡਰਾਈਵਰ ਨੇ ਆਪਣਾ ਕੰਟਰੋਲ ਗੁਆ ਦਿੱਤਾ। ਹਾਦਸੇ ਤੋਂ ਬਾਅਦ, ਗੱਡੀ ਉਹਲ ਨਦੀ ਵਿੱਚ ਅਤੇ ਸੜਕ 'ਤੇ ਡਿੱਗ ਗਈ। ਇਸ ਘਟਨਾ ਵਿੱਚ 5 ਲੋਕਾਂ ਦੀ ਮੌਕੇ 'ਤੇ ਹੀ ਮੌਤ ਹੋ ਗਈ, ਜਦੋਂ ਕਿ ਇੱਕ ਵਿਅਕਤੀ ਨੂੰ ਗੰਭੀਰ ਹਾਲਤ ਵਿੱਚ ਮੰਡੀ ਹਸਪਤਾਲ ਲਿਜਾਇਆ ਗਿਆ ਹੈ। ਡਾਕਟਰਾਂ ਅਨੁਸਾਰ ਉਸਦੀ ਹਾਲਤ ਨਾਜ਼ੁਕ ਬਣੀ ਹੋਈ ਹੈ। ਹਾਦਸੇ ਦੀ ਸੂਚਨਾ ਮਿਲਦੇ ਹੀ ਪੁਲਸ ਅਤੇ ਪ੍ਰਸ਼ਾਸਨ ਦੀ ਟੀਮ ਮੌਕੇ 'ਤੇ ਪਹੁੰਚ ਗਈ। ਰਾਹਤ ਅਤੇ ਬਚਾਅ ਕਾਰਜ ਤੁਰੰਤ ਸ਼ੁਰੂ ਕਰ ਦਿੱਤਾ ਗਿਆ। ਲਾਸ਼ਾਂ ਨੂੰ ਬਾਹਰ ਕੱਢ ਕੇ ਪਛਾਣ ਕੀਤੀ ਜਾ ਰਹੀ ਹੈ। ਦੱਸਿਆ ਜਾ ਰਿਹਾ ਹੈ ਕਿ ਮ੍ਰਿਤਕਾਂ ਵਿੱਚੋਂ ਕੁਝ ਪੰਜਾਬ ਤੇ ਹਰਿਆਣਾ ਦੇ ਸਨ। ਫਿਲਹਾਲ ਪੁਲਸ ਮਾਮਲੇ ਦੀ ਜਾਂਚ ਕਰ ਰਹੀ ਹੈ। ਸ਼ੁਰੂਆਤੀ ਜਾਣਕਾਰੀ ਅਨੁਸਾਰ ਹਾਦਸੇ ਦਾ ਇੱਕ ਵੱਡਾ ਕਾਰਨ ਪੁਲ ਦਾ ਨਿਰਮਾਣ ਅਧੀਨ ਹੋਣਾ ਅਤੇ ਸੁਰੱਖਿਆ ਉਪਾਵਾਂ ਦੀ ਘਾਟ ਮੰਨਿਆ ਜਾ ਰਿਹਾ ਹੈ। ਨਾਲ ਹੀ ਤੇਜ਼ ਢਲਾਣ ਅਤੇ ਮਾੜੇ ਮੋੜ ਕਾਰਨ, ਡਰਾਈਵਰ ਵਾਹਨ ਨੂੰ ਕੰਟਰੋਲ ਨਹੀਂ ਕਰ ਸਕਿਆ।

# ਆਬਕਾਰੀ ਵਿਭਾਗ ਦੀ ਨਾਜਾਇਜ਼ ਸ਼ਰਾਬ ਖਿਲਾਫ ਮੁਹਿੰਮ ਜਾਰੀ, ਕਈ ਥਾਵਾਂ 'ਤੇ ਲਾਏ ਪੋਸਟਰ

ਅੰਮ੍ਰਿਤਸਰ 2 ਜੂਨ। ਮਜੀਠਾ ਇਲਾਕੇ ਵਿਚ ਜ਼ਹਿਰੀਲੀ ਸ਼ਰਾਬ ਪੀਣ ਕਾਰਨ ਹੋਈਆਂ ਮੌਤਾਂ ਤੋਂ ਬਾਅਦ ਸਹਾਇਕ ਕਮਿਸ਼ਨਰ (ਆਬਕਾਰੀ) ਅੰਮ੍ਰਿਤਸਰ ਰੇਂਜ ਮਹੇਸ਼ ਗੁਪਤਾ, ਆਬਕਾਰੀ ਅਧਿਕਾਰੀ ਅੰਮ੍ਰਿਤਸਰ-1, ਲਲਿਤ ਕੁਮਾਰ ਨੇ ਕਿਹਾ ਕਿ ਗਰੀਬ ਦੇ ਘਰੋਂ ਨਿਕਲਣ ਵਾਲੀ ਸ਼ਰਾਬ ਦੀ ਕੋਈ ਉੱਚਿਤ ਡਿਗਰੀ ਨਹੀਂ ਹੁੰਦੀ ਅਤੇ ਕੁਝ ਸ਼ਰਾਰਤੀ ਅਨਸਰਾਂ ਵਲੋਂ ਨੇਲ-ਪਾਲਿਸ਼ ਬਣਾਉਣ ਵਿਚ ਇਸਤੇਮਾਲ ਹੋਣ ਵਾਲੇ ਮਿਥਾਈਲ-ਅਲਕੋਹਲ ਤੋਂ ਬਣੀ ਸ਼ਰਾਬ ਵੇਚੀ ਜਾਂਦੀ ਹੈ। ਉਕਤ ਅਧਿਕਾਰੀਆਂ ਨੇ ਮਾਹਿਰ ਡਾਕਟਰਾਂ ਦੇ ਹਵਾਲੇ ਨਾਲ ਕਿਹਾ ਹੈ ਕਿ ਇਸ ਦਾ ਸੇਵਨ ਜਿਗਰ ਨੂੰ ਨੁਕਸਾਨ ਪਹੁੰਚਾਉਂਦਾ ਹੈ ਅਤੇ ਮੌਤ ਦਾ ਖ਼ਤਰਾ ਵਧਾਉਂਦਾ ਹੈ। ਕੁਝ ਰੁਪਏ ਸਸਤੀ ਲੱਗਣ ਵਾਲੀ ਇਹ ਸ਼ਰਾਬ ਕੀਮਤੀ ਜਾਨਾਂ ਲਈ ਖ਼ਤਰਾ ਪੈਦਾ ਕਰਦੀ ਹੈ। ਇਹ ਜ਼ਿਆਦਾਤਰ ਆਮ ਗਰੀਬ ਵਰਗ ਦੇ ਲੋਕ ਪੀਂਦੇ ਹਨ, ਜੋ ਇਸ ਜ਼ਹਿਰੀਲੀ ਸ਼ਰਾਬ ਦੇ ਪ੍ਰਭਾਵਾਂ ਤੋਂ ਅਣਜਾਣ ਹੁੰਦੇ ਹਨ ਅਤੇ ਇਸ ਦਾ ਸ਼ਿਕਾਰ ਹੋ ਜਾਂਦੇ ਹਨ। ਅਧਿਕਾਰੀਆਂ ਨੇ ਖਪਤਕਾਰਾਂ ਨੂੰ ਸਿਰਫ਼ ਸਰਕਾਰ ਵਲੋਂ ਰਜਿਸਟਰਡ ਵਿਕਰੇਤਾਵਾਂ ਤੋਂ ਹੀ ਸ਼ਰਾਬ ਖਰੀਦਣ ਦੀ ਅਪੀਲ ਕੀਤੀ ਹੈ ਕਿਉਂਕਿ ਉਨ੍ਹਾਂ ਦੀਆਂ ਡਿਗਰੀਆਂ ਸਰਕਾਰ ਵਲੋਂ ਕੰਟਰੋਲ ਮਾਪਦੰਡਾਂ ਅਨੁਸਾਰ ਵੇਚੀਆਂ ਜਾਂਦੀਆਂ ਹਨ। ਇਸ ਮੌਕੇ ਆਬਕਾਰੀ ਇੰਸਪੈਕਟਰ ਰਵਿੰਦਰ ਬਾਜਵਾ, ਐੱਸ. ਐੱਚ. ਓ. ਮਕਬੂਲਪੁਰਾ ਇੰਸਪੈਕਟਰ ਹਰਪ੍ਰਕਾਸ਼ ਸਿੰਘ




ਸਮੇਤ ਆਬਕਾਰੀ ਪੁਲਸ ਅੰਮ੍ਰਿਤਸਰ-1 ਨੇ ਦੱਸਿਆ ਕਿ ਆਬਕਾਰੀ ਵਿਭਾਗ ਅਤੇ ਪੁਲਸ ਕਮਿਸ਼ਨਰੇਟ ਅੰਮ੍ਰਿਤਸਰ ਸਮੇਂ-ਸਮੇਂ 'ਤੇ ਨਾਜਾਇਜ਼ ਸ਼ਰਾਬ ਦਾ ਕਾਰੋਬਾਰ ਕਰਨ ਵਾਲਿਆਂ ਖਿਲਾਫ ਛਾਪੇਮਾਰੀ ਕਰਦੇ ਹਨ ਅਤੇ ਸਮੇਂ-ਸਮੇਂ 'ਤੇ ਜ਼ਹਿਰੀਲੀ ਸ਼ਰਾਬ ਦੀ ਮਿਲਾਵਟ ਅਤੇ ਵਿਕਰੀ ਵਿਚ ਸ਼ਾਮਲ ਸ਼ਰਾਰਤੀ ਅਨਸਰਾਂ ਖਿਲਾਫ ਆਬਕਾਰੀ ਐਕਟ-1914 ਤਹਿਤ ਕਾਰਵਾਈ ਕੀਤੀ ਜਾਂਦੀ ਹੈ। ਨਾਜਾਇਜ਼ ਸ਼ਰਾਬ ਦੇ ਕਾਰੋਬਾਰ ਖਿਲਾਫ ਸਖ਼ਤ ਰੁਖ਼ ਅਪਣਾਉਂਦੇ ਹੋਏ ਡਿਪਟੀ ਕਮਿਸ਼ਨਰ ਆਬਕਾਰੀ ਅੰਮ੍ਰਿਤਸਰ/ਜਲੰਧਰ ਰੇਂਜ ਸੁਰਿੰਦਰ ਕੁਮਾਰ ਗਰਗ ਨੇ ਨਾਜਾਇਜ਼ ਸ਼ਰਾਬ ਦੇ ਕਾਰੋਬਾਰ ਵਿਚ ਸ਼ਾਮਲ ਲੋਕਾਂ ਨੂੰ ਸਖ਼ਤ ਚਿਤਾਵਨੀ ਦਿੱਤੀ ਹੈ ਕਿ ਉਹ ਜਾਂ ਤਾਂ ਨਾਜਾਇਜ਼ ਸ਼ਰਾਬ ਦਾ ਕਾਰੋਬਾਰ ਛੱਡ ਦੇਣ ਜਾਂ ਇਲਾਕਾ ਛੱਡ ਦੇਣ। ਸਥਾਨਕ ਲੋਕਾਂ ਨੂੰ ਆਬਕਾਰੀ ਵਿਭਾਗ ਅਤੇ ਪੁਲਸ ਕਮਿਸ਼ਨਰੇਟ ਅੰਮ੍ਰਿਤਸਰ ਨਾਲ ਸਹਿਯੋਗ ਕਰਨ ਅਤੇ ਨਾਜਾਇਜ਼ ਸ਼ਰਾਬ ਦੇ ਕਾਰੋਬਾਰ ਵਿਚ ਸ਼ਾਮਲ ਸ਼ਰਾਰਤੀ ਅਨਸਰਾਂ ਖਿਲਾਫ ਸ਼ਿਕਾਇਤਾਂ ਦਰਜ ਕਰਵਾਉਣ ਲਈ ਹੈਲਪਲਾਈਨ (8968596393) 'ਤੇ ਸੰਪਰਕ ਕਰਨ ਲਈ ਕਿਹਾ , ਤਾਂ ਜੋ ਅਜਿਹੇ ਸ਼ਰਾਰਤੀ ਅਨਸਰਾਂ ਖਿਲਾਫ ਕਾਨੂੰਨੀ ਕਾਰਵਾਈ ਕੀਤੀ ਜਾ ਸਕੇ। ਗਰਗ ਨੇ ਕਿਹਾ ਕਿ ਜਾਣਕਾਰੀ ਦੇਣ ਵਾਲੇ ਵਿਅਕਤੀ ਦਾ ਨਾਂ ਪੂਰੀ ਤਰ੍ਹਾਂ ਗੁਪਤ ਰੱਖਿਆ ਜਾਵੇਗਾ।

## ਜਥੇਦਾਰ ਗੜਗੱਜ ਨੇ ਜਥੇਦਾਰ ਧਿਆਨ ਸਿੰਘ ਮੰਡ ਨਾਲ ਕੀਤੀ ਮੁਲਾਕਾਤ

ਫਿਰੋਜ਼ਪੁਰ 2 ਜੂਨ। ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਅੱਜ ਫਿਰੋਜ਼ਪੁਰ ਪਹੁੰਚੇ। ਇੱਥੇ ਉਨ੍ਹਾਂ ਵੱਲੋਂ ਸਰਬੱਤ ਖ਼ਾਲਸਾ ਦੇ ਥਾਪੇ ਜਥੇਦਾਰ ਧਿਆਨ ਸਿੰਘ ਮੰਡ ਨਾਲ ਉਨ੍ਹਾਂ ਦੀ ਰਿਹਾਇਸ਼ 'ਤੇ ਮੁਲਾਕਾਤ ਕੀਤੀ ਗਈ। ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਨੇ ਕਿਹਾ ਕਿ ਉਹ ਅੱਜ ਫਿਰੋਜ਼ਪੁਰ ਵਿਖੇ ਜਥੇਦਾਰ ਧਿਆਨ ਸਿੰਘ ਮੰਡ ਦਾ ਹਾਲ-ਚਾਲ ਜਾਣਨ ਲਈ ਪਹੁੰਚੇ ਹਨ। ਪਿਛਲੇ ਦਿਨੀਂ ਉਨ੍ਹਾਂ ਦੀ ਸਿਹਤ ਠੀਕ ਨਾ ਹੋਣ ਦੇ ਕਾਰਨ ਉਹ ਅੱਜ ਇੱਥੇ ਪੁੱਜੇ ਹਨ। ਜਥੇਦਾਰ ਗੜਗੱਜ ਨੇ ਕਿਹਾ ਕਿ ਉਨ੍ਹਾਂ ਦੇ ਪਰਿਵਾਰ ਨੇ ਸਿੱਖ ਕੌਮ ਲਈ ਕਈ ਸ਼ਹਾਦਤਾਂ ਦਿੱਤੀਆਂ ਹਨ। ਭਾਈ ਰਣਜੀਤ ਸਿੰਘ ਢੱਡਰੀਆਂ ਵਾਲਿਆਂ ਨੂੰ ਮੁਆਫ਼ੀ ਦੇਣ ਬਾਰੇ ਬੋਲਦਿਆਂ ਜਥੇਦਾਰ ਗੜਗੱਜ ਨੇ ਕਿਹਾ ਕਿ ਸਭ ਸਿੱਖ ਸ੍ਰੀ ਅਕਾਲ ਤਖ਼ਤ ਸਾਹਿਬ ਨੂੰ ਸਮਰਪਿਤ ਹਨ ਅਤੇ ਉਨ੍ਹਾਂ ਦੀ ਛਤਰ-ਛਾਇਆ ਨੂੰ ਸੁਪਰੀਮ ਮੰਨਦੇ ਹਨ ਅਤੇ ਮੰਨਦੇ ਰਹਿਣਗੇ। ਧਿਆਨ ਸਿੰਘ ਮੰਡ ਨੇ ਕਿਹਾ ਕਿ ਅੱਜ ਮੇਰਾ ਹਾਲ-ਚਾਲ ਜਾਣਨ ਲਈ ਜਥੇਦਾਰ ਸਾਹਿਬ ਪਹੁੰਚੇ ਹਨ। ਅਸੀਂ ਕਾਫ਼ੀ ਦੇਰ ਤੋਂ ਇਕੱਠੇ ਸੰਘਰਸ਼ ਕਰਦੇ ਰਹੇ ਹਾਂ ਅਤੇ ਇੱਕ-ਦੂਜੇ ਨੂੰ ਪਹਿਲਾਂ ਵੀ ਮਿਲਦੇ ਰਹੇ ਹਾਂ। ਉਨ੍ਹਾਂ ਕਿਹਾ ਕਿ ਜੇਕਰ ਕੋਈ ਕਿਸੇ ਦਾ ਹਾਲ-ਚਾਲ ਜਾਣਨ ਲਈ ਆਉਂਦਾ ਹੈ ਤਾਂ ਉਸਦਾ ਸੁਆਗਤ ਕਰਨਾ ਸਾਡਾ ਫਰਜ਼ ਹੈ।

# .ਗੈਰ ਮਰਦ ਨਾਲ ਫੜੀ ਗਈ ਔਰਤ ਨੇ ਵੱਢ ਸੁੱਟਿਆ ਆਪਣਾ ਹੀ ਘਰਵਾਲਾ

ਨੈਸ਼ਨਲ ਡੈਸਕ 2 ਜੂਨ। ਬਿਹਾਰ ਦੇ ਗੋਪਾਲਗੰਜ ਜ਼ਿਲ੍ਹੇ ਤੋਂ ਇੱਕ ਸਨਸਨੀਖੇਜ਼



ਘਟਨਾ ਸਾਹਮਣੇ ਆਈ ਹੈ, ਜਿੱਥੇ ਇੱਕ ਔਰਤ ਜੋ ਆਪਣੇ ਦਿਓਰ ਦੇ ਇਸ਼ਕ 'ਚ ਅੰਨ੍ਹੀ ਹੋ ਗਈ। ਔਰਤ ਨੇ ਪਤੀ ਨੂੰ ਇਸ਼ਕ 'ਚ ਰੋੜਾ ਬਣੇ ਦੇਖ ਤਲਵਾਰ ਨਾਲ ਗਲਾ ਵੱਢ ਕੇ ਬੇਰਹਿਮੀ ਨਾਲ ਕਤਲ ਕਰ ਦਿੱਤਾ। ਦੱਸਿਆ ਜਾ ਰਿਹਾ ਹੈ ਕਿ ਮ੍ਰਿਤਕ ਪੰਜਾਬ ਵਿੱਚ ਕੰਮ ਕਰਦਾ ਸੀ ਤੇ ਦੋ ਦਿਨ ਪਹਿਲਾਂ ਹੀ ਆਪਣੇ ਘਰ ਆਇਆ ਸੀ। ਇਸ ਘਟਨਾ ਤੋਂ ਬਾਅਦ ਇਲਾਕੇ 'ਚ ਸਨਸਨੀ ਫੈਲ ਗਈ। ਪੁਲਸ ਨੇ ਇਸ ਮਾਮਲੇ 'ਚ ਤੁਰੰਤ ਕਾਰਵਾਈ ਕਰਦਿਆਂ ਔਰਤ ਤੇ ਉਸਦੇ ਪ੍ਰੇਮੀ ਦਿਓਰ ਨੂੰ ਗ੍ਰਿਫ਼ਤਾਰ ਕਰ ਲਿਆ। ਜਾਣਕਾਰੀ ਅਨੁਸਾਰ ਇਹ ਮਾਮਲਾ ਬਰੌਲੀ ਥਾਣਾ ਖੇਤਰ ਦੇ ਅਧੀਨ ਆਉਂਦੇ ਪਿੰਡ ਬਤਰਦੇਹ ਟੋਲਾ ਕਥਾਰੀ ਬਾੜੀ ਦਾ ਹੈ। ਮ੍ਰਿਤਕ ਦੀ ਪਛਾਣ 35 ਸਾਲਾ ਧਰੁਵ ਪ੍ਰਸਾਦ ਵਜੋਂ ਹੋਈ ਹੈ। ਦੱਸਿਆ ਜਾ ਰਿਹਾ ਹੈ ਕਿ ਧਰੁਵ ਪ੍ਰਸਾਦ ਦੋ ਦਿਨ ਪਹਿਲਾਂ ਹੀ ਪੰਜਾਬ ਤੋਂ ਵਾਪਸ ਆਇਆ ਸੀ। ਇਸ ਦੌਰਾਨ ਉਸਨੇ ਆਪਣੀ ਪਤਨੀ ਨੂੰ ਰਾਤ ਨੂੰ ਆਪਣੇ ਚਚੇਰੇ ਭਰਾ ਨਾਲ ਆਪਣੇ ਕਮਰੇ 'ਚ ਇਤਰਾਜਯੋਗ ਹਾਲਤ 'ਚ ਸੁੱਤੇ ਫੜ ਲਿਆ, ਜਿਸ ਤੋਂ ਬਾਅਦ ਧਰੁਵ ਨੇ ਆਪਣੀ ਪਤਨੀ ਦੀ ਕੁੱਟਮਾਰ ਕੀਤੀ। ਇਸ ਪੂਰੀ ਘਟਨਾ ਤੋਂ ਬਾਅਦ, ਪਤਨੀ ਅਤੇ ਉਸਦੇ ਪ੍ਰੇਮੀ ਨੇ ਮਿਲ ਕੇ ਧਰੁਵ ਨੂੰ ਖਤਮ ਕਰਨ ਦਾ ਫੈਸਲਾ ਕੀਤਾ। ਸ਼ਨੀਵਾਰ ਰਾਤ ਨੂੰ ਕਰੀਬ 11 ਵਜੇ ਕਮਰੇ ਵਿੱਚ ਸੌਂ ਰਹੇ ਧਰੁਵ ਪ੍ਰਸਾਦ ਨੂੰ ਉਸਦੀ ਪਤਨੀ ਨੇ ਉਸਦੇ ਪ੍ਰੇਮੀ ਨਾਲ ਮਿਲ ਕੇ ਕਤਲ ਕਰ ਦਿੱਤਾ। ਮ੍ਰਿਤਕ ਦੇ ਪਿਤਾ ਨੇ ਇਸ ਘਟਨਾ ਬਾਰੇ ਪੁਲਸ ਨੂੰ ਸੂਚਿਤ ਕੀਤਾ। ਪੁਲਸ ਨੇ ਇਸ ਮਾਮਲੇ 'ਚ ਤੁਰੰਤ ਕਾਰਵਾਈ ਕਰਦਿਆਂ ਦੋਵਾਂ ਮੁਲਜ਼ਮਾਂ ਨੂੰ ਗ੍ਰਿਫ਼ਤਾਰ ਕਰ ਲਿਆ। ਮੁਲਜ਼ਮਾਂ ਦੀ ਪਛਾਣ ਮ੍ਰਿਤਕ ਦੀ ਪਤਨੀ ਕਿਰਨ ਦੇਵੀ ਅਤੇ 25 ਸਾਲਾ ਵਿਕਾਸ ਕੁਮਾਰ ਵਜੋਂ ਹੋਈ ਹੈ।

## ਫਿਰੋਜ਼ਪੁਰ ਜੇਲ੍ਹ 'ਚੋਂ ਤਲਾਸ਼ੀ ਦੌਰਾਨ 6 ਮੋਬਾਇਲ ਫੋਨ ਬਰਾਮਦ

ਫਿਰੋਜ਼ਪੁਰ 2 ਜੂਨ। ਜੇਲ੍ਹ ਸੁਪਰੀਡੈਂਟ ਸਤਨਾਮ ਸਿੰਘ ਦੇ ਨਿਰਦੇਸ਼ਾਂ ਅਨੁਸਾਰ ਕੇਂਦਰੀ ਜੇਲ੍ਹ ਫਿਰੋਜ਼ਪੁਰ 'ਚ ਜੇਲ੍ਹ ਸਟਾਫ਼ ਵੱਲੋਂ ਤਲਾਸ਼ੀ ਮੁਹਿੰਮ ਚਲਾਈ ਗਈ ਤਾਂ 6 ਮੋਬਾਇਲ ਫੋਨ ਬਰਾਮਦ ਹੋਏ। ਇਹ ਜਾਣਕਾਰੀ ਦਿੰਦੇ ਹੋਏ ਥਾਣਾ ਸਿਟੀ ਫਿਰੋਜ਼ਪੁਰ ਦੇ ਏ. ਐੱਸ. ਆਈ. ਗੁਰਦੀਪ ਸਿੰਘ ਨੇ ਦੱਸਿਆ ਕਿ ਇਸ ਬਰਾਮਦਗੀ ਸਬੰਧੀ ਜੇਲ੍ਹ ਦੇ ਸਹਾਇਕ ਸੁਪਰੀਡੈਂਟ ਵੱਲੋਂ ਭੇਜੀ ਗਈ ਲਿਖਤੀ ਜਾਣਕਾਰੀ ਦੇ ਆਧਾਰ 'ਤੇ 7 ਹਵਾਲਾਤੀਆਂ ਖ਼?ਲਾਫ਼ ਮਾਮਲਾ ਦਰਜ ਕੀਤਾ ਗਿਆ ਹੈ। ਉਨ੍ਹਾਂ ਦੱਸਿਆ ਕਿ ਜੇਲ੍ਹ ਅਧਿਕਾਰੀਆਂ ਵੱਲੋਂ ਭੇਜੀ ਗਈ ਜਾਣਕਾਰੀ ਅਨੁਸਾਰ ਹਵਾਲਾਤੀ ਸੁਰਿੰਦਰ ਸਿੰਘ, ਹਵਾਲਾਤੀ ਗੁਰਮਨਪ੍ਰੀਤ ਸਿੰਘ, ਕਰਨਦੀਪ ਸਿੰਘ, ਹਵਾਲਾਤੀ ਤਰੁਣ ਉਰਫ਼ ਬਾਦਲ, ਹਵਾਲਾਤੀ ਬਲਜਿੰਦਰ ਸਿੰਘ ਉਰਫ਼ ਲਵਲੀ, ਹਵਾਲਾਤੀ ਸੌਲਵ ਸਿੰਘ ਅਤੇ ਹਵਾਲਾਤੀ ਸੁਖਚੈਨ ਸਿੰਘ ਤੋਂ ਤਲਾਸ਼ੀ ਦੌਰਾਨ 5 ਕੀਪੈਡ ਫ਼ੋਨ ਅਤੇ ਇੱਕ ਟੱਚ ਸਕਰੀਨ ਮੋਬਾਇਲ ਫ਼ੋਨ ਬਰਾਮਦ ਕੀਤਾ ਗਿਆ ਹੈ।

### ਪਾਰਕ 'ਚ ਸੈਰ ਕਰਨ ਗਈ ਔਰਤ ਨੇ ਚੁੱਕ ਲਿਆ ਖ਼ੌਫ਼ਨਾਕ ਕਦਮ

ਨੈਸ਼ਨਲ ਡੈਸਕ 2 ਜੂਨ। ਹਰਿਆਣਾ ਦੇ ਅੰਬਾਲਾ ਜ਼ਿਲ੍ਹੇ ਤੋਂ ਇਕ ਸਨਸਨੀਖੇਜ਼ ਖ਼ਬਰ ਸਾਹਮਣੇ ਆ ਰਹੀ ਹੈ, ਜਿੱਥੇ ਇਕ 65 ਸਾਲ ਦੇ ਕਰੀਬ ਔਰਤ ਨੇ ਤਲਾਬ 'ਚ ਛਾਲ ਮਾਰ ਕੇ ਆਪਣੀ ਜੀਵਨਲੀਲਾ ਸਮਾਪਤ ਕਰ ਲਈ। ਜਾਣਕਾਰੀ ਦਿੰਦੇ ਹੋਏ ਪੁਲਸ ਅਧਿਕਾਰੀਆਂ ਨੇ ਦੱਸਿਆ ਕਿ ਉਕਤ ਔਰਤ ਡਾਕ ਵਿਭਾਗ 'ਚ ਕੰਮ ਕਰਦੀ ਸੀ ਤੇ ਰਿਟਾਇਰ ਹੋ ਚੁੱਕੀ ਸੀ। ਇਸ ਦੌਰਾਨ ਉਹ ਸਵੇਰੇ 5 ਵਜੇ ਦੇ ਕਰੀਬ ਸੁਭਾਸ਼ ਪਾਰਕ 'ਚ ਸੈਰ ਕਰਨ ਗਈ ਸੀ। ਇਸੇ ਦੌਰਾਨ ਉਸ ਨੇ ਪਾਰਕ ਦੇ ਅੰਦਰ ਬਣੇ ਤਲਾਬ 'ਚ ਛਾਲ ਮਾਰ ਦਿੱਤੀ। ਉਸ ਨੂੰ ਦੇਖ ਆਸ-ਪਾਸ ਦੇ ਲੋਕਾਂ ਨੂੰ ਭਾਜੜਾਂ ਪੈ ਗਈਆਂ ਤੇ ਇਸੇ ਦੌਰਾਨ ਪੁਲਸ ਨੂੰ ਸੂਚਿਤ ਕੀਤਾ ਗਿਆ।

# ਭਾਰੀ ਮਾਤਰਾ 'ਚ ਨਸ਼ੀਲੀਆਂ ਗੋਲੀਆਂ ਤੇ ਕੈਪਸੂਲ ਬਰਾਮਦ, ਤਿੰਨ ਵਿਰੁੱਧ ਮਾਮਲਾ ਦਰਜ

ਭਵਾਨੀਗੜ੍ਹ 2 ਜੂਨ। ਪੰਜਾਬ ਸਰਕਾਰ ਤੇ ਪੁਲਸ ਵੱਲੋਂ ਸੂਬੇ ਨੂੰ ਪੂਰੀ ਤਰ੍ਹਾਂ ਨਸ਼ਾ ਮੁਕਤ ਕਰਨ ਲਈ ਯੁੱਧ ਨਸ਼ੇ ਵਿਰੁੱਧ ਦੀ ਚਲਾਈ ਮੁਹਿੰਮ ਤਹਿਤ ਸਥਾਨਕ ਪੁਲਸ ਵੱਲੋਂ ਨੇੜਲੇ ਪਿੰਡ ਕਪਿਆਲ ਨੜਿਓ ਭਾਰੀ ਮਾਤਰਾ 'ਚ ਨਸ਼ੀਲੀਆਂ ਗੋਲੀਆਂ ਤੇ ਕੈਪਸੂਲ ਬਰਾਮਦ ਕਰਕੇ ਤਿੰਨ ਵਿਅਕਤੀਆਂ ਵਿਰੁੱਧ ਮਾਮਲਾ ਦਰਜ ਕਰਨ ਦਾ ਸਮਾਚਾਰ ਪ੍ਰਾਪਤ ਹੋਇਆ। ਪ੍ਰਾਪਤ ਜਾਣਕਾਰੀ ਅਨੁਸਾਰ ਪੁਲਸ ਚੈਕ ਪੋਸਟ ਘਰਾਚੋਂ ਦੇ ਇੰਚਾਰਜ ਸਹਾਇਕ ਸਬ ਇੰਸਪੈਕਟਰ ਮੇਹਰ ਸਿੰਘ ਜਦੋਂ ਆਪਣੀ ਪੁਲਸ ਪਾਰਟੀ ਸਮੇਤ ਬੱਸ ਸਟੈਂਡ ਘਰਾਚੋਂ ਵਿਖੇ ਮੌਜੂਦ ਸਨ ਤਾਂ ਮੁਖਬਰ ਖਾਸ ਨੇ ਪੁਲਸ ਨੂੰ ਸੂਚਨਾ ਦਿੱਤੀ ਕਿ ਪੱਪੂ ਕੁਮਾਰ ਪੁੱਤਰ ਕੀਰਤ ਕੁਮਾਰ ਵਾਸੀ ਕਪਿਆਲ ਅਤੇ ਸਰਬਜੀਤ ਸਿੰਘ ਪੁੱਤਰ ਸਿਵਜੀ ਰਾਮ ਵਾਸੀ ਝਨੇੜੀ ਜੋ ਕਿ ਕਥਿਤ ਤੌਰ 'ਤੇ ਨਸ਼ੇ ਵਾਲੀਆਂ ਗੋਲੀਆਂ ਅਤੇ ਕੈਪਸੂਲ ਲਿਆ ਕੇ ਪਿੰਡ ਕਪਿਆਲ, ਰੇਤਗੜ੍ਹ ਅਤੇ ਆਸ ਪਾਸ ਦੇ ਹੋਰ ਪਿੰਡਾਂ 'ਚ ਵੇਚਣ ਦਾ ਕੰਮ ਕਰਦੇ ਹਨ ਅਤੇ ਅੱਜ ਵੀ ਪੱਪੂ ਕੁਮਾਰ ਤੇ



ਸਰਬਜੀਤ ਸਿੰਘ ਆਪਣੀ ਕਾਰ 'ਚ ਭਾਰੀ ਮਾਤਰਾ 'ਚ ਨਸ਼ੇ ਵਾਲੀਆਂ ਗੋਲੀਆਂ ਤੇ ਕੈਪਸੂਲ ਲੈ ਕੇ ਸੰਗਰੂਰ ਸਾਇਡ ਤੋਂ ਵਾਇਆ ਰੇਤਗੜ੍ਹ ਕਪਿਆਲ ਆ ਰਹੇ ਹਨ। ਪੁਲਸ ਨੂੰ ਸੂਚਨਾ ਦੇ ਅਧਾਰ 'ਤੇ ਪਿੰਡ ਕਪਿਆਲ ਵਿਖੇ ਨਾਕਾਬੰਦੀ ਕਰਕੇ ਜਦੋਂ ਵਾਹਨਾਂ ਦੀ ਚੈਕਿੰਗ ਸ਼ੁਰੂ ਕੀਤੀ ਤਾਂ ਇਸ ਦੌਰਾਨ ਪੁਲਸ ਨੇ ਉਕਤ ਵਿਅਕਤੀਆਂ ਦੇ ਕਬਜ਼ੇ 'ਚੋਂ 7500 ਕੈਪਸੂਲ ਅਤੇ 1200 ਗੋਲੀਆਂ ਬਰਾਮਦ ਕਰਕੇ ਇਨ੍ਹਾਂ ਦੋਨਾਂ ਵਿਰੁੱਧ ਨਸ਼ਾ ਵਿਰੋਧੀ ਐਕਟ ਦੀ ਧਾਰਾ ਅਧੀਨ ਮਾਮਲਾ ਦਰਜ ਕਰਕੇ ਇਨ੍ਹਾਂ ਨੂੰ ਇਹ ਕੈਪਸੂਲ ਅਤੇ ਗੋਲੀਆਂ ਸਪਲਾਈ ਕਰਨ ਵਾਲੇ ਇਕ ਹੋਰ ਵਿਅਕਤੀ ਅਮਿਤ ਕੁਮਾਰ ਪੁੱਤਰ ਰਮੇਸ ਕੁਮਾਰ ਵਾਸੀ ਪ੍ਰੇਮ ਬਸਤੀ ਸੰਗਰੂਰ ਨੂੰ ਵੀ ਇਸ ਮੁਕੱਦਮੇ 'ਚ ਨਾਮਜਦ ਕੀਤਾ ਗਿਆ।

## ਇੰਦਰਾ ਗਾਂਧੀ ਨੇ ਭਾਰਤੀ ਫੌਜ ਨੂੰ ਹਰਿਮੰਦਰ ਸਾਹਿਬ ਤੇ ਹਮਲਾ ਕਰਨ ਦਾ ਹੁਕਮ.....

Contd......Front page

**ਇਹ ਕਮਿਸ਼ਨ ਇਹ ਪਤਾ ਲਗਾਵੇ ਕਿ:**

- ਓਪਰੇਸ਼ਨ ਦਾ ਹੁਕਮ ਕਿਹੜਾ ਸੀ ਅਤੇ ਕਿਨ੍ਹਾਂ ਆਧਾਰਾਂ ਤੇ ਸੀ?
- ਕਿੰਨੀ ਨਿਰਦੋਸ਼ ਸੰਗਤ ਮਾਰੀ ਗਈ?
- ਕਿੰਨੇ ਲੋਕ ਗ੍ਰਿਫ਼ਤਾਰ ਹੋਏ ਅਤੇ ਉਨ੍ਹਾਂ ਨੂੰ ਕਿੱਥੇ ਲਿਜਾਇਆ ਗਿਆ?
- ਲਾਸ਼ਾਂ ਦਾ ਕੀ ਕੀਤਾ ਗਿਆ?
- ਫੌਜ ਨੇ ਕਿੰਨੀਆਂ ਲਾਸ਼ਾਂ ਬਰਾਮਦ ਕੀਤੀਆਂ ਅਤੇ ਕਿੱਥੇ ਸੁੱਟੀਆਂ ਗਈਆਂ?

ਕਮਿਸ਼ਨ ਦੀ ਅੰਤਿਮ ਰਿਪੋਰਟ ਜਨਤਾ ਸਾਹਮਣੇ ਆਉਣੀ ਚਾਹੀਦੀ ਹੈ, ਅਤੇ ਇਹ ਭਵਿੱਖ ਵਿਚ ਸਰਕਾਰ ਨੂੰ ਇਹ ਵੀ ਸਿਫ਼ਾਰਸ਼ ਕਰੇ ਕਿ ਇਹੋ ਜਿਹੀ ਤ੍ਰਾਸਦੀ ਦੁਬਾਰਾ ਕਦੇ ਨਾ ਹੋਵੇ। ਭਾਰਤ, ਜਦ ਤੱਕ ਆਪਣੀਆਂ ਇਤਿਹਾਸਕ ਗਲਤੀਆਂ ਨੂੰ ਨਹੀਂ ਮੰਨਦਾ, ਤਦ ਤੱਕ ਅਸਲ ਲੋਕਤੰਤਰ ਨਹੀਂ ਬਣ ਸਕਦਾ। ਸਿੱਖ ਕੌਮ ਦੇ ਦੁੱਖ ਨੂੰ ਮੰਨਣਾ, ਸੱਚਾਈ ਨੂੰ ਸਮਝਣਾ ਅਤੇ ਇਨਸਾਫ਼ ਦੇਣਾ , ਭਾਰਤ ਨੂੰ ਕਮਜ਼ੋਰ ਨਹੀਂ ਕਰੇਗਾ, ਸਗੋਂ ਹੋਰ ਮਜ਼ਬੂਤ ਬਣਾਏਗਾ। ਆਉਣ ਵਾਲੀ ਇਹ ਵਰ੍ਹੇਗੰਢ ਸਿਰਫ਼ ਖਾਮੋਸ਼ੀ ਨਾਲ ਨਾ ਲੰਘ ਜਾਵੇ , ਇਹ ਇਨਸਾਫ਼ ਅਤੇ ਸੱਚ ਦੀ ਪੁਕਾਰ ਬਣੇ।

## ਪੁਸ਼ਪਾ' ਦੀ ਤਰਜ਼ 'ਤੇ ਹੋ ਰਹੀ ਸੀ ਸਮੱਗਲਿੰਗ ! ਕਰੋੜਾਂ ਦੀ ਲੱਕੜ ਤੇ 61 ਟਰੱਕ ਕਾਬੂ

ਨੈਸ਼ਨਲ ਡੈਸਕ 2 ਜੂਨ। ਮਣੀਪੁਰ ਤੋਂ ਇਕ ਹੈਰਾਨ ਕਰਨ ਵਾਲੀ ਖ਼ਬਰ ਸਾਹਮਣੇ ਆ ਰਹੀ ਹੈ, ਜਿੱਥੋਂ ਦੇ ਤੇਂਗਨੋਪਲ ਜ਼ਿਲ੍ਹੇ ਵਿੱਚ 'ਪੁਸ਼ਪਾ' ਫ਼?ਲਮ ਦੀ ਤਰਜ਼ 'ਤੇ ਕਰੋੜਾਂ ਰੁਪਏ ਦੀ ਗ਼ੈਰ-ਕਾਨੂੰਨੀ ਤੌਰ 'ਤੇ ਲਿਆਂਦੀ ਗਈ ਲੱਕੜੀ ਬਰਾਮਦ ਕੀਤੀ ਗਈ ਹੈ। ਅਸਾਮ ਰਾਈਫਲਜ਼ ਮਾਮਲੇ ਦੀ ਜਾਣਕਾਰੀ ਦਿੰਦੇ ਹੋਏ ਕਿਹਾ ਕਿ 23 ਮਈ ਨੂੰ ਕੀਤੀ ਗਈ ਕਾਰਵਾਈ ਦੌਰਾਨ 610 ਟਨ ਲੱਕੜ ਲੈ ਕੇ ਜਾਣ ਵਾਲੇ 61 ਵਾਹਨ ਜ਼ਬਤ ਕੀਤੇ ਗਏ ਸਨ। ਇਸ ਦੌਰਾਨ ਅਸਾਮ ਰਾਈਫਲਜ਼ ਨੇ ਮਣੀਪੁਰ ਪੁਲਸ ਦੇ ਸਹਿਯੋਗ ਨਾਲ 23 ਮਈ ਨੂੰ 3.10 ਕਰੋੜ ਰੁਪਏ ਦੀ ਲਗਭਗ 610 ਟਨ ਗੈਰ-ਕਾਨੂੰਨੀ ਢੰਗ ਨਾਲ ਲਿਜਾਈ ਗਈ ਲੱਕੜੀ ਜ਼ਬਤ ਕੀਤੀ। 'ਐਕਸ' 'ਤੇ ਸਾਂਝੀ ਕੀਤੀ ਗਈ ਇਸ ਪੋਸਟ 'ਚ ਅਰਧ ਸੈਨਿਕ ਬਲਾਂ ਨੇ ਦੱਸਿਆ ਕਿ ਸਾਰੇ 61 ਵਾਹਨ ਜ਼ਬਤ ਕਰ ਲਏ ਗਏ ਹਨ ਅਤੇ ਮੋਟਰ ਵਾਹਨ ਐਕਟ 2019 ਅਤੇ ਮਣੀਪੁਰ ਜੰਗਲਾਤ ਨਿਯਮਾਂ 2021 ਦੇ ਤਹਿਤ ਕਾਨੂੰਨੀ ਕਾਰਵਾਈ ਸ਼ੁਰੂ ਕਰ ਦਿੱਤੀ ਗਈ ਹੈ। ਉਨ੍ਹਾਂ ਕਿਹਾ ਕਿ ਜ਼ਬਤ ਕੀਤੀ ਗਈ ਲੱਕੜ ਅਤੇ ਵਾਹਨਾਂ ਨੂੰ ਅੱਗੇ ਦੀ ਜਾਂਚ ਲਈ ਤੇਂਗਨੋਪਲ ਪੁਲਿਸ ਸਟੇਸ਼ਨ



ਦੇ ਹਵਾਲੇ ਕਰ ਦਿੱਤਾ ਗਿਆ ਹੈ। ਇੱਥੇ ਇੱਕ ਅਧਿਕਾਰੀ ਨੇ ਕਿਹਾ ਕਿ ਲੱਕੜ ਦੀ ਖੇਪ ਦੇ ਸਰੋਤ ਅਤੇ ਮੰਜ਼ਿਲ ਦਾ ਪਤਾ ਲਗਾਉਣ ਲਈ ਜਾਂਚ ਕੀਤੀ ਜਾ ਰਹੀ ਹੈ। ਉਨ੍ਹਾਂ ਕਿਹਾ ਕਿ ਪੁਲਸ ਇਹ ਪਤਾ ਲਗਾਉਣ ਦੀ ਕੋਸ਼ਿਸ਼ ਕਰ ਰਹੀ ਹੈ ਕਿ ਕੀ ਲੱਕੜ ਗੁਆਂਢੀ ਦੇਸ਼ ਮਿਆਂਮਾਰ ਤੋਂ ਤਸਕਰੀ ਕੀਤੀ ਗਈ ਸੀ ? ਜ਼ਿਕਰਯੋਗ ਹੈ ਕਿ ਮਣੀਪੁਰ ਦੀ ਮਿਆਂਮਾਰ ਨਾਲ 398 ਕਿਲੋਮੀਟਰ ਲੰਬੀ ਸਰਹੱਦ ਹੈ, ਜਿਸ ਵਿੱਚੋਂ ਸਿਰਫ਼ 10 ਕਿਲੋਮੀਟਰ 'ਤੇ ਸੁਰੱਖਿਆ ਲਈ ਕੰਡਿਆਲੀ ਤਾਰ ਲਗਾਈ ਗਈ ਹੈ।

## ਪਿੰਡ ਦਾ ਸਰਪੰਚ ਹੋ ਗਿਆ ਗ੍ਰਿਫ਼ਤਾਰ ! ਹੈਰਾਨ ਕਰੇਗਾ ਮਾਮਲਾ

ਨੈਸ਼ਨਲ ਡੈਸਕ 2 ਜੂਨ। ਰਾਜਸਥਾਨ ਦੇ ਸ਼?ਰੀਗੰਗਾਨਗਰ ਜ਼ਿਲ੍ਹੇ ਤੋਂ ਇਕ ਹੈਰਾਨ ਕਰਨ ਵਾਲੀ ਖ਼ਬਰ ਸਾਹਮਣੇ ਆ ਰਹੀ ਹੈ, ਜਿੱਥੋਂ ਦੇ ਸੂਰਤਗੜ੍ਹ ਅਧੀਨ ਪੈਂਦੇ ਮੋਕਲਸਰ ਗ੍ਰਾਮ ਪੰਚਾਇਤ ਦੇ ਸਰਪੰਚ ਗਣੇਸ਼ਰਾਮ ਗੋਦਾਰਾ ਨੂੰ 10 ਹਜ਼ਾਰ ਰੁਪਏ ਰਿਸ਼ਵਤ ਲੈਣ ਦੇ ਮਾਮਲੇ 'ਚ ਗ੍ਰਿਫ਼ਤਾਰ ਕਰ ਲਿਆ ਗਿਆ ਹੈ। ਜਾਣਕਾਰੀ ਦਿੰਦੇ ਹੋਏ ਭ੍ਰਿਸ਼ਟਾਚਾਰ ਰੋਕੂ ਬਿਊਰੋ ਦੇ ਡਾਇਰੈਕਟਰ ਡਾ. ਰਵੀ ਪ੍ਰਕਾਸ਼ ਮੇਹਰੜਾ ਨੇ ਦੱਸਿਆ ਕਿ ਏ.ਸੀ.ਬੀ. ਚੌਕੀ ਹਨੂੰਮਾਨਗੜ੍ਹ ਨੂੰ ਸ਼ਿਕਾਇਤਕਰਤਾ ਨੇ ਦੱਸਿਆ ਕਿ ਸਰਪੰਚ ਗਣੇਸ਼ਰਾਮ ਨੇ ਉਸ ਦੇ ਪਿਤਾ ਦੇ ਨਾਂ ਦੀ ਪ੍ਰਧਾਨ ਮੰਤਰੀ ਆਵਾਸ ਯੋਜਨਾ ਦੀ ਰਕਮ ਮਨਜ਼ੂਰ ਕਰਨ ਬਦਲੇ 12 ਹਜ਼ਾਰ ਰੁਪਏ ਰਿਸ਼ਵਤ ਮੰਗੀ ਹੈ।

# ਪੁਲਸ ਨੇ ਟਰੈਪ ਲਗਾ ਕੇ ਨੱਪ ਲਿਆ ਗੈਂਗਸਟਰ ਮੱਟੀ, ਬਾਰਡਰ ਤੋਂ ਹੈਰੋਇਨ ਖ਼ਰੀਦ ਕੇ ਅੱਗੇ ਕਰਦਾ ਸੀ ਸਪਲਾਈ

ਫਿਲੌਰ 2 ਜੂਨ। ਖੂੰਖਾਰ ਗੈਂਗਸਟਰ ਤੇ ਨਸ਼ਾ ਸਮੱਗਲਰ ਸੁਖਦੀਪ ਸਿੰਘ ਮੱਟੀ ਨੂੰ ਪੁਲਸ ਵੱਲੋਂ 31 ਗ੍ਰਾਮ ਹੈਰੋਇਨ, ਇਕ ਪਿਸਤੌਲ, 7 ਜ਼ਿੰਦਾ ਕਾਰਤੂਸ, 2 ਲੱਖ ਰੁਪਏ ਦੀ ਡਰੱਗ ਮਨੀ ਅਤੇ ਇਕ ਮੈਗਜ਼ੀਨ ਸਮੇਤ ਕਾਬੂ ਕਰਨ ਦਾ ਸਮਾਚਾਰ ਮਿਲਿਆ ਹੈ। ਮੱਟੀ ਅਤੇ ਇਸ ਦਾ ਗਿਰੋਹ ਬਾਰਡਰ ਏਰੀਆ ਤੋਂ ਹੈਰੋਇਨ ਖਰੀਦ ਕੇ ਅੱਗੇ ਵੇਚਦਾ ਸੀ, ਜਦਕਿ ਮੱਟੀ ਆਪਣੇ ਗਿਰੋਹ ਦੀਆਂ ਗਤੀਵਿਧੀਆਂ ਵਧਾਉਣ ਲਈ ਬਰੇਲੀ ਤੋਂ ਹਥਿਆਰ ਖਰੀਦ ਕੇ ਲਿਆਉਂਦਾ ਸੀ। ਪੁਲਸ ਨੇ ਦੱਸਿਆ ਕਿ ਮੱਟੀ 'ਤੇ ਪਹਿਲਾਂ ਤੋਂ ਹੀ 18 ਹਥਿਆਰ, ਨਸ਼ਾ ਸਮੱਗਲਿਗ ਤੋਂ ਇਲਾਵਾ ਵੱਡੇ ਅਪਰਾਧਿਕ ਮਾਮਲੇ ਦਰਜ ਹਨ ਜਿਸ ਨੂੰ ਫੜਨਾ ਪੁਲਸ ਲਈ ਵੱਡੀ ਚੁਣੌਤੀ ਬਣਿਆ ਹੋਇਆ ਸੀ। ਪੱਤਰਕਾਰਾਂ ਨੂੰ ਜਾਣਕਾਰੀ ਦਿੰਦੇ ਹੋਏ ਡੀ. ਐੱਸ. ਪੀ. ਸਬ-ਡਵੀਜ਼ਨ ਫਿਲੌਰ ਸਰਵਨ ਸਿੰਘ ਬਲ ਨੇ ਦੱਸਿਆ ਕਿ ਐੱਸ. ਐੱਸ. ਪੀ. ਜਲੰਧਰ ਦਿਹਾਤੀ ਤੇ ਐੱਸ. ਪੀ. ਡੀ. ਸਰਬਜੀਤ ਰਾਏ ਵੱਲੋਂ ਗੈਂਗਸਟਰ ਅਤੇ ਨਸ਼ਾ ਸਮੱਗਲਰਾਂ ਨੂੰ ਫੜਨ ਲਈ ਚਲਾਈ ਵਿਸ਼ੇਸ਼ ਮੁਹਿੰਮ ਅਧੀਨ ਥਾਣਾ ਇੰਚਾਰਜ ਇੰਸ. ਸੰਜੀਵ ਕਪੂਰ ਤੇ ਉਨ੍ਹਾਂ ਦੀ ਪੁਲਸ ਪਾਰਟੀ ਦੇ ਹੱਥ ਵੱਡੀ ਸਫਲਤਾ ਲੱਗੀ, ਜਦੋਂ ਉਨ੍ਹਾਂ ਨੇ



ਖੂੰਖਾਰ ਗੈਂਗਸਟਰ ਸਮੇਤ ਕਾਬੂ ਕਰਨ ਦਾ ਸਮਾਚਾਰ ਮਿਲਿਆ ਹੈ। ਮੱਟੀ ਅਤੇ ਇਸ ਦਾ ਗਿਰੋਹ ਬਾਰਡਰ ਏਰੀਆ ਤੋਂ ਹੈਰੋਇਨ ਖਰੀਦ ਕੇ ਅੱਗੇ ਵੇਚਦਾ ਸੀ, ਜਦਕਿ ਮੱਟੀ ਆਪਣੇ ਗਿਰੋਹ ਦੀਆਂ ਗਤੀਵਿਧੀਆਂ ਵਧਾਉਣ ਲਈ ਬਰੇਲੀ ਤੋਂ ਹਥਿਆਰ ਖਰੀਦ ਕੇ ਲਿਆਉਂਦਾ ਸੀ। ਪੁਲਸ ਨੇ ਦੱਸਿਆ ਕਿ ਮੱਟੀ 'ਤੇਸੁਖਦੀਪ ਸਿੰਘ ਮੱਟੀ ਪੁੱਤਰ ਨਿਰੰਜਨ ਸਿੰਘ ਨਿਵਾਸੀ ਛੋਕਰਾਂ ਨੂੰ ਫੜਨ ਵਿਚ ਸਫਲਤਾ ਹਾਸਲ ਕੀਤੀ। ਉਨ੍ਹਾਂ ਦੱਸਿਆ ਕਿ ਮੱਟੀ ਅਤੇ ਉਸ ਦਾ ਗਿਰੋਹ ਜਲੰਧਰ ਦਿਹਾਤ ਪੁਲਸ ਲਈ ਵੱਡੀ ਚੁਣੌਤੀ ਬਣਿਆ ਹੋਇਆ ਸੀ। ਥਾਣਾ ਇੰਚਾਰਜ ਇੰਸ. ਸੰਜੀਵ ਕਪੂਰ ਨੂੰ ਸੂਚਨਾ ਮਿਲੀ ਕਿ ਮੱਟੀ ਬਾਰਡਰ ਏਰੀਆ ਤੋਂ ਹੈਰੋਇਨ ਖਰੀਦ ਕੇ ਅੱਗੇ ਵੇਚਣ ਦਾ ਪੂਰੇ ਪੰਜਾਬ ਵਿਚ ਕਾਰੋਬਾਰ ਕਰ ਰਿਹਾ ਹੈ। ਪੁਲਸ ਨੇ ਟਰੈਪ ਲਗਾ ਕੇ ਮੱਟੀ ਨੂੰ ਕਾਰ ਵਿਚੋਂ ਗ੍ਰਿਫ਼ਤਾਰ ਕਰਕੇ ਉਸ ਕੋਲੋਂ 31 ਗ੍ਰਾਮ ਹੈਰੋਇਨ, ਇਕ ਬਰੇਲੀ ਤੋਂ ਖਰੀਦ ਕੇ ਲਿਆਂਦਾ ਪਿਸਤੌਲ, 7 ਜ਼ਿੰਦਾ ਰੌਂਦ, ਇਕ ਮੈਗਜ਼ੀਨ ਅਤੇ 2 ਲੱਖ ਰੁਪਏ ਦੀ ਡਰੱਗ ਮਨੀ ਬਰਾਮਦ ਕੀਤੀ ਹੈ।

### NAME CHANGE
I, SH AUTAR SINGH Father of JC-413677X Rank-SUB MAJ Name-BHAGAT SINGH presently residing at VILL-BILTIYA SUKOLI TALLI, PO-DHAUNTIYAL, DIST-PAURI GARHWAL, UTTARAKHAND-246155 have changed my name from SH AUTAR SINGH to AVTAR SINGH for all future purposes vide affidavit dated 12/03/2024 before Notary Public, Delhi.

### NAME CHANGE
I, KRISHAN KANTA W/o IC-29820P (Late) Col SHIV KUMAR (Retd.) R/O H-104, VIVEK VIHAR, NEAR KENDRIYA VIHAR-2, SEC-82, NOIDA, SALARPUR, GAUTAM BUDDHA NAGAR, UTTAR PRADESH-201304 have changed my name from KRISHAN KANTA to KRISHAN KANTA RANDEV for all future purposes vide Affidavit Dated 12/03/2024 before Notary Public, Delhi.

### NAME CHANGE
I, NO-17007475L Rank-NK Name-JITENDRA GANGWAR S/O LATE NIRANJAN LAL GANGWAR R/O WARD NO-11, MOHALLA GYASPUR, NEAR BANGALI BABA MANDIR, BILASPUR, PILIBHIT, UTTAR PRADESH-262201 have changed my minor son's name from DAKSH GANGWAR to YASH GANGWAR for all future purposes vide Affidavit Dated 05/09/2023 before Notary Public, Delhi.

### NAME CHANGE
I, SANTOSH KUMAR S/O VISHVA NATH PRASAD residing at PLOT NO-58&59, FLAT NO-B-2, STREET NO-5, HAVENS GARDEN MATIALA, DELHI-110059 have changed my name to SANTOSH KUMAR GUPTA for all future purposes

### PUBLIC NOTICE
It is for general information that I, BALJEET SINGH S/o GURCHARAN SINGH R/o 12/32, Geeta Colony, East Delhi-110031 declare that name of mine, my wife and my minor daughter has been wrongly written as BALJEET SINGH CHUGH, GURPREET KAUR CHUGH, JASLEEN KAUR CHUGH in my minor daughter JASLEEN KAUR aged 16 years in her 10th class Educational Documents. The actual name of mine, my wife and my minor daughter are BALJEET SINGH, GURPREET KAUR and JASLEEN KAUR respectively, which may be amended accordingly.

### NAME CHANGE
I, ABDUL TAWWAB S/O Shri Abdul Rehman Resident of House No. C-16, Abhimanyu Gali, Near Babu Ram Chowk, Arjun Mohalla, Moujpur, Delhi-110053 have changed my name ABDUL TAUWAB to ABDUL TAWWAB for all future purposes.

### NAME CHANGE
I, SIDDHARATH RANA S/O BHAGWAN RANA residing at H NO-1074, SIRASPUR, DELHI-110042 have changed my name to SIDDHARTH RANA for all future purpose.

### NAME CHANGE
I Kapil Kumar Yadav S/o Dinesh Yadav R/o House No-523 P, Sector-14,Gurgaon,Haryana-122001, Have Changed My Name To Kapil Yadav For All Purpose

### NAME CHANGE
I, Pradeep Kumar S/o Prem Chand R/o D-754/A, Gali No.1, Ashok Nagar, Shahdara, Delhi-110093 have changed the name of my minor son from Arjun to Arjun Vaidwan.

### NAME CHANGE
I, Anupama D/o Pradeep Kumar R/o D-754/A, Gali No.1, Ashok Nagar, Shahdara, Delhi-110093 have changed my name to Anupama Chaudhary.

### NAME CHANGE
I, VINOD KUMAR S/O UDAY SINGH residing at FLAT NO-G-3/8, NEAR DDA WATER TANK, SECTOR-4, ROHINI, DELHI-110085 have changed my name to VINOD KUMAR KUSHWAHA for all future purpose.

### NAME CHANGE
I Manoj Ram S/o Ram Bilash Ram R/o Flat No-6, Tower-8,Hamelia Street,IRIS,Vatika City, Sector-49, Gurgaon, Haryana-122018, Have Changed My Name To Manoj Kumar For All Purpose

### NAME CHANGE
I Taran Preet Singh Kochhar S/o Manpreet Singh Kochhar R/o 10C/80 SFS Flats Green View Appartment Mayapuri Road Hari Nagar West Delhi-110064 Have Change My Given Name Taranpreet Singh and Surname Kochhar for all purpose.

### NAME CHANGE
I, D BABU father of NO-14842224Y Rank HAV/MT Name-ANOOP B R/O AALAYAM, VILL –KEEZHTHONNAKKAL, PO-POTHENCODE, DIST-TRIVANDRUM, KERALA-695584 have changed my name from D BABU to BABU D for all future purposes vide Affidavit Dated 12/03/2024 before Notary Public, Delhi.

### NAME CHANGE
I, MEENA DEVI wife of JC-493248F Rank-NB/SUB Name-RAVINDER KUMAR R/O VPO-MURTHAL, TEH-SONIPAT, DISTT-SONIPAT, HARYANA-131027 have changed my name from MEENA DEVI to MEENA for all future purposes vide Affidavit Dated 11/03/2024 before Notary Public, Delhi.

### NAME CHANGE
I Jaspreet Singh S/o Jagdeep Singh R/o 52/43 Ramjas Road Near Khalsa college Karol Bagh Delhi -110005 Have Changed My Name To Jaspreet Singh Baweja For All Purpose.

### NAME CHANGE
I, ANITA W/o NO- 2806617A HAV TANGADKAR SUBHASH SITARAM R/o VPO-GHARGAON, TEH-SANGAMNER, DISTT-AHMADNAGAR, MAHARASHTRA-422620, have changed my name from ANITA to ANITA SUBHASH TANGADKAR for all future purposes vide Affidavit dated 29/11/2022 before Notary Public Delhi.

### NAME CHANGE
I Sandeep Ved S/o Khushi Ram Ved R/o H.No-139/1,B-Block, Street No-3,Qutub Vihar Phase-2,Dwarka,Delhi-110071, Have Changed My Name To Sandeep Vaid For All Purpose

### NAME CHANGE
I Rohini Bhatnagar W/o Amitabh Bhatnagar R/o M- 7075, Devinder Vihar, Gurgaon sector 56, Gurgaon Haryana-122011,Have Changed My Name To Rohini Dhanraj Bhatnagar For All Purpose

### NAME CHANGE
I, DATTATRAY NAGOJI PATIL father of NO-JC-379904X SUB MAJ PATIL MAHENDRA DATTATRAY R/O VILL-BONJURDI, PO-ADKUR, TEH-CHANDGAD, DISTT-KOLHAPUR, MH-416509, have changed my name from DATTATRAY NAGOJI PATIL to DATTA NAGOJI PATIL for all future purposes and in my son's service record my date of birth wrongly mentioned as 01/07/1953 instead of my correct date of birth as 17/01/1950 Vide Affidavit dated 29/11/2022 Before Notary Public, Delhi.

### NAME CHANGE
I, Anil Balakrishna Panicker s/o Angakattil Narayan Balakrishna Panicker R/o A-6/334-A, Janta Flats, Paschim Vihar, Delhi-110063, have changed my name to Anil Bala Panicker permanently.

### NAME CHANGE
I, ANITA BANSAL W/O PAWAN BANSAL residing at B-504, MAYURDHWAJ APARTMENT, I.P EXTN. EAST DELHI-110092 have Change my name to ANITA RANI BANSAL for all future purpose.

### PUBLIC NOTICE
Information is given to general public at large that our client M/s Aspire Buildwell through prop. Mr. Karan Dudeja S/o Mr. Satish Kumar Dudeja is the owner of Freehold Residential Plot area measuring 309.49 sq. mtrs., out of Khata No. 195, Khasra No. 233K (87 sq. mtrs.,), & Khasra No. 236 (222.5 sq. mtrs.,), & Plot area measuring 108.69 sq. mtrs., out of Khasra No. 232Kh, Situated at Village - Jalpura, Pargana & Tehsil Dadri, Distt. Gautam Budh Nagar, U.P: Vide Sale Deed dated 03/05/2023 duly registered in the office of SR Dadri, as Doc No. 15787, Book No. 01, Vol No. 23442, Page Nos. 309-330 & Sale Deed dated 03/05/2023 duly registered in the office of SR Dadri, as Doc No. 15786, Book No. 01, Vol No. 23442, Page Nos. 287-308, it is stated that Mr. Rakesh Chandra Aggarwal & Mr. Rakesh Baranwal had purchased above said property as HUF but further they have sold invaluably, now our client is declaring that any other person does not have any right over the said property, which is to be financed by ICICI Home Finance Co. Ltd. Branch: Laxmi Nagar, Delhi. If any person(s) have any objection(s) or claim(s) with respect to the right, title or interest in the Said Property then contact us within 07 days from the date of Publication of this notice and or the same to the undersigned if found by any one. Thereafter no claim shall be entertained

**[NAVEEN KUMAR VERMA]**
Advocate
F-211, Sector-3,
Vaishali, Ghaziabad,
Uttar Pradesh-201010
(Contact at 09958871432)

### NAME CHANGE
I, Kulsum w/o Rozuddin R/o B-17, Gali No.3A, Near Mohalla Dilshad Masjid, Old Mustafabad, Delhi-110094, have changed my name to Kulsoom for all future purposes.

### NAME CHANGE
I Swaran Kaur Sawhney W/o Prith Pal Singh R/o 10C/80 SFS Flats Green View Appartment Mayapuri Road Hari Nagar West Delhi-110064 Have Changed My Name to Swaran Kaur for all purpose.

### NAME CHANGE
I Tajinder Kaur W/o Jaspreet Singh Baweja R/o 52/43 Ramjas Road Karol Bagh Delhi -110005 Have Changed My Name To Tajinder Kaur Baweja For All Purpose.

### NAME CHANGE
I Sarve Preet Kaur Kochhar W/o Manpreet Singh Kochhar R/o 10C/80 SFS Flats Green View Appartment Mayapuri Road Hari Nagar West Delhi-110064 Have Change My Given Name Sarvepreet kaur and Surname Kochhar for all purpose.

### PUBLIC NOTICE
I Jyoti pal W/O Sunil Kumar R/O WZ-125, Village Begumpur, North West Delhi , -110086.declare that name of mine has been wrongly written as Jyoti in my minor Daughter Yashika aged 14 years in her school cords and birth certificate no MCDOLR09368299 .The actual my name is Jyoti Pal.

### NAME CHANGE
I, PUNNAM DEVI Wife of No-14913053K Rank-HAV Name-NARENDER SINGH R/O C-7, LAXMI GARDEN, NAJAFGARH, NEW DELHI-110043 have changed my name from PUNNAM DEVI to POONAM DEVI for all future purposes vide Affidavit Dated 30/09/2023 before Executive Magistrate, Delhi.

### NAME CHANGE
I, NEETAS DEVI Wife of No-3204848W Rank-HAV Name-DHARMENDRA SINGH R/O VILL-BISHUNDAS, PO-MURSAN, DISTT-HATHRAS, U.P-204213 have changed my name from NEETAS DEVI to NITESH DEVI for all future purposes vide Affidavit Dated 30/09/2023 before Notary Public, Delhi.

### NAME CHANGE
I, Rekha W/O Prem Singh R/O B 278, South MOTI BAGH NEW DELHI 110021 have changed my name from Rekha to Rekha Rawat for all future purpose.

### PUBLIC NOTICE
My client Narender Kumar Chauhan S/o Pooran Singh R/o H.No.376, Chauhan Mohalla, Madanpur Khadar, Sarita Vihar, Delhi-76, has severed all relations and disowned his son Harsh Chauhan and his wife Preeti Rani from his all movable-immovable properties due to their Vihar, Delhi-76, has severed all relations and disowned his disobedience. My client Shall not be responsible for their acts.

**ARJUN BIDHURI Advocate**
CH. NO.536, Saket Courts
New Delhi-110017.

### PUBLIC NOTICE
MY CLIENT NARENDER PAL AGARWAL, S/O, LATE SARDARI LAL AGARWAL AND NEETU AGARWAL W/O NARENDER PAL AGARWAL BOTH R/O H.NO. 49, NARELA ROAD, BAWANA, NEAR STATE BANK OF INDIA, NEW DELHI, PRESENTLY AT H.NO.122, WHITE HOUSE APARTMENT, SECTOR-13, ROHINI, NEW DELHI- 110085, HAVE DEBARRED THEIR SON NIKHIL AGARWAL AND HIS WIFE ANCHAL AGARWAL FROM THEIR ALL MOVABLE- IMMOVABLE PROPERTIES AND SHALL NOT HAVE ANY RIGHT, TITLE OR INTEREST IN MOVEABLE AND IMMOVABLE PROPERTIES AND SEVERED ALL THEIR RELATION DUE TO MISCONDUCT AND DISOBEDIENT. ANYBODY DEALING WITH THEM SHALL BEAR AT THEIR OWN COST, RISK & CONSEQUENCES

**PINKI LAMBA MANN**
ADVOCATE
OFF. A-205A, NORTH
EX.MALL, SECTOR-9,
ROHINI, NEW DELHI



•ਡਾ. ਅਰੀਤ ਕੌਰ

# ਯੁੱਧ ਨਸ਼ਿਆਂ ਵਿਰੁੱਧ

> ਭਾਰਤ ਅਤੇ ਬਹੁਤ ਸਾਰੇ ਹੋਰ ਮੁਲਕਾਂ ਨੇ ਆਪਣੇ ਆਕਾ ਦਾ ਕਹਿਣਾ ਮੰਨਦਿਆਂ ਐੱਨਡੀਪੀਐੱਸ (ਨਾਰਕੋਟਿਕ ਡਰੱਗਜ਼ ਐਂਡ ਸਾਇਕੋਟਰੋਪਿਕ ਸਬਸਟੈਂਸਜ਼) ਐਕਟ, 1985 ਵਰਗੇ ਸਖ਼ਤ ਕਾਨੂੰਨ ਬਣਾਏ। ਐੱਨਡੀਪੀਐੱਸ ਐਕਟ ਪੰਜਾਬ ਵਿੱਚ ਕਿਸ ਤਰ੍ਹਾਂ ਲਾਗੂ ਹੈ, ਇਹ ਸਮਝਣ ਲਈ 'ਵਿਧੀ ਸੈਂਟਰ ਫਾਰ ਲੀਗਲ ਪਾਲਿਸੀ' ਜੋ ਕਿ ਕਾਨੂੰਨੀ ਮਸਲਿਆਂ ਉੱਪਰ ਖੋਜ ਕਰਨ ਦੀ ਸੰਸਥਾ ਹੈ, ਨੇ 2018 ਵਿੱਚ ਇੱਕ ਰਿਪੋਰਟ ਤਿਆਰ ਕੀਤੀ। ਇਸ ਸੰਸਥਾ ਨੇ ਸੂਬੇ ਦੀਆਂ ਵਿਸ਼ੇਸ਼ ਐੱਨਡੀਪੀਐੱਸ ਅਦਾਲਤਾਂ ਵਲੋਂ ਦਿੱਤੇ ਗਏ, 13,350 ਕੇਸਾਂ ਦੇ ਫ਼ੈਸਲਿਆਂ ਦਾ ਅਧਿਐਨ ਕੀਤਾ। ਇਸ ਰਿਪੋਰਟ ਦਾ ਕਹਿਣਾ ਹੈ ਕਿ ਨਸ਼ੇ ਦੇ ਸੇਵਨ ਕਰਨ ਮਾਤਰ ਨੂੰ ਅਪਰਾਧ ਨਹੀਂ ਗਿਣਿਆ ਜਾਣਾ ਚਾਹੀਦਾ।

ਨਸ਼ੇ ਕਿਸੇ ਨਾ ਕਿਸੇ ਰੂਪ ਵਿੱਚ ਸਦੀਆਂ ਤੋਂ ਮਨੁੱਖ ਦੇ ਨਾਲ ਰਹੇ ਹਨ। ਨਸ਼ਿਆਂ ਦਾ ਜ਼ਿਕਰ ਪੁਰਾਤਨ ਧਰਮ ਗ੍ਰੰਥਾਂ ਵਿੱਚ ਵੀ ਮਿਲਦਾ ਹੈ। ਕੁਝ ਨਸ਼ਿਆਂ ਦੀ ਵਰਤੋਂ ਵਿਰੁੱਧ ਕਿਸੇ ਖ਼ਾਸ ਧਰਮ ਵਿੱਚ ਮਨਾਹੀ ਵੀ ਹੈ। ਅਫ਼ੀਮ ਤੇ ਭੰਗ ਦਾ ਬੂਟਾ ਸਥਾਨਕ ਉਪਜ ਵੀ ਸਨ। ਸ਼ੁੱਧ ਅਫ਼ੀਮ ਰੱਜਿਆਂ-ਪੁੱਜਿਆਂ ਦਾ ਨਸ਼ਾ ਸੀ ਅਤੇ ਭੁੱਕੀ, ਭੰਗ ਵਗੈਰਾ ਆਮ ਬੰਦੇ ਵਰਤਦੇ ਸਨ। ਕਈ ਤਿਉਹਾਰਾਂ 'ਤੇ ਭੰਗ ਦਾ ਸੇਵਨ ਕਰਨਾ, ਸਮਾਜ ਵਿੱਚ ਪ੍ਰਵਾਨਿਤ ਹੈ। ਕਈ ਤਰ੍ਹਾਂ ਦੇ ਸਾਧੂ ਵੀ ਭੰਗ, ਚਰਸ ਆਦਿ ਦੀ ਖੁੱਲ੍ਹੇਆਮ ਵਰਤੋਂ ਕਰਦੇ ਹਨ। ਇਸੇ ਤਰ੍ਹਾਂ ਹਰ ਵਿਆਹ-ਸ਼ਾਦੀ/ਖ਼ੁਸ਼ੀ ਮੌਕੇ ਪੰਜਾਬ ਵਿੱਚ ਸ਼ਰਾਬ ਵਰਤਾਈ ਜਾਂਦੀ ਹੈ ਅਤੇ ਇਸ ਨੂੰ ਆਮ ਤੌਰ 'ਤੇ ਖ਼ਾਤਰਦਾਰੀ ਵਜੋਂ ਹੀ ਲਿਆ ਜਾਂਦਾ ਹੈ। ਸਭ ਜਾਣਦੇ ਹਨ ਕਿ ਸ਼ਰਾਬ ਪੀਣ ਵਾਲਾ ਹਰ ਵਿਅਕਤੀ 'ਸ਼ਰਾਬੀ' ਜਾਂ ਆਦੀ ਨਹੀਂ ਹੈ। ਜ਼ਿਆਦਾਤਰ ਲੋਕ ਹੱਦ ਵਿੱਚ ਰਹਿ ਕੇ ਹੀ ਸ਼ਰਾਬ ਪੀਂਦੇ ਹਨ। ਸ਼ਰਾਬ ਪੀ ਕੇ ਵਾਹਨ ਚਲਾਉਣਾ ਜਾਂ ਜਨਤਕ ਸਥਾਨ 'ਤੇ ਖੁੱਲ੍ਹੇਆਮ ਸ਼ਰਾਬ ਪੀਣਾ ਕਾਨੂੰਨੀ ਜੁਰਮ ਜ਼ਰੂਰ ਹੈ।

ਸ਼ਰਾਬ, ਤੰਬਾਕੂ, ਅਫ਼ੀਮ, ਭੰਗ ਅਤੇ ਕੋਕੀਨ ਆਦਿ ਸਾਰੇ ਹੀ ਨਸ਼ੇ ਇਨਸਾਨ ਲਈ ਹਾਨੀਕਾਰਕ ਹਨ। ਇਹ ਐਡਿਕਸ਼ਨ ਮਤਲਬ ਬੰਦੇ ਨੂੰ ਨਸ਼ੇ ਦੇ ਆਦੀ ਕਰਨ ਦੀ ਸਮਰੱਥਾ ਰੱਖਦੇ ਹਨ। ਪਰ ਨਸ਼ਿਆਂ ਵਿਰੁੱਧ ਅਮਰੀਕਾ ਦੀ ਸੁਝਾਈ ਅਤੇ ਯੂਐੱਨ (ਸੰਯੁਕਤ ਰਾਸ਼ਟਰ) ਵੱਲੋਂ ਵਿੱਢੀ ਗਈ ਨਸ਼ਿਆਂ ਵਿਰੁੱਧ ਜੰਗ (1961-1988) ਹਰ ਕਿਸਮ ਦੇ ਨਸ਼ੇ ਵਿਰੁੱਧ ਨਹੀਂ ਸੀ। ਤੰਬਾਕੂ ਅਤੇ ਸ਼ਰਾਬ ਸਿਹਤ ਲਈ ਬਹੁਤ ਹਾਨੀਕਾਰਕ ਹਨ ਜਿਨ੍ਹਾਂ ਨੂੰ ਇਸ ਜੰਗ ਦੌਰਾਨ ਦੁਸ਼ਮਣ ਨਹੀਂ ਮੰਨਿਆ ਗਿਆ। ਇਹ ਜੰਗ ਅਫ਼ੀਮ, ਭੰਗ ਅਤੇ ਕੋਕੀਨ ਵਿਰੁੱਧ ਸੀ। ਇੱਥੇ ਇਹ ਭੁੱਲਣਾ ਨਹੀਂ ਚਾਹੀਦਾ ਕਿ ਤੰਬਾਕੂ ਅਤੇ ਸ਼ਰਾਬ ਦੀਆਂ ਵੱਡੀਆਂ ਕੰਪਨੀਆਂ ਪੱਛਮੀ ਮੁਲਕਾਂ ਵਿੱਚ ਹਨ ਜਦੋਂਕਿ ਅਫ਼ੀਮ, ਭੰਗ ਅਤੇ ਕੋਕੀਨ ਦੇ ਪੈਦਾਵਾਰੀ ਮੁਲਕ ਜ਼ਿਆਦਾਤਰ ਇਨ੍ਹਾਂ ਅਮੀਰ ਦੇਸ਼ਾਂ ਦੀਆਂ ਸਾਬਕਾ ਬਸਤੀਆਂ ਹਨ। ਬਰਤਾਨੀਆ ਇੱਕ ਸਦੀ ਤੋਂ ਵੱਧ ਸਮਾਂ ਹਿੰਦੋਸਤਾਨੀ ਬਰੇ-ਸਗ਼ੀਰ ਵਿੱਚ ਪੈਦਾ ਹੋਈ ਅਫ਼ੀਮ ਦਾ ਸੌਦਾਗਰ ਰਿਹਾ। ਹੁਣ ਇਨ੍ਹਾਂ ਨਸ਼ਿਆਂ ਦੇ ਕਾਰੋਬਾਰ ਵਿੱਚ ਅਮੀਰ ਮੁਲਕਾਂ ਨੂੰ ਕੋਈ ਫ਼ਾਇਦਾ ਮਿਲਣ ਵਾਲਾ ਨਹੀਂ ਸੀ ਸਗੋਂ ਇਨ੍ਹਾਂ ਮੁਲਕਾਂ, ਖ਼ਾਸ ਤੌਰ 'ਤੇ ਅਮਰੀਕਾ ਵਿੱਚ ਵੱਡੀ ਗਿਣਤੀ 'ਚ ਲੋਕ ਨਸ਼ਿਆਂ ਦੇ ਆਦੀ ਬਣ ਰਹੇ ਸਨ।

ਭਾਰਤ ਅਤੇ ਬਹੁਤ ਸਾਰੇ ਹੋਰ ਮੁਲਕਾਂ ਨੇ ਆਪਣੇ ਆਕਾ ਦਾ ਕਹਿਣਾ ਮੰਨਦਿਆਂ ਐੱਨਡੀਪੀਐੱਸ (ਨਾਰਕੋਟਿਕ ਡਰੱਗਜ਼ ਐਂਡ ਸਾਇਕੋਟਰੋਪਿਕ ਸਬਸਟੈਂਸਜ਼) ਐਕਟ, 1985 ਵਰਗੇ ਸਖ਼ਤ ਕਾਨੂੰਨ ਬਣਾਏ। ਐੱਨਡੀਪੀਐੱਸ ਐਕਟ ਪੰਜਾਬ ਵਿੱਚ ਕਿਸ ਤਰ੍ਹਾਂ ਲਾਗੂ ਹੈ, ਇਹ ਸਮਝਣ ਲਈ 'ਵਿਧੀ ਸੈਂਟਰ ਫ਼ਾਰ ਲੀਗਲ ਪਾਲਿਸੀ' ਜੋ ਕਿ ਕਾਨੂੰਨੀ ਮਸਲਿਆਂ ਉੱਪਰ ਖੋਜ ਕਰਨ ਦੀ ਸੰਸਥਾ ਹੈ, ਨੇ 2018 ਵਿੱਚ ਇੱਕ ਰਿਪੋਰਟ ਤਿਆਰ ਕੀਤੀ। ਇਸ ਸੰਸਥਾ ਨੇ ਸੂਬੇ ਦੀਆਂ ਵਿਸ਼ੇਸ਼ ਐੱਨਡੀਪੀਐੱਸ ਅਦਾਲਤਾਂ ਵਲੋਂ ਦਿੱਤੇ ਗਏ, 13,350 ਕੇਸਾਂ ਦੇ ਫ਼ੈਸਲਿਆਂ ਦਾ ਅਧਿਐਨ ਕੀਤਾ। ਇਸ ਰਿਪੋਰਟ ਦਾ ਕਹਿਣਾ ਹੈ ਕਿ ਨਸ਼ੇ ਦੇ ਸੇਵਨ ਕਰਨ ਮਾਤਰ ਨੂੰ ਅਪਰਾਧ ਨਹੀਂ ਗਿਣਿਆ ਜਾਣਾ ਚਾਹੀਦਾ। ਕਿਸੇ ਵਿਅਕਤੀ ਤੋਂ ਥੋੜ੍ਹੀ ਜਾਂ ਦਰਮਿਆਨੀ ਮਾਤਰਾ ਵਿੱਚ ਡਰੱਗ ਫੜੇ ਜਾਣ ਤੇ ਜੇਕਰ ਉਹ ਵਿਅਕਤੀ ਖ਼ੁਦ ਵੀ ਨਸ਼ੇ ਦਾ ਆਦੀ ਹੈ ਤਾਂ ਉਸ ਨੂੰ ਨਸ਼ਾ ਛੁਡਾਊ ਇਲਾਜ ਕਰਵਾਉਣ ਲਈ ਪ੍ਰੇਰਿਤ ਕੀਤਾ ਜਾਣਾ ਚਾਹੀਦਾ ਹੈ ਕਿਉਂ ਜੋ ਐੱਨਡੀਪੀਐੱਸ ਐਕਟ ਦੀ ਧਾਰਾ 64A ਤਹਿਤ ਇਹ ਉਪਬੰਦ ਮੌਜੂਦ ਹੈ। ਪਰ ਅੱਜ ਤੱਕ ਕਿਸੇ ਵਿਸ਼ੇਸ਼ ਐੱਨਡੀਪੀਐੱਸ ਅਦਾਲਤ ਨੇ ਇਸ ਦਾ ਲਾਭ ਇੱਕ ਵੀ ਵਿਅਕਤੀ ਨੂੰ ਨਹੀਂ ਦਿੱਤਾ। ਪੰਜਾਬ ਦੀਆਂ ਜੇਲ੍ਹਾਂ ਵਿੱਚ ਬੰਦ ਕੁੱਲ ਕੈਦੀਆਂ ਵਿੱਚੋਂ 42 ਫ਼ੀਸਦੀ ਸਿਰਫ਼ ਇੱਕੋ ਕਾਨੂੰਨ ਯਾਨੀ ਐੱਨਡੀਪੀਐੱਸ ਐਕਟ ਅਧੀਨ ਗ੍ਰਿਫ਼ਤਾਰ ਕੀਤੇ ਗਏ ਹਨ। ਵਿਧੀ ਦੀ ਰਿਪੋਰਟ ਐੱਨਡੀਪੀਐੱਸ ਕਾਨੂੰਨ ਨੂੰ ਵੱਡੀ ਗਿਣਤੀ ਵਿੱਚ ਨੌਜਵਾਨਾਂ ਨੂੰ ਆਦੀ ਤੋਂ ਕੈਦੀ (Addict to Convict) ਬਣਾਉਣ ਦਾ ਜ਼ਿੰਮੇਵਾਰ ਮੰਨਦੀ ਹੈ। ਇਸ ਕਾਨੂੰਨ ਅਧੀਨ ਪੁਲੀਸ ਨੂੰ ਮਿਲੀ ਅੰਨ੍ਹੀ ਤਾਕਤ ਦੀ ਦੁਰਵਰਤੋਂ ਕਿਸ ਤਰ੍ਹਾਂ ਹੋ ਸਕਦੀ ਹੈ, ਇਸ ਦੀ ਉਦਾਹਰਣ ਅੱਜਕੱਲ੍ਹ ਸੁਰਖ਼ੀਆਂ ਬਣੇ ਰਹੇ ਬਰਖ਼ਾਸਤ ਏਆਈਜੀ ਅਤੇ ਕਥਿਤ ਪੁਲੀਸ ਇੰਸਪੈਕਟਰ ਦੇ ਕੇਸ ਤੋਂ ਮਿਲਦੀ ਹੈ। ਇੱਥੇ ਧਿਆਨ ਦੇਣ ਯੋਗ ਤੱਥ ਇਹ ਵੀ ਹੈ ਕਿ ਇਸ ਕਾਨੂੰਨ ਅਧੀਨ ਨਜ਼ਰਬੰਦ ਕੈਦੀਆਂ ਦੀ ਬਹੁਗਿਣਤੀ 40 ਸਾਲ ਤੋਂ ਘੱਟ ਉਮਰ ਦੇ ਵਿਅਕਤੀ ਹਨ ਜੋ ਗ਼ਰੀਬ ਘਰਾਂ ਤੋਂ ਹਨ ਅਤੇ ਖ਼ੁਦ ਵੀ ਨਸ਼ੇ ਦੇ ਆਦੀ ਹਨ। ਦੇਸ਼ ਵਿੱਚ ਐੱਨਡੀਪੀਐੱਸ ਕਾਨੂੰਨ ਲਾਗੂ ਕਰਨ ਵੇਲੇ ਇਸ ਦਾ ਮਕਸਦ ਇਹ ਸੀ ਕਿ ਇੱਕ ਸਖ਼ਤ ਕਾਨੂੰਨ, ਜਿਸ ਤਹਿਤ ਗ੍ਰਿਫ਼ਤਾਰ ਹੋਣ 'ਤੇ ਜ਼ਮਾਨਤ ਮਿਲਣਾ ਵੀ ਔਖਾ ਹੋਵੇ, ਲੋਕਾਂ ਵਿੱਚ ਡਰ ਪੈਦਾ ਕਰੇਗਾ ਅਤੇ ਉਹ ਨਸ਼ਾ ਕਰਨ ਤੇ ਇਸ ਦੇ ਵਪਾਰ ਤੋਂ ਪਿੱਛੇ ਹਟਣਗੇ। ਇਸ ਕਾਨੂੰਨ ਦਾ ਦੂਜਾ ਮਕਸਦ ਵੱਧ ਤੋਂ ਵੱਧ ਵਿਅਕਤੀਆਂ ਨੂੰ ਨਸ਼ਾ ਛੱਡਣ ਲਈ ਪ੍ਰੇਰਿਤ ਕਰਨਾ ਸੀ। ਇਹ ਕਬੂਲ ਕਰਨ ਦਾ ਸਮਾਂ ਆ ਗਿਆ ਹੈ ਕਿ ਇਹ ਕਾਨੂੰਨ ਆਪਣੇ ਦੋਵੇਂ ਮਕਸਦ ਹਾਸਿਲ ਕਰਨ ਵਿੱਚ ਨਾਕਾਮ ਰਿਹਾ ਹੈ। ਇਸ ਕਾਨੂੰਨ ਕਰਕੇ ਇੱਕ ਪਾਸੇ ਪੰਜਾਬ ਦੀ ਜਵਾਨੀ ਆਦੀ ਤੋਂ ਕੈਦੀ ਤੇ ਮੁਜ਼ਰਮ ਬਣੀ ਅਤੇ ਦੂਜੇ ਪਾਸੇ ਡਰੱਗ ਮਾਫ਼ੀਏ ਨੇ ਇਸ ਕਾਰੋਬਾਰ ਰਾਹੀਂ ਅੰਨ੍ਹੀ ਕਮਾਈ ਕੀਤੀ। ਨਸ਼ਾ ਗ਼ੈਰਕਾਨੂੰਨੀ ਹੋਣ ਕਾਰਨ ਇਸ ਵਿੱਚ ਕੀਤੀ ਮਿਲਾਵਟ 'ਤੇ ਕੋਈ ਰੋਕ ਨਹੀਂ ਹੈ। ਚਿੱਟੇ ਵਿੱਚ ਟੈਲਕਮ ਪਾਊਡਰ ਵੀ ਹੋ ਸਕਦਾ ਹੈ ਅਤੇ ਇਸ ਨੂੰ ਤਿੱਖਾ ਕਰਨ ਲਈ ਕੋਈ ਖ਼ਤਰਨਾਕ ਰਸਾਇਣ ਵੀ ਰਲਾਇਆ ਹੋ ਸਕਦਾ ਹੈ।

ਇਸ ਵਕਤ ਦੁਨੀਆ ਦੇ ਬਹੁਤ ਸਾਰੇ ਮੁਲਕ ਚਰਸ/ਸੁਲਫ਼ੇ (Marijuana) ਦੇ ਸੇਵਨ ਨੂੰ ਗ਼ੈਰ-ਅਪਰਾਧਕ ਨਸ਼ਾ ਮੰਨਣ ਦੇ ਰਾਹ ਪੈ ਚੁੱਕੇ ਹਨ। ਮਨੋਰੋਗ ਮਾਹਿਰ, ਡਾ. ਅਨਿਰੁੱਧ ਕਾਲਾ ਵੱਲੋਂ ਲਿਖੀ ਅਤੇ ਹਾਲ ਵਿੱਚ ਹੀ ਛਪੀ ਪੁਸਤਕ 'Most of What You Know About Addiction is Wrong' ਨਸ਼ਿਆਂ ਸਬੰਧੀ ਬਹੁਤ ਗੰਭੀਰ ਅਤੇ ਮਹੱਤਵਪੂਰਨ ਸਵਾਲ ਉਠਾਉਂਦੀ ਹੈ। ਇਹ ਕਿਤਾਬ ਦੇਸ਼ ਅਤੇ ਖ਼ਾਸ ਤੌਰ 'ਤੇ ਪੰਜਾਬ

# ਸਾਹਿਤ, ਸੂਝ ਤੇ ਭਵਿੱਖ ਦੀਆਂ ਸੁਹਜ ਭਰਪੂਰ ਪਗਡੰਡੀਆਂ



ਕੇਹਰ ਸ਼ਰੀਫ਼

> ਸਾਹਿਤ ਵੀ ਕਈ ਤਰ੍ਹਾਂ ਦਾ ਹੈ ਧਾਰਮਿਕ ਵਿਸ਼ਿਆਂ ਬਾਰੇ ਲਿਖਤਾਂ ਹਨ, ਸਮਾਜਿਕ ਮਸਲਿਆਂ ਨੂੰ ਹੰਘਾਲਦੀਆਂ ਲਿਖਤਾਂ ਹਨ, ਰਾਜਨੀਤਕ ਤੇ ਆਰਥਿਕ ਫਲਸਫ਼ਿਆਂ ਦਾ ਵਿਖਿਆਨ ਕਰਨ ਵਾਲਾ ਸਾਹਿਤ, ਤਰਕਸ਼ੀਲ ਸਾਹਿਤ, ਤਕਨੀਕੀ ਗਿਆਨ, ਵਿਗਿਆਨ ਜਾਂ ਫਿਰ ਹੋਰ ਹਰ ਕਿਸਮ ਦੇ ਵਿਸ਼ਿਆਂ ਬਾਰੇ। ਕਿਤਾਬਾਂ ਦੀਆਂ ਵੱਡੀਆਂ ਦੁਕਾਨਾਂ ਵਿੱਚ ਜਾਉ ਤਾਂ ਲੱਖਾਂ ਕਿਤਾਬਾਂ ਦੇ ਦਰਸ਼ਨ ਹੁੰਦੇ ਹਨ, ਲਾਇਬ੍ਰੇਰੀਆਂ ਵਿੱਚ ਜਾਉ ਤਾਂ ਮਿਲੀਅਨਾਂ ਦੇ ਹਿਸਾਬ ਨਾਲ ਕਿਤਾਬਾਂ ਪਾਠਕਾਂ ਦੀ ਉਡੀਕ ਕਰਦੀਆਂ ਪਈਆਂ ਹਨ।

ਹਰ ਸਮਾਜ ਦੇ ਆਪਣੇ ਮਸਲੇ ਅਤੇ ਆਪਣੇ ਸਰੋਕਾਰ ਹਨ। ਇਹ ਹੀ ਮਸਲੇ ਸੰਵੇਦਨਸ਼ੀਲ ਜਾਂ ਕਹੀਏ ਜਾਗਦੇ ਮਨੁੱਖ ਨੂੰ ਵੀ ਹਲੂਣਦੇ ਹਨ ਕਿ ਉਹ ਅਨੁਭਵ ਰਾਹੀਂ ਆਪਣੇ ਪੱਲੇ ਬੰਨ੍ਹੀ ਅਕਲ ਨੂੰ ਆਪਣੇ ਲੋਕਾਂ ਤੱਕ ਪਹੁੰਚਾਵੇ ਜਿਸ ਨਾਲ ਸਾਰੇ ਸਮਾਜ ਦਾ ਭਲਾ ਹੋ ਸਕੇ। ਇਸ ਤਰ੍ਹਾਂ ਦਾ ਪੜ੍ਹਨ-ਲਿਖਣ ਦੇ ਰਾਹ ਪਿਆ ਮਨੁੱਖ ਸਹਿਜੇ ਸਹਿਜੇ ਦੂਈ-ਦਵੈਤ ਤੇ ਕਿਸੇ ਵੀ ਕਿਸਮ ਦੇ ਵਿਤਕਰਿਆਂ ਤੋਂ ਰਹਿਤ ਹੋ ਜਾਂਦਾ ਹੈ। ਉਹਦੇ ਵਾਸਤੇ ਤਾਂ ਸਾਰਾ ਹੀ ਪਿੰਡ ਮਿੱਤਰਾਂ ਦਾ ਹੁੰਦਾ ਹੈ। ਉਸ ਦੇ ਅੰਦਰ ਨਫ਼ਰਤ ਦਾ ਨਾਸ਼ ਹੁੰਦਾ ਹੈ ਤੇ ਉਹ ਸਰਬੱਤ ਦੇ ਭਲੇ ਦੀ ਸੋਚ ਦਾ ਲੜ ਫੜ ਲੈਂਦਾ ਹੈ। ਇਸ ਸੋਚ ਦੇ ਲੜ ਲੱਗਿਆ ਮਨੁੱਖ ਥਿੜਕਦਾ ਵੀ ਨਹੀਂ, ਡਰਦਾ ਤੇ ਡਰਾਉਂਦਾ ਵੀ ਨਹੀਂ। ਉਹ ਆਪਣੇ ਸੁਪਨਿਆਂ 'ਚ ਸਿਰਜੇ ਸੰਸਾਰ ਨੂੰ ਹਕੀਕਤ ਬਣਦੇ ਵੇਖਣ ਵਾਸਤੇ ਆਪਣੀ ਜ਼ਿੰਦਗੀ ਸਮਰਪਿਤ ਕਰ ਦਿੰਦਾ ਹੈ ਅਤੇ ਆਪਣੇ ਆਪ ਨੂੰ ਸਾਹਿਤ ਦਾ ਸਿਪਾਹੀ ਸਮਝਣ ਲੱਗਦਾ ਹੈ।

ਹੁਣ ਹਰ ਕੋਈ ਸਵਾਲ ਕਰੇਗਾ ਕਿ ਸਾਹਿਤ ਦਾ ਸਮਾਜ ਨਾਲ ਕੀ ਰਿਸ਼ਤਾ ਹੁੰਦਾ ਹੈ? ਜਵਾਬ ਵੀ ਬੜਾ ਸਿੱਧਾ ਜਿਹਾ ਹੀ ਹੈ ਕਿ ਸਾਹਿਤ ਨਾ ਹੋਵੇ ਤਾਂ ਸਮਾਜ ਬੜਾ ਹੀ ਨੀਰਸ ਹੋਵੇਗਾ। ਸਾਹਿਤ ਮਨਪ੍ਰਚਾਵੇ ਦਾ ਸਾਧਨ ਹੈ। ਇਸ ਦੇ ਨਾਲ ਹੀ ਸਮਾਜਿਕ ਤਬਦੀਲੀ ਦਾ ਹਥਿਆਰ ਵੀ ਹੈ। ਇਸ ਸਭ ਕਾਸੇ ਦਾ ਮਨੁੱਖੀ ਇਤਿਹਾਸਕ ਵਿਕਾਸ ਵੀ ਗਵਾਹ ਹੈ। ਕਦੇ ਰਾਜੇ ਰਾਣੀਆਂ ਦੀਆਂ ਕਹਾਣੀਆਂ ਹੀ ਲੋਕਾਂ ਦੇ ਮਨਾਂ ਦਾ ਢਾਰਸ ਬਣਦੀਆਂ ਸਨ। ਫਿਰ ਉਹ ਯੁੱਗ ਬੀਤਣ ਤੋਂ ਬਾਅਦ ਲੋਕ ਸ਼ਾਮ ਵੇਲੇ ਆਪਣੇ ਕੰਮਾਂ-ਕਾਰਾਂ ਤੋਂ ਵਿਹਲੇ ਹੋ ਕੇ ਪਿੰਡਾਂ ਦੀਆਂ ਸੱਥਾਂ ਵਿੱਚ ਢਾਣੀਆਂ ਬਣਾ ਕੇ ਬੈਠਦੇ ਅਤੇ ਇਨ੍ਹਾਂ ਸੱਥਾਂ ਵਿੱਚ ਲੋਕ ਕਥਾਵਾਂ ਸੁਣਾਈਆਂ ਵੀ ਜਾਂਦੀਆਂ ਸਨ ਤੇ ਗਾਈਆਂ ਵੀ ਜਾਂਦੀਆਂ ਸਨ। ਇਹੋ ਸੱਥਾਂ ਪਹਿਲ ਪਲੱਕੜੇ ਬੀਜ ਹੁੰਦੀਆਂ ਹਨ ਸਾਹਿਤ ਦੇ ਜਨਮਣ ਤੋਂ ਪਨਪਣ ਤੱਕ ਦੀਆਂ। ਇਸੇ ਤਰ੍ਹਾਂ ਬੀਤੇ ਸਮੇਂ ਅੰਦਰ ਸੌਣ ਤੋਂ ਪਹਿਲਾਂ ਦਾਦੇ ਦਾਦੀ ਵੱਲੋਂ ਬੱਚਿਆਂ ਦੇ ਮਨ ਪ੍ਰਚਾਉਣ ਲਈ ਮਨ ਪ੍ਰਚਾਵੇ ਵਾਲੀਆਂ ਸਿੱਖਿਆਦਾਇਕ ਬਾਤਾਂ ਵੀ ਸੁਣਾਈਆਂ ਜਾਂਦੀਆਂ ਸਨ। ਇਹ ਅਣਜਾਣੇ ਵਿੱਚ ਹੀ, ਅਛੋਪਲੇ ਜਹੇ ਬੱਚਿਆਂ ਦੇ ਮਨ ਅੰਦਰ ਸਾਹਿਤ ਵੱਲ ਜਾਣ ਦੀ ਪ੍ਰੇਰਨਾ ਬਣਦੇ ਸਨ, ਪਰ ਇਸ ਦਾ ਬੜੀ ਦੇਰ ਬਾਅਦ ਪਤਾ ਲੱਗਦਾ ਸੀ। ਵਡੇਰਿਆਂ ਵੱਲੋਂ ਇਹ ਸਾਰੀ ਸਹਿਵਣ ਹੀ ਮਿਲਦੀ ਜੀਵਨ ਜਾਚ ਅੱਜ ਦੇ ਸਮੇਂ ਪਿੰਡਾਂ ਵਿੱਚੋਂ ਅਲੋਪ ਹੋ ਗਈ ਹੈ। ਹੁਣ ਨਾ ਤਾਂ ਪਹਿਲਾਂ ਵਰਗੀ ਜ਼ਿੰਦਗੀ ਦੀ ਤੋਰ ਹੈ, ਨਾ ਹੀ ਪਹਿਲਾਂ ਵਰਗੀ ਵਿਹਲ ਹੈ, ਨਾ ਹੀ ਪਹਿਲਾਂ ਵਰਗੀ ਅਪਣੱਤ ਜਾਂ ਆਪਸੀ ਸਾਂਝ ਹੈ। ਬਦਲੇ ਸਮੇਂ ਨੇ ਲੋਕਾਂ ਕੋਲੋਂ ਪਹਿਲਾਂ ਵਰਗੀ ਬੇਪਰਵਾਹੀ ਵਾਲਾ ਵਕਤ ਖੋਹ ਲਿਆ ਹੈ ਤੇ ਫ਼ਿਕਰਮੰਦੀਆਂ ਹੱਥ ਫੜਾ ਦਿੱਤੀਆਂ ਹਨ। ਹੁਣ ਵਕਤ ਦੇ ਬਦਲਣ ਨਾਲ ਭਾਵ ਕਿ ਜ਼ਿੰਦਗੀ ਜਿਊਣ ਦਾ ਤਰੀਕਾ ਹੀ ਬਦਲ ਗਿਆ ਹੈ, ਜਦੋਂ ਨਵੀਂ ਜੀਵਨ ਜਾਚ ਕਰਕੇ ਜ਼ਿੰਦਗੀ ਦਾ ਤਰੀਕਾ ਬਦਲ ਜਾਵੇ ਤਾਂ ਲੋਕਾਂ ਦੇ ਆਪਸੀ ਵਿਹਾਰ, ਮੇਲ ਮਿਲਾਪ ਦਾ ਸਲੀਕਾ ਵੀ ਬਦਲ ਜਾਂਦਾ ਹੈ। ਇਸੇ ਨੂੰ ਹੀ ਸ਼ਾਇਦ ਆਧੁਨਿਕਤਾ ਦਾ ਨਾਂ ਦਿੱਤਾ ਜਾਂਦਾ ਹੈ। 'ਆਧੁਨਿਕ' ਹੋਇਆ ਮਨੁੱਖ ਸਭ ਤੋਂ ਪਹਿਲਾਂ ਆਪਣੇ ਅਤੀਤ ਨਾਲੋਂ ਆਪਣਾ ਨਾਤ੍ਹਆ ਤੋੜਨ ਦਾ ਭਰਮ ਪਾਲਦਾ ਹੈ। ਇਸ ਰਾਹੇ ਤੁਰਨ ਲੱਗਿਆਂ ਉਸ ਨੂੰ ਪਤਾ ਹੀ ਨਹੀਂ ਲੱਗਦਾ ਕਿ ਜਿਹੜੇ ਰਾਹ ਉਹ ਤੁਰਨ ਦਾ ਯਤਨ ਕਰ ਰਿਹਾ ਹੈ ਉਹ ਜਾਂਦਾ ਕਿੱਧਰ ਹੈ? ਪਰ ਬੇਬਸੀ ਦਾ ਆਲਮ ਕਿ ਹੋਰਨਾਂ ਦੀ ਰੀਸੇ ਉਹ ਵੀ ਮਗਰ ਹੀ ਘੜੀਸਿਆ ਤੁਰਿਆ ਚਲਿਆ ਜਾਂਦਾ ਹੈ। ਇਹ ਬਹੁਤ ਹੀ ਚਿੰਤਾ ਭਰਪੂਰ ਅਤੇ ਪੀੜਦਾਇਕ ਸਥਿਤੀ ਹੁੰਦੀ ਹੈ। ਬੱਸ! ਵਾਹ ਪਿਆ ਜਾਣੀਏਂ ਜਾਂ ਰਾਹ ਪਿਆ ਜਾਣੀਏ ਵਾਲੀ ਕਹਾਵਤ ਹੀ ਇੱਥੇ ਚੇਤੇ ਕੀਤੀ ਜਾ ਸਕਦੀ ਹੈ।

ਸਾਹਿਤ ਜ਼ਿੰਦਗੀ ਅੰਦਰ ਸੁਹਜ ਪੈਦਾ ਕਰਦਾ ਹੈ, ਜਿਊਣ ਨੂੰ ਤਰੀਕਾਬੱਧ, ਤੇ ਸਲੀਕਾਬੱਧ ਵੀ ਕਰਦਾ ਹੈ, ਅਨੁਸ਼ਾਸਨ ਸਿਖਾਉਂਦਾ ਹੈ, ਨਿਮਰਤਾ ਤੇ ਸਹਿਣਸ਼ੀਲਤਾ ਵੀ। ਕਿਸੇ ਦੂਸਰੇ ਨਾਲ ਗੱਲਬਾਤ ਕਰਨ ਦਾ ਅਪਣੱਤ ਤੇ ਮੋਹ ਭਰਿਆ ਸੰਵਾਦੀ ਤਰੀਕਾ/ਰਾਹ ਵੀ ਸਿਖਾਉਂਦਾ ਹੈ ਤੇ ਸਲੀਕਾ ਵੀ। ਚੀਜ਼ਾਂ-ਵਸਤਾਂ, ਮਸਲਿਆਂ ਤੇ ਸਮਾਜ ਦੇ ਵੱਖੋ ਵੱਖ ਵਰਤਾਰਿਆਂ ਨੂੰ ਨਿਰਖਣ-ਪਰਖਣ ਭਾਵ ਰਿੜਕਣ ਦਾ ਤਰਕ ਆਧਾਰਿਤ ਗੁਣ ਵੀ ਸਾਡੇ ਅੰਦਰ ਪੈਦਾ ਕਰਦਾ ਹੈ। ਸਾਹਿਤ ਸਾਡੇ ਕੋਲ ਹੋਰ ਸੰਚਾਰ ਸਾਧਨਾਂ ਦੇ ਨਾਲ ਹੀ ਕਿਤਾਬਾਂ ਰਾਹੀਂ ਵੀ ਪਹੁੰਚਦਾ ਹੈ। ਇਸ ਕਰਕੇ ਪਹਿਲਾਂ ਕਿਤਾਬਾਂ ਸਾਡੇ ਸੁਭਾਅ ਦਾ ਪੱਕਾ ਅੰਗ ਜਾਂ ਸਾਡੀ ਆਦਤ ਦਾ ਜ਼ਰੂਰੀ ਹਿੱਸਾ ਹੋਣੀਆਂ ਚਾਹੀਦੀਆਂ ਹਨ। ਸਾਡੇ ਕੋਲ ਕਿਤਾਬਾਂ ਵਰਗਾ ਕੋਈ ਹੋਰ ਦੋਸਤ ਨਹੀਂ ਹੁੰਦਾ ਜੋ ਬਿਨਾ ਸਾਥੋਂ ਕੁਝ ਲਿਆਂ ਬਹੁਤ ਕੁਝ ਦੇ ਜਾਵੇ। ਇਹ ਸਾਡੀ ਜ਼ਿੰਦਗੀ ਦਾ ਰੁਖ਼ ਹੀ ਬਦਲ ਦਿੰਦੀਆਂ ਹਨ। ਸ਼ਰਤ ਇਹ ਵੀ ਹੈ ਕਿ ਕਿਤਾਬਾਂ ਸਾਡੇ ਨਿੱਤ ਦੇ ਵਿਹਾਰ ਵਿੱਚ ਸ਼ਾਮਲ ਹੋਣ। ਕੁਝ ਕੁ ਲੋਕਾਂ ਨੂੰ ਸ਼ਾਇਦ ਇਹ ਗੱਲ ਦਰੁਸਤ ਨਾ ਲੱਗੇ, ਪਰ ਹੈ ਸੱਚ ਕਿ ਕਿਤਾਬਾਂ ਵਰਗਾ ਨਸ਼ਾ ਵੀ ਕਿਸੇ ਹੋਰ ਥਾਉਂ ਨਹੀਂ ਮਿਲ ਸਕਦਾ। ਲੋੜ ਹੈ ਇਸ ਨਸ਼ੇ ਜਾਂ ਕਹੀਏ ਆਦਤ ਦੇ ਲੜ ਲੱਗਣ ਦੀ।

ਪਹਿਲਾਂ ਇਹ ਸਵਾਲ ਪੈਦਾ ਹੁੰਦਾ ਹੈ ਕਿ ਕਿਤਾਬਾਂ ਪੜ੍ਹੀਆਂ ਕਿਹੜੀਆਂ ਜਾਣ? ਫ਼ੈਸਲਾ ਹਰ ਕਿਸੇ ਦੇ ਆਪਣੇ ਹੱਥ ਹੁੰਦਾ ਹੈ, ਇਸ ਬਾਰੇ ਜਾਣਕਾਰ ਦੂਸਰੇ ਲੋਕਾਂ ਅਤੇ ਸਾਹਿਤ ਦੇ ਖੇਤਰ ਅੰਦਰ ਵਿਚਰਨ ਵਾਲੇ ਮਿੱਤਰਾਂ-ਦੋਸਤਾਂ ਤੋਂ ਪੁੱਛਿਆ ਜਾਂ ਸਲਾਹ ਲਈ ਜਾ ਸਕਦੀ ਹੈ। ਇਹ ਪੱਕਾ ਹੈ ਕਿ ਚੰਗੀਆਂ ਕਿਤਾਬਾਂ ਪੜ੍ਹਨ ਤੋਂ ਬਾਅਦ ਹਰ ਵਿਅਕਤੀ ਦਾ ਸਮਾਜ ਅੰਦਰਲੀਆਂ ਸਮੱਸਿਆਵਾਂ ਨੂੰ ਦੇਖਣ, ਵਿਚਾਰਨ ਦਾ ਦ੍ਰਿਸ਼ਟੀਕੋਣ ਬਦਲ ਜਾਂਦਾ ਹੈ ਅਤੇ ਨਜ਼ਰੀਆ ਹਾਂ ਪੱਖੀ ਤੇ ਉਸਾਰੂ ਹੋ ਜਾਂਦਾ ਹੈ ਜੋ ਹਿੰਸਾ ਰਹਿਤ ਸਮਾਜਿਕ ਤਬਦੀਲੀ ਦਾ ਵਾਹਨ ਵੀ ਬਣ ਸਕਦਾ ਹੈ।

ਸਾਹਿਤ ਵੀ ਕਈ ਤਰ੍ਹਾਂ ਦਾ ਹੈ ਧਾਰਮਿਕ ਵਿਸ਼ਿਆਂ ਬਾਰੇ ਲਿਖਤਾਂ ਹਨ, ਸਮਾਜਿਕ ਮਸਲਿਆਂ ਨੂੰ ਹੰਘਾਲਦੀਆਂ ਲਿਖਤਾਂ ਹਨ, ਰਾਜਨੀਤਕ ਤੇ ਆਰਥਿਕ ਫਲਸਫ਼ਿਆਂ ਦਾ ਵਿਖਿਆਨ ਕਰਨ ਵਾਲਾ ਸਾਹਿਤ, ਤਰਕਸ਼ੀਲ ਸਾਹਿਤ, ਤਕਨੀਕੀ ਗਿਆਨ, ਵਿਗਿਆਨ ਜਾਂ ਫਿਰ ਹੋਰ ਹਰ ਕਿਸਮ ਦੇ ਵਿਸ਼ਿਆਂ ਬਾਰੇ। ਕਿਤਾਬਾਂ ਦੀਆਂ ਵੱਡੀਆਂ ਦੁਕਾਨਾਂ ਵਿੱਚ ਜਾਉ ਤਾਂ ਲੱਖਾਂ ਕਿਤਾਬਾਂ ਦੇ ਦਰਸ਼ਨ ਹੁੰਦੇ ਹਨ, ਲਾਇਬ੍ਰੇਰੀਆਂ ਵਿੱਚ ਜਾਉ ਤਾਂ ਮਿਲੀਅਨਾਂ ਦੇ ਹਿਸਾਬ ਨਾਲ ਕਿਤਾਬਾਂ ਪਾਠਕਾਂ ਦੀ ਉਡੀਕ ਕਰਦੀਆਂ ਪਈਆਂ ਹਨ। ਹਰ ਕਿਤਾਬ ਕਿਸੇ ਨਾ ਕਿਸੇ ਸਮੱਸਿਆ ਨੂੰ ਲੈ ਕੇ ਹੀ ਲਿਖੀ ਗਈ ਹੁੰਦੀ ਹੈ। ਹੁਣ ਆਪ ਹੀ ਅੰਦਾਜ਼ਾ ਲਾਉ ਕਿ ਸਾਡੇ ਸੰਸਾਰ ਵਿੱਚ ਕਿੰਨੀਆਂ ਸਮੱਸਿਆਵਾਂ ਹਨ, ਉਹ ਕਿਤਾਬਾਂ ਤੋਂ ਵੀ ਬਹੁਤ ਜ਼ਿਆਦਾ ਹਨ। ਅਜੇ ਤਾਂ ਬਹੁਤ ਸਾਰੀਆਂ ਲਿਖੀਆਂ ਜਾਣੀਆਂ ਹਨ।

ਸਾਡੇ ਪੰਜਾਬੀ ਸਮਾਜ ਵਿੱਚ ਵੀ ਦਿਨ ਪ੍ਰਤੀ ਦਿਨ ਕਿਤਾਬਾਂ ਦਾ ਰੁਝਾਨ ਵਧ ਰਿਹਾ ਹੈ। ਸਾਹਿਤ ਦੇ ਲੜ ਲੱਗ ਕੇ ਅਸੀਂ ਜ਼ਿੰਦਗੀ ਬਰਬਾਦ ਕਰਨ ਵਾਲੀਆਂ ਬਹੁਤ ਸਾਰੀਆਂ ਭੈੜੀਆਂ ਆਦਤਾਂ ਜਾਂ ਅਲਾਮਤਾਂ ਤੋਂ ਬਚ ਸਕਦੇ ਹਾਂ। ਮਨ ਵਿੱਚ ਅਕਾਰਨ ਹੀ ਪਾਲੀ ਗਈ ਜਾਂ ਦੂਸਰਿਆਂ ਪ੍ਰਤੀ ਪਾਲੀ ਜਾ ਰਹੀ ਨਫ਼ਰਤ ਮੁੱਕਣ

# ਸੁੰਦਰ ਦੇਸ਼ ਕਤਰ



ਪ੍ਰੋ. ਕੇ.ਸੀ. ਸ਼ਰਮਾ
95824-28184

ਮੈਂ ਆਪਣੇ ਪੋਤੇ ਕੋਲ ਆਇਆ ਹਾਂ। ਕਤਰ ਪਹੁੰਚਣ 'ਤੇ ਸਾਡਾ ਜਹਾਜ਼ 'ਏਅਰੋ ਬਰਿਜ' ਨਾਲ ਨਹੀਂ ਜੁੜਿਆ। ਮੁਸਾਫ਼ਰਾਂ ਨੇ ਪੌੜੀਆਂ ਰਾਹੀਂ ਉਤਰਨਾ ਸੀ। ਮੈਂ ਅਤੇ ਪਤਨੀ ਹੈਂਡਬੈਗ ਲੈ ਕੇ ਉਤਰਨ ਲੱਗੇ। ਇੱਕ ਅਜਨਬੀ ਇਨਸਾਨ ਪਤਾ ਨਹੀਂ ਕਿੱਧਰੋਂ ਆਇਆ, ਉਸ ਨੇ ਸਾਥੋਂ ਦੋਵਾਂ ਕੋਲੋਂ ਬੈਗ ਲਗਪਗ ਖੋਹੇ, ਪੌੜੀਆਂ ਉਤਰ ਕੇ ਇੰਤਜ਼ਾਰ ਕਰ ਰਹੀ ਬੱਸ ਵਿੱਚ ਰੱਖ ਕੇ ਸਹਾਇਤਾ ਕੀਤੀ ਅਤੇ ਚੁੱਪਚਾਪ ਇੱਕ ਪਾਸੇ ਖੜ੍ਹ ਗਿਆ। ਮੈਂ ਅਵਾਕ ਰਹਿ ਗਿਆ। ਆਸ਼ੀਰਵਾਦ 'ਚ ਹੱਥ ਚੁੱਕ ਦਿੱਤਾ। ਮੇਰੇ ਕੋਲ ਧੰਨਵਾਦੀ ਸ਼ਬਦ ਨਹੀਂ ਸਨ। ਉਹ ਕੌਣ ਸੀ, ਕਿਸ ਦੇਸ਼ ਦਾ ਵਾਸੀ ਸੀ, ਕਿਸ ਸੰਸਕਾਰੀ ਮਾਂ ਦਾ ਜਾਇਆ ਸੀ? ...ਪਤਾ ਨਹੀਂ।

ਕਤਰ ਟਾਪੂਨੁਮਾ ਛੋਟਾ ਜਿਹਾ ਅਰਬ ਦੇਸ਼ ਹੈ ਜਿੱਥੇ ਅਮੀਰਾਤ ਬਾਦਸ਼ਾਹ ਦਾ ਰਾਜ ਹੈ। ਤੇਲ ਅਤੇ ਗੈਸ ਦੇ ਅਥਾਹ ਭੰਡਾਰਾਂ ਕਰਕੇ ਇਹ ਦੁਨੀਆਂ ਦੇ ਸਭ ਤੋਂ ਵੱਧ ਅਮੀਰ ਦੇਸ਼ਾਂ ਵਿੱਚੋਂ ਇੱਕ ਹੈ। ਇੱਥੋਂ ਦਾ 'ਹਾਮਦ' ਕੌਮਾਂਤਰੀ ਹਵਾਈ ਅੱਡਾ ਸੰਸਾਰ ਦਾ ਦੂਸਰਾ ਸਭ ਤੋਂ ਵਧੀਆ ਅੱਡਾ ਗਰਦਾਨਿਆ ਗਿਆ ਹੈ। ਇਸ ਦੀ ਰਾਜਧਾਨੀ ਦੋਹਾ ਹੈ ਜਿੱਥੇ ਇੱਥੋਂ ਦੇ ਅੱਸੀ ਫ਼ੀਸਦੀ ਲੋਕ ਰਹਿੰਦੇ ਹਨ। ਦੋਹਾ ਖੁੱਲ੍ਹੀਆਂ ਕਾਲੀਆਂ ਮੁਲਾਇਮ ਸੜਕਾਂ ਦਾ ਅਤਿ ਆਧੁਨਿਕ ਸ਼ਹਿਰ ਹੈ। ਸ਼ਹਿਰ ਦੇ ਅੰਦਰ ਵੀ ਬਾਰਾਂ ਲੇਨ ਸੜਕਾਂ ਹਨ ਜਿਨ੍ਹਾਂ ਉਪਰ ਜਗ੍ਹਾ ਜਗ੍ਹਾ ਸਫ਼ੈਦ, ਪੀਲੇ ਅਤੇ ਲਾਲ ਪੇਂਟ ਨਾਲ ਆਵਾਜਾਈ ਦੇ ਨਿਯਮਾਂ ਅਤੇ ਡਰਾਈਵਰਾਂ ਦੀ ਸਹਾਇਤਾ ਲਈ ਨਿਸ਼ਾਨਦੇਹੀ ਕੀਤੀ ਗਈ ਹੈ। ਅਮੀਰਾਂ ਦੇ ਇਸ ਦੇਸ਼ ਵਿੱਚ ਬੈਂਟਲੇ, ਪੋਰਸ਼, ਰੋਲਸ ਰੋਇਸ, ਮਰਸਿਡੀਜ਼ ਆਦਿ ਸੰਸਾਰ ਦੀਆਂ ਸਭ ਤੋਂ ਮਹਿੰਗੀਆਂ ਕਾਰਾਂ ਚਲਦੀਆਂ ਹਨ। ਸ਼ਹਿਰ ਦੇ ਅੰਦਰ ਵੀ 120 ਕਿਲੋਮੀਟਰ ਪ੍ਰਤੀ ਘੰਟੇ ਦੀ ਰਫ਼ਤਾਰ ਦੀ ਇਜਾਜ਼ਤ ਹੈ। ਆਵਾਜਾਈ ਦੇ ਕਾਨੂੰਨ ਬਹੁਤ ਸਖ਼ਤ ਹਨ ਅਤੇ ਉਤਨੀ ਹੀ ਸਖ਼ਤੀ ਨਾਲ ਇਨ੍ਹਾਂ ਦੀ ਪਾਲਣਾ ਹੁੰਦੀ ਹੈ। ਹਰ ਜਗ੍ਹਾ ਆਟੋ ਸੈਂਸਰ ਕੈਮਰੇ ਲੱਗ ਹਨ। ਮੇਰੇ ਪੋਤੇ ਨੇ ਮੈਨੂੰ ਦੱਸਿਆ ਕਿ ਇੱਕ ਵਾਰ ਉਸ ਤੋਂ ਲਾਲ ਬੱਤੀ ਦੀ ਉਲੰਘਣਾ ਹੋ ਗਈ ਅਤੇ ਉਸ ਨੂੰ ਛੇ ਹਜ਼ਾਰ ਕਤਰੀ ਰਿਆਲ (ਲਗਪਗ ਇੱਕ ਲੱਖ ਚਾਲੀ ਹਜ਼ਾਰ ਰੁਪਏ) ਦਾ ਜੁਰਮਾਨਾ ਦੇਣਾ ਪਿਆ। ਰੋਸ ਮੁਜ਼ਾਹਰੇ, ਧਰਨੇ, ਚੱਕਾ ਜਾਮ ਆਦਿ ਰੇਲ ਜਾਂ ਸੜਕੀ ਆਵਾਜਾਈ ਵਿੱਚ ਵਿਘਨ ਨਹੀਂ ਪਾ ਸਕਦੇ।

ਡਾਊਨ ਟਾਊਨ ਵਿੱਚ ਆਸਮਾਨ ਛੂਹੰਦੀਆਂ ਇਮਾਰਤਾਂ 'ਚ ਵਿਦੇਸ਼ੀ ਕੰਪਨੀਆਂ ਦੇ ਦਫ਼ਤਰ, ਪੰਜ/ਸੱਤ ਸਿਤਾਰਾ ਹੋਟਲ, ਮਾਲਜ਼, ਸ਼ਾਪਿੰਗ ਪਲਾਜ਼ੇ, ਰੇਸਤਰਾਂ, ਸਿਨਮਾ ਹਾਲ, ਖੁੱਲ੍ਹੇ ਪਾਰਕ, ਨੀਲੇ ਪਾਣੀ ਵਾਲੇ ਬੀਚ ਆਦਿ ਇੱਥੋਂ ਦੀ ਆਧੁਨਿਕ ਵਿਉਂਤਬੰਦੀ ਦੀਆਂ ਮੂੰਹੋਂ ਬੋਲਦੀਆਂ ਤਸਵੀਰਾਂ ਹਨ। ਰਾਤ ਸਮੇਂ ਰੰਗ ਬਿਰੰਗੀਆਂ ਨਿਊਨ ਲਾਈਟਾਂ ਅਤੇ ਖ਼ਾਸ ਕਿਸਮ ਦੇ ਜਗਦੇ ਖੰਭੇ ਇੱਥੋਂ ਦੀ ਖ਼ਾਸ ਖ਼ੂਬਸੂਰਤੀ ਹਨ। ਸਟਰੀਟ ਲਾਈਟਾਂ ਅਤੇ ਨਿਸ਼ਾਨਦੇਹੀ, ਇੱਕ ਸ਼ਹਿਰ ਨੂੰ ਦੂਸਰੇ ਨਾਲ ਜੋੜਨ ਵਾਲੇ ਸ਼ਾਹ ਮਾਰਗਾਂ ਉੱਤੇ ਵੀ ਲੱਗੀਆਂ ਹਨ। ਕਿਸੇ ਵੀ ਸੜਕ 'ਤੇ ਤਿਪਹੀਆ ਰਿਕਸ਼ਾ, ਆਟੋ, ਟਰੈਕਟਰ ਟਰਾਲੀ, ਪੰਜਾਬ ਦੇ ਘੜੂਕੇ ਮਾਰੂਤੇ, ਗੱਡੇ ਗੱਡੀਆਂ ਦੀ ਮਨਾਹੀ ਹੈ। ਪੈਦਲ ਜਾਂ ਸਾਈਕਲ ਸਵਾਰਾਂ ਲਈ ਸੜਕਾਂ ਦੇ ਨਾਲ-ਨਾਲ ਪਹੇ ਬਣੇ ਹਨ।

ਚੌਰਾਹਿਆਂ 'ਤੇ ਤਿਕੋਣੇ ਪਾਰਕਾਂ ਵਿੱਚ ਹਰੀ ਬੂਟੀ ਅਤੇ ਰੰਗ-ਬਿਰੰਗੇ ਫੁੱਲਾਂ ਦੀਆਂ ਕਿਆਰੀਆਂ ਹਨ। ਜ਼ਮੀਨਦੋਜ਼ ਪਾਈਪਾਂ ਰਾਹੀ ਪਾਣੀ ਹਰ ਥਾਂ ਪਹੁੰਚਦਾ ਹੈ। ਘਾਹ ਦੀ ਸਿੰਜਾਈ ਸਪਰਿੰਕਲਜ਼ ਨਾਲ ਕੀਤੀ ਜਾਂਦੀ ਹੈ, ਘਾਹ ਦੀ ਸੰਭਾਲ ਬਹੁਤ ਹੈ ਉਸ ਵਿੱਚ ਮੁਰਕ, ਬਰੂ, ਭੁਸਰਾ ਆਦਿ ਨਹੀਂ ਹੋਣ ਦਿੱਤਾ ਜਾਂਦਾ। ਉਂਝ ਤਾਂ ਪਹਿਲਾਂ ਵੀ ਬੱਲੇ ਬੱਲੇ ਸੀ, ਪਰ ਫੀਫਾ ਕੱਪ ਦੀ ਮੇਜ਼ਬਾਨੀ ਮਿਲਣ ਤੋਂ ਬਾਅਦ ਤਾਂ ਕਤਰ ਨੇ ਬੇਹੱਦ ਤਰੱਕੀ ਕੀਤੀ ਹੈ। ਨਵੇਂ ਸਟੇਡੀਅਮ, ਹੋਟਲ ਅਤੇ ਸੜਕਾਂ ਦੇ ਜਾਲ ਵੇਖਦੇ ਹੀ ਵੇਖਦੇ ਖੜ੍ਹੇ ਹੋ ਗਏ। ਦੋਹਾ ਤੋਂ ਲਗਪਗ ਤੀਹ ਕਿਲੋਮੀਟਰ ਦੂਰ 'ਅਲ ਖੋਰ' ਵਿਚ 'ਅਲ ਬੇਯਤ' ਨਾਮ ਦਾ ਖ਼ੂਬਸੂਰਤ ਸਟੇਡੀਅਮ ਬਣਾਇਆ ਗਿਆ। ਚਾਰੋਂ ਪਾਸੇ ਮੀਲਾਂਬੱਧੀ ਇਲਾਕੇ ਵਿੱਚ ਘਾਹ, ਰੁੱਖ ਬੂਟੇ ਲਾ ਕੇ ਹਰਿਆਵਲ ਪੈਦਾ ਕੀਤੀ ਗਈ। ਦੋਹਾ ਦੇ ਨਾਲ 'ਲੂ ਸੇਲ' ਨਾਮਕ ਇੱਕ ਨਵਾਂ ਸ਼ਹਿਰ ਬਣਾਇਆ ਗਿਆ। ਇਹ ਸ਼ਹਿਰ ਟੂਰਨਾਮੈਂਟ ਲਈ ਹੀ ਨਹੀਂ ਸਗੋਂ ਭਵਿੱਖ ਵਿੱਚ ਵਿਸਥਾਰ ਦੀਆਂ ਜ਼ਰੂਰਤਾਂ ਨੂੰ ਮੁੱਖ ਰੱਖ ਕੇ ਵਿਉਂਤਿਆ ਗਿਆ ਹੈ। ਇੱਥੇ ਅੱਸੀ ਹਜ਼ਾਰ ਕੈਪੇਸਿਟੀ ਵਾਲਾ ਕੌਮਾਂਤਰੀ ਪੱਧਰ ਦਾ ਸਟੇਡੀਅਮ ਬਣਾਇਆ ਗਿਆ ਹੈ ਅਤੇ ਸੜਕਾਂ ਦੇ ਜਾਲ ਤੇ ਮੈਟਰੋ ਨਾਲ ਜੋੜਿਆ ਗਿਆ ਹੈ। ਖੁੱਲ੍ਹੇ ਪਾਰਕ, ਦਰੱਖਤਾਂ, ਸੁੰਦਰ ਬੀਚ, ਕੰਪਨੀਆਂ ਦੇ ਦਫ਼ਤਰਾਂ ਲਈ ਉੱਚੇ ਬੁਰਜ ਅਤੇ ਆਲੀਸ਼ਾਨ ਰਿਹਾਇਸ਼ੀ ਇਮਾਰਤਾਂ ਸਦਕਾ ਇਹ ਸ਼ਹਿਰ ਦੇਸ਼ ਦਾ ਬਿਹਤਰੀਨ ਇਲਾਕਾ ਮੰਨਿਆ ਜਾਂਦਾ ਹੈ। ਟੂਰਨਾਮੈਂਟ ਤੋਂ ਬਾਅਦ ਵੀ ਇਹ ਇਲਾਕਾ ਆਬਾਦ ਹੈ। ਇਸ ਦੀ ਉਸਾਰੀ ਸਿਰਫ਼ ਚਾਰ ਸਾਲਾਂ ਵਿੱਚ ਪੂਰੀ ਕਰ ਲਈ ਗਈ।

ਅਮਨ ਕਨੂੰਨ ਦੀ ਵਿਵਸਥਾ ਲਈ ਕਾਨੂੰਨ ਬਹੁਤ ਸਖ਼ਤ ਹਨ। ਸ਼ਰਾਬ ਸਿਰਫ਼ ਪੰਜ ਸਿਤਾਰਾ ਹੋਟਲਾਂ ਵਿੱਚ ਹੀ ਮਿਲਦੀ ਹੈ। ਗੁੰਡਾਗਰਦੀ, ਚੋਰੀ, ਝਪਟਮਾਰੀ, ਜਨਤਕ ਜਾਇਦਾਦ ਦੀ ਭੰਨ ਤੋੜ, ਅਗਵਾ, ਅਗਜ਼ਨੀ ਅਤੇ ਔਰਤਾਂ ਖਿਲਾਫ਼ ਜੁਰਮਾਂ ਦੀ ਸਜ਼ਾ ਬਹੁਤ ਸਖ਼ਤ ਹੈ। ਔਰਤਾਂ ਅਤੇ ਸੈਲਾਨੀ ਰਾਤ ਦੇਰ ਤੱਕ ਸਿਨਮੇ, ਰੇਸਤਰਾਂ, ਬੀਚਾਂ ਅਤੇ ਮਾਲਾਂ 'ਤੇ ਬੇਧੜਕ ਘੁੰਮਦੇ ਹਨ। ਇਸ ਤੋਂ ਇਲਾਵਾ ਉੱਚ ਪੱਧਰੀ ਸਫ਼ਾਈ ਲੋਕਾਂ ਦੀ ਜੀਵਨ ਸ਼ੈਲੀ ਦਾ ਹਿੱਸਾ ਹੈ। ਆਮ ਥਾਵਾਂ ਅਤੇ ਖ਼ਾਸ ਕਰਕੇ ਜਨਤਕ ਸਹੂਲਤਾਂ ਵਿੱਚ ਵੀ ਪੰਜ ਸਿਤਾਰਾ ਹੋਟਲਾਂ ਵਰਗੀ ਸਫ਼ਾਈ ਮਿਲਦੀ ਹੈ। ਇੱਥੇ ਧੂੰਆਂ, ਮਿੱਟੀ, ਪਰਦੂਸ਼ਨ, ਮੱਖੀ ਮੱਛਰ, ਕਚਰੇ ਦੇ ਢੇਰਾਂ ਉੱਤੇ 'ਖੋਹ-ਖੋਹ' ਖੇਡਦੇ ਚੂਹੇ, ਅਵਾਰਾ ਕੁੱਤੇ, ਗੋਹਾ ਕਰਦੇ ਆਵਾਰਾ ਪਸ਼ੂ, ਭੇਡ ਬੱਕਰੀਆਂ ਦੇ ਇੱਜੜ ਕਿਧਰੇ ਨਹੀਂ ਦਿਸਦੇ। ਖਾਣ ਪੀਣ ਵਾਲੀਆਂ ਖੁੱਲ੍ਹੀਆਂ ਚੀਜ਼ਾਂ ਦੀ ਵਿਕਰੀ ਦੀ ਸਖ਼ਤ ਮਨਾਹੀ ਹੈ। ਚਲਦੀਆਂ ਫਿਰਦੀਆਂ ਰੇਹੜੀਆਂ ਉੱਤੇ ਛੋਲੇ ਭਟੂਰੇ, ਰਾਜਮਾਂਹ ਚੌਲ, ਚਾਟ, ਦਹੀਂ ਭੱਲੇ, ਫਾਸਟ ਫੂਡ, ਫਲ, ਸਬਜ਼ੀਆਂ ਵੇਚਣਾ ਸਖ਼ਤ ਮਨ੍ਹਾ ਹੈ। ਵੀਰ, ਸ਼ੁੱਕਰ (Week end) 'ਤੇ ਲੋਕ ਛੁੱਟੀ ਮਨਾਉਣ ਘਰੋਂ ਬਾਹਰ ਨਿਕਲਦੇ ਹਨ। ਕਈ ਲੋਕ ਕਲੋਨੀਆਂ ਵਿਚਲੇ ਖੁੱਲ੍ਹੇ ਪਾਰਕਾਂ ਵਿੱਚ ਪਰਿਵਾਰਕ ਪਿਕਨਿਕ ਲਈ ਸਟੋਵ, ਗੋਸ਼ਤ ਭੁੰਨਣ ਵਾਲੀਆਂ ਅੰਗੀਠੀਆਂ ਲੈ ਕੇ ਆਉਂਦੇ ਹਨ। ਦੇਰ ਰਾਤ ਤੱਕ ਖਾਂਦੇ ਪੀਂਦੇ ਮਸਤੀ ਕਰਦੇ ਹਨ ਪਰ ਜਾਣ ਤੋਂ ਪਹਿਲਾਂ ਜਗ੍ਹਾ ਦੀ ਪੂਰੀ ਸਫ਼ਾਈ ਕੀਤੀ ਜਾਂਦੀ ਹੈ।

ਏਕੜਾਂ ਵਿੱਚ ਬਣੀ 'ਬਰਵਾ ਸਿਟੀ' ਦੋਹਾ ਦੀ ਨਿਹਾਇਤ ਖ਼ੂਬਸੂਰਤ ਕਲੋਨੀ ਹੈ। ਚਾਰ ਚੁਫ਼ੇਰੇ ਅੱਠ ਲੇਨ ਸੜਕਾਂ ਦੀ ਫਿਰਨੀ ਅਤੇ ਅੰਦਰੂਨੀ ਸੜਕਾਂ ਇਸ ਨੂੰ ਵੱਖ-ਵੱਖ ਬਲਾਕਾਂ ਵਿੱਚ ਵੰਡਦੀਆਂ ਹਨ। ਹਰ ਬਲਾਕ ਵਿੱਚ ਇੱਕ ਆਕਾਰ, ਮੰਜ਼ਿਲ, ਰੰਗ, ਨਿਰੰਤਰ ਬਿਜਲੀ ਅਤੇ ਪਾਣੀ ਦੀ ਪੂਰਤੀ ਵਾਲੇ ਕੇਂਦਰੀ ਵਾਤਾਨੁਕੂਲ ਫਲੈਟ ਹਨ। ਖੁੱਲ੍ਹੇ ਪਾਰਕ, ਹਰੇ ਭਰੇ ਦਰੱਖ਼ਤ, ਵਸਤਾਂ ਲਈ 'ਲੂਲੂ' ਹਾਈਪਰ ਮਾਰਕੀਟ ਆਦਿ ਕਰਕੇ ਇਹ ਇਕ ਪੌਸ਼ ਕਲੋਨੀ ਹੈ। ਇਸ ਨਾਲ ਲਗਵੀਂ ਇੱਕ ਦੋ ਸੌ ਫ਼ੁੱਟ ਚੌੜੀ ਅਤੇ ਢਾਈ ਕਿਲੋਮੀਟਰ ਲੰਬੀ ਸੈਰਗਾਹ ਇਸ ਦੀ ਖ਼ਾਸ ਵਿਸ਼ੇਸ਼ਤਾ ਹੈ। ਉਦਯੋਗਿਕ ਏਰੀਆ ਵੱਲ ਜਾਂਦਿਆਂ ਇਸ ਦੇ ਸੱਜੇ ਹੱਥ ਧੁਰੇ-ਧੁਰ ਬਾਰਾਂ ਲੇਨ ਦੀ ਸੜਕ ਹੈ। ਬਿਲਕੁਲ ਖੱਬੇ ਮਿੱਠੇ ਬੇਰਾਂ ਦੀਆਂ ਬੇਰੀਆਂ ਦੀ ਤੀਹ ਫ਼ੁੱਟ ਪੱਟੀ ਹੈ। ਬੇਰੀਆਂ ਉਪਰੋਂ ਉੱਡਦੀਆਂ ਗਾਉਂਦੀਆਂ ਘੁੱਗੀਆਂ ਪੰਜਾਬ ਵਰਗਾ ਮਾਹੌਲ ਬਣਾਉਂਦੀਆਂ ਹਨ। ਫਿਰ ਕ੍ਰਮਵਾਰ ਸੌ ਫ਼ੁੱਟ ਘਾਹ ਦਾ ਮੈਦਾਨ, ਪੈਦਲ ਸੈਰ ਕਰਨ ਵਾਲਿਆਂ ਲਈ ਵੀਹ ਫ਼ੁੱਟ ਫਰਸ਼ੀ ਟਾਈਲਾਂ ਦੀ ਪੱਟੀ, ਇੱਕੋ ਸੇਧ 'ਚ ਲੱਗੇ ਖਜੂਰਾਂ ਦੇ ਦਰੱਖਤ ਅਤੇ ਪੈਰਾਂ ਵਿੱਚ ਫੁੱਲਾਂ ਦੀਆਂ ਕਿਆਰੀਆਂ ਦੀ ਪੱਟੀ, ਦੌੜਨ ਅਤੇ ਸਾਈਕਲਾਂ ਲਈ ਤੀਹ ਫ਼ੁੱਟ ਦਾ ਪਹਾ ਅਤੇ ਫਿਰ ਇੱਕ ਹਰੀ ਪੱਟੀ ਸੜਕ ਤੱਕ ਜਾਂਦੀ ਹੈ। ਸੂਤਰ ਵਿੱਚ ਲੱਗੀਆਂ ਟਾਈਲਾਂ ਦੀ ਕਾਰੀਗਰੀ ਮੂੰਹੋਂ ਬੋਲਦੀ ਹੈ। ਕੋਈ ਟਾਈਲ ਦਬੀ ਨਹੀਂ ਅਤੇ ਨਾ ਹੀ ਇਨ੍ਹਾਂ ਉੱਤੇ ਖੱਬਲ, ਸੇਂਜੀ ਦਾ ਹਮਲਾ ਹੈ।



# ਮੁੱਖ ਮੰਤਰੀ ਵੱਲੋਂ ਟਰੈਕਿੰਗ ਪੋਰਟਲ ਤੇ ਮੋਬਾਈਲ ਐਪ ਦੀ ਸ਼ੁਰੂਆਤ




**ਚੰਡੀਗੜ੍ਹ, 2 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**

ਹਰਿਆਣਾ ਦੇ ਮੁੱਖ ਮੰਤਰੀ ਨਾਇਬ ਸਿੰਘ ਸੈਣੀ ਨੇ ਅੱਜ ਡੋਰ-ਟੂ-ਡੋਰ ਕੂੜਾ ਇਕੱਠਾ ਕਰਨ ਵਾਲੇ ਕਾਮਿਆਂ ਦੀ ਨਿਗਰਾਨੀ ਲਈ ਟਰੈਕਿੰਗ ਪੋਰਟਲ ਅਤੇ ਮੋਬਾਈਲ ਐਪ ਦੀ ਸ਼ੁਰੂਆਤ ਕੀਤੀ। ਇਸ ਪੋਰਟਲ ਅਤੇ ਮੋਬਾਈਲ ਐਪ ਨਾਲ ਨਗਰ ਨਿਗਮਾਂ ਤੇ ਨਗਰ ਕੌਂਸਲਾਂ ਵਿੱਚ ਕੂੜਾ ਇਕੱਠਾ ਕਰਨ ਵਾਲੀਆਂ ਗੱਡੀਆਂ ਅਤੇ ਕਾਮਿਆਂ ਦੀ ਸਹੀ ਜਾਣਕਾਰੀ ਹਾਸਲ ਕੀਤੀ ਜਾ ਸਕੇਗੀ। ਇਸ ਪੋਰਟਲ ਨਾਲ ਹਰਿਆਣਾ ਦਾ ਹਰੇਕ ਵਸਨੀਕ ਆਪਣੇ ਖੇਤਰ ਤੇ ਇਲਾਕੇ ਵਿੱਚ ਚੱਲਣ ਵਾਲੀ ਗੱਡੀ ਦੀ ਲਾਈਵ ਟਰੈਕਿੰਗ ਕਰ ਸਕਦਾ ਹੈ। ਮੁੱਖ ਮੰਤਰੀ ਨੇ ਕਿਹਾ ਕਿ ਸੂਬੇ ਦੀਆਂ 37 ਨਗਰ ਕੌਂਸਲਾਂ ਇਸ ਪੋਰਟਲ 'ਤੇ ਲਾਈਵ ਹੋ ਚੁੱਕੀਆਂ ਹਨ। ਜਾਣਕਾਰੀ ਅਨੁਸਾਰ ਮੁੱਖ ਮੰਤਰੀ ਸੈਣੀ ਨੇ ਅੱਜ ਸੂਬੇ ਦੇ ਸਾਰੇ ਜ਼ਿਲ੍ਹਿਆਂ ਦੇ ਡਿਪਟੀ ਕਮਿਸ਼ਨਰਾਂ ਤੇ ਨਗਰ ਨਿਗਮ ਕਮਿਸ਼ਨਰਾਂ ਨਾਲ ਮੀਟਿੰਗ ਕਰਦਿਆਂ ਉਨ੍ਹਾਂ ਨੂੰ ਸਾਰੇ ਸ਼ਹਿਰਾਂ ਦੀ ਸਫਾਈ ਯਕੀਨੀ ਬਣਾਉਣ ਦੇ ਨਿਰਦੇਸ਼ ਦਿੱਤੇ। ਉਨ੍ਹਾਂ ਕਿਹਾ ਕਿ ਹਰਿਆਣਾ ਦੇ ਕਿਸੇ ਵੀ ਸ਼ਹਿਰ ਵਿੱਚ ਕੂੜੇ ਦੇ ਢੇਰ ਦਿਖਣੇ ਨਹੀਂ ਚਾਹੀਦੇ

। ਜੇਕਰ ਕਿਸੇ ਵੀ ਸ਼ਹਿਰ ਵਿੱਚ ਕੂੜੇ ਦੇ ਢੇਰ ਲੱਗੇ ਤਾਂ ਉਸ ਲਈ ਸਬੰਧਤ ਅਧਿਕਾਰੀ ਜ਼ਿੰਮੇਵਾਰ ਹੋਵੇਗਾ। ਉਨ੍ਹਾਂ ਕਿਹਾ ਕਿ ਨਵੇਂ ਪੋਰਟਲ ਨਾਲ ਸਾਰੇ ਸਫਾਈ ਕਾਮਿਆਂ ਦੀ ਹਾਜ਼ਰੀ ਵੀ ਆਨਲਾਈਨ ਲੱਗ ਸਕੇਗੀ। ਇਸ ਦੇ ਨਾਲ ਹੀ ਵਧੀਆਂ ਕਾਰਜ ਕਰਨ ਵਾਲੀ ਨਗਰ ਨਿਗਮ ਦਾ ਸਨਮਾਨ ਕੀਤਾ ਜਾਵੇਗਾ। ਇਸ ਦੌਰਾਨ ਮੁੱਖ ਮੰਤਰੀ ਨੇ ਬੇਸਹਾਰਾ ਪਸ਼ੂਆਂ ਨੂੰ ਗਊਸ਼ਾਲਾਵਾਂ ਵਿੱਚ ਲਿਜਾਅ ਕੇ ਟੈਗਿੰਗ ਕਰਨ ਦੇ ਨਿਰਦੇਸ਼ ਦਿੱਤੇ ਤਾਂ ਜੋ ਸੂਬੇ ਵਿੱਚ ਬੇਸਹਾਰਾ ਗਊਆਂ ਦੀ ਗਿਣਤੀ ਕੀਤੀ ਜਾ ਸਕੇ।

# 'ਇੱਕ ਦੇਸ਼ ਇੱਕ ਚੋਣ' ਦੇ ਹੱਕ 'ਚ ਰਾਸ਼ਟਰਪਤੀ ਨੂੰ ਮੰਗ ਪੱਤਰ




**ਰਤੀਆ, 2 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**

ਸਾਬਕਾ ਸੰਸਦ ਮੈਂਬਰ ਸੁਨੀਤਾ ਦੁੱਗਲ ਨੇ ਅੱਜ ਇੱਥੇ ਕਮਿਊਨਿਟੀ ਹਾਲ ਵਿੱਚ ਭਾਜਪਾ ਜ਼ਿਲ੍ਹਾ ਪ੍ਰਧਾਨ ਪ੍ਰਵੀਨ ਜੋੜਾ ਦੀ ਪ੍ਰਧਾਨਗੀ ਹੇਠ 'ਇੱਕ ਦੇਸ਼ ਇੱਕ ਚੋਣ' ਵਿਸ਼ੇ 'ਤੇ ਹੋਏ ਪ੍ਰੋਗਰਾਮ ਵਿੱਚ ਮੁੱਖ ਮਹਿਮਾਨ ਵਜੋਂ ਸ਼ਿਰਕਤ ਕੀਤੀ। ਜ਼ਿਲ੍ਹਾ ਇੰਚਾਰਜ ਸੁਰਿੰਦਰ ਆਰੀਆ ਵੀ ਉਨ੍ਹਾਂ ਦੇ ਨਾਲ ਪ੍ਰੋਗਰਾਮ ਵਿੱਚ ਸ਼ਾਮਲ ਹੋਏ।

ਰਤੀਆ ਭਾਜਪਾ ਮੰਡਲ ਪ੍ਰਧਾਨ ਅੰਕਿਤ ਸਿੰਗਲਾ ਨੇ ਰਤੀਆ ਪਹੁੰਚਣ 'ਤੇ ਸਾਰਿਆਂ ਦਾ ਸਵਾਗਤ ਕੀਤਾ।

ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਸਾਬਕਾ ਸੰਸਦ ਮੈਂਬਰ ਸੁਨੀਤਾ ਦੁੱਗਲ ਨੇ ਕਿਹਾ ਕਿ 'ਇੱਕ ਰਾਸ਼ਟਰ, ਇੱਕ ਚੋਣ' ਦਾ ਉਦੇਸ਼ ਲੋਕ ਸਭਾ ਅਤੇ ਰਾਜ ਵਿਧਾਨ ਸਭਾਵਾਂ ਦੀਆਂ ਚੋਣਾਂ ਇੱਕੋ ਸਮੇਂ ਕਰਵਾਉਣਾ ਹੈ। ਇਸ ਨਾਲ ਵੋਟਰਾਂ ਨੂੰ ਆਪਣੇ ਹਲਕਿਆਂ ਵਿੱਚ ਇੱਕੋ ਦਿਨ ਸਰਕਾਰ ਦੇ ਦੋਵਾਂ ਪੱਧਰਾਂ ਲਈ ਵੋਟ ਪਾਉਣ ਦੀ ਇਜਾਜ਼ਤ ਮਿਲੇਗੀ। ਉਨ੍ਹਾਂ ਦੱਸਿਆ ਕਿ ਭਾਰਤ ਵਿੱਚ ਇੱਕੋ ਸਮੇਂ ਚੋਣਾਂ ਬਾਰੇ ਉੱਚ ਪੱਧਰੀ ਕਮੇਟੀ ਦੀ ਰਿਪੋਰਟ 2024 ਵਿੱਚ ਜਾਰੀ ਕੀਤੀ ਗਈ ਸੀ।

ਇਸ ਨੂੰ ਕੇਂਦਰੀ ਮੰਤਰੀ ਮੰਡਲ ਨੇ ਸਵੀਕਾਰ ਕਰ ਲਿਆ ਸੀ, ਜੋ ਕਿ ਚੋਣ ਸੁਧਾਰਾਂ ਵੱਲ ਇੱਕ ਮਹੱਤਵਪੂਰਨ ਕਦਮ ਹੈ। ਇਸ ਮੌਕੇ ਰਤੀਆ ਮੀਡੀਆ ਵੈਲਫੇਅਰ ਕਲੱਬ, ਪ੍ਰਾਈਵੇਟ ਸਕੂਲ ਐਸੋਸੀਏਸ਼ਨ ਅਤੇ ਸ਼ਹਿਰ ਦੀਆਂ ਵੱਖ-ਵੱਖ ਸਮਾਜਿਕ ਅਤੇ ਧਾਰਮਿਕ ਸੰਸਥਾਵਾਂ ਨੇ ਸਾਬਕਾ ਸੰਸਦ ਮੈਂਬਰ ਸੁਨੀਤਾ ਦੁੱਗਲ ਨੂੰ ਰਾਸ਼ਟਰਪਤੀ ਦੇ ਨਾਮ ਮੰਗ ਪੱਤਰ ਸੌਂਪਿਆ।

ਇਸ ਮੌਕੇ ਜ਼ਿਲ੍ਹਾ ਕੋਆਰਡੀਨੇਟਰ ਬਲਦੇਵ ਸੈਣੀ, ਇੱਕ ਦੇਸ਼ ਇੱਕ ਚੋਣ ਕੋ-ਕੋਆਰਡੀਨੇਟਰ ਡਾ. ਹਰਵਿੰਦਰ ਸਿੰਘ, ਸਾਬਕਾ ਜ਼ਿਲ੍ਹਾ ਪ੍ਰਧਾਨ ਬਲਦੇਵ ਸਿੰਘ ਗਰੋਹਾ, ਚੰਦਰ ਪ੍ਰਕਾਸ਼ ਬਸਤੀ, ਵਿਕਾਸ ਲਾਲੋਦਾ, ਇੰਦਰਾ ਗਵੜੀ, ਬੀਬੋ ਇੰਦੋਰਾ, ਸੁਨੀਲ ਇੰਦੋਰਾ, ਭਾਜਪਾ ਦੇ ਚਾਰੋਂ ਮੰਡਲ ਪ੍ਰਧਾਨ ਰਤੀਆ ਅੰਕਿਤ ਸਿੰਗਲਾ, ਲਖਵਿੰਦਰ ਸਿੰਘ ਮੌਜੂਦ ਸਨ। ਰਤੀਆ ਭਾਜਪਾ ਮੰਡਲ ਪ੍ਰਧਾਨ ਅੰਕਿਤ ਸਿੰਗਲਾ ਨੇ ਰਤੀਆ ਪਹੁੰਚਣ 'ਤੇ ਸਾਰਿਆਂ ਦਾ ਸਵਾਗਤ ਕੀਤਾ। ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਸਾਬਕਾ ਸੰਸਦ ਮੈਂਬਰ ਸੁਨੀਤਾ ਦੁੱਗਲ ਨੇ ਕਿਹਾ ਕਿ 'ਇੱਕ ਰਾਸ਼ਟਰ, ਇੱਕ ਚੋਣ' ਦਾ ਉਦੇਸ਼ ਲੋਕ ਸਭਾ ਅਤੇ ਰਾਜ ਵਿਧਾਨ ਸਭਾਵਾਂ ਦੀਆਂ ਚੋਣਾਂ ਇੱਕੋ ਸਮੇਂ ਕਰਵਾਉਣਾ ਹੈ।

ਇਸ ਨਾਲ ਵੋਟਰਾਂ ਨੂੰ ਆਪਣੇ ਹਲਕਿਆਂ ਵਿੱਚ ਇੱਕੋ ਦਿਨ ਸਰਕਾਰ ਦੇ ਦੋਵਾਂ ਪੱਧਰਾਂ ਲਈ ਵੋਟ ਪਾਉਣ ਦੀ ਇਜਾਜ਼ਤ ਮਿਲੇਗੀ।

# ਨਸ਼ੇ ਤੋ ਹਮੇਸ਼ਾ ਦੂਰ ਰਹਿਣ ਲਈ ਇਸਦੇ ਮਾੜੇ ਪ੍ਰਭਾਵਾਂ ਬਾਰੇ ਜਾਗਰੂਕ ਹੋਣਾ ਜਰੂਰੀ : ਵਿਧਾਇਕ ਡਾ. ਅਮਨਦੀਪ ਕੌਰ ਅਰੋੜਾ



**ਮੋਗਾ, 2 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਸਰਕਾਰ ਦੇ ਹੁਕਮਾਂ ਅਨੁਸਾਰ ਨਸ਼ੇ ਨੂੰ ਜੜ ਤੋਂ ਖਤਮ ਕਰਨ ਲਈ ਸੂਬੇ ਅੰਦਰ ਵਿਸ਼ੇਸ਼ ਜਾਗਰੂਕਤਾ ਮੁਹਿੰਮ ਯੁੱਧ ਨਸ਼ਿਆਂ ਵਿਰੁੱਧ ਚਲਾਈ ਜਾ ਰਹੀ ਹੈ ਜਿਸ ਦੌਰਾਨ ਜਿਲਾ ਮੋਗਾ ਦੇ ਅੰਦਰ ਵੀ ਵੱਖ ਵੱਖ ਥਾਵਾਂ ਤੇ ਨਸ਼ੇ ਦੇ ਮਾੜੇ ਪ੍ਰਭਾਵਾਂ ਬਾਰੇ ਜਾਗਰੂਕ ਕੀਤਾ ਜਾ ਰਿਹਾ ਹੈ। ਇਸੇ ਕੜੀ ਦੌਰਾਨ ਹੀ ਸਿਹਤ ਵਿਭਾਗ ਮੋਗਾ ਵਲੋ ਸਿਵਲ ਹਸਪਤਾਲ ਮੋਗਾ ਤੋਂ ਯੁੱਧ ਨਸ਼ੇ ਵਿਰੁੱਧ ਜਾਗਰੂਕਤਾ ਰੈਲੀ ਦਾ ਅਯੋਜਨ ਕੀਤਾ, ਜਿਸ ਵਿੱਚ ਲੋਕਾਂ ਨੂੰ ਨਸ਼ਿਆਂ ਦੇ ਮਾੜੇ ਪ੍ਰਭਾਵਾਂ ਤੋਂ ਜਾਣੂ ਕਰਵਾਇਆ ਗਿਆ ।

ਇਸ ਰੈਲੀ ਨੂੰ ਵਿਧਾਇਕ ਮੋਗਾ ਡਾ ਅਮਨਦੀਪ ਕੌਰ ਅਰੋੜਾ ਨੇ ਹਰੀ ਝੰਡੀ ਦੇ ਕੇ ਰਵਾਨਾ ਕੀਤਾ। ਇਸ ਮੌਕੇ ਸਿਹਤ ਵਿਭਾਗ ਦੇ ਸਟਾਫ਼ ਤੋ ਇਲਾਵਾ ਵੱਖ ਵੱਖ ਐਨ ਜੀ ਓ ਅਤੇ ਹੋਰ ਆਗੂਆਂ ਨੇ ਭਾਗ ਲਿਆ।

ਵਿਧਾਇਕ ਡਾ ਅਮਨਦੀਪ ਕੌਰ ਅਰੋੜਾ ਨੇ ਕਿਹਾ ਕਿ ਨਫਰਤ ਨਸ਼ੇ ਨੂੰ ਕਰੋ - ਨਾ ਕਿ ਨਸ਼ਾ ਕਰਨ ਵਾਲੇ ਨੂੰ ਨਸ਼ਾ ਕਰਨ ਵਾਲੇ ਨਾਲ ਹਮਦਰਦੀ ਦਾ ਵਤੀਰਾ ਰੱਖੋ। ਨਸ਼ੇ ਵਿਰੁੱਧ ਇਹ ਜੰਗ ਜਾਰੀ ਰਹੇਗੀ ਅਤੇ ਰੰਗਲਾ ਪੰਜਾਬ ਬਣਾਉਣ ਦੇ ਲਈ ਲੋਕਾਂ ਦੇ ਵਿਸ਼ੇਸ਼ ਸਹਿਯੋਗ ਦੀ ਵੀ ਮੰਗ ਉਹਨਾਂ ਵੱਲੋਂ ਕੀਤੀ ਗਈ।

ਇਸ ਮੌਕੇ ਸਿਵਲ ਸਰਜਨ ਮੋਗਾ ਡਾਕਟਰ ਪ੍ਰਦੀਪ ਕੁਮਾਰ ਮਹਿੰਦਰਾ ਨੇ ਕਿਹਾ ਕਿ ਇਹ ਜਾਗਰੂਕਤਾ ਰੈਲੀ ਸਿਹਤਮੰਦ ਪੰਜਾਬ ਲਈ ਲਾਹੇਵੰਦ ਹੋਵੇਗੀ ਇਸ ਨਾਲ ਨਸ਼ਿਆ ਵਿਰੁੱਧ ਜਾਗਰੂਕਤਾ ਆਵੇਗੀ। ਇਸ ਮੌਕੇ ਡਾਕਟਰ ਰਾਜੇਸ਼ ਮਿੱਤਲ ਡਿਪਟੀ ਮੈਡੀਕਲ ਕਮਿਸ਼ਨਰ ਮੋਗਾ ਨੇ ਕਿਹਾ ਕਿ ਨਸ਼ਾ ਕਰਨ ਵਾਲਾ ਵਿਅਕਤੀ ਪਹਿਲਾਂ ਸ਼ੌਂਕ ਨਾਲ ਨਸ਼ਾ ਕਰਦਾ ਹੈ ਅਤੇ ਫਿਰ ਇਹ ਮਜਬੂਰੀ ਬਣ ਜਾਂਦਾ ਹੈ ਜਿਸ ਨਾਲ ਮਨੁੱਖ ਨੂੰ ਨਸ਼ੇ ਦੀ ਲੱਤ ਲੱਗ ਜਾਂਦੀ ਹੈ।

ਡਾ ਗਗਨਦੀਪ ਸਿੰਘ ਨੇ ਕਿਹਾ ਕਿ ਨਸ਼ੇ ਮਨੁੱਖ ਨੂੰ ਬਰਬਾਦ ਕਰ ਦਿੰਦੇ ਹਨ ਇਸ ਲਈ ਹਰੇਕ ਮਨੁੱਖ ਨੂੰ ਨਸ਼ਿਆਂ ਤੋਂ ਦੂਰ ਰਹਿਣਾ ਚਾਹੀਦਾ ਹੈ । ਇਸ ਮੌਕੇ ਕੌਂਸਲਰ ਪੂਜਾ ਰਿਸ਼ੀ ਨਸ਼ਾ ਮੁਕਤੀ ਦਵਾਈ ਕੇਂਦਰ ਸਿਵਿਲ ਹਸਪਤਾਲ਼ ਮੋਗਾ ਨੇ ਕਿਹਾ ਕਿ ਹਮੇਸ਼ਾ ਨਸ਼ੇ ਤੋਂ ਪਰਹੇਜ਼ ਕਰੋ ਤੇ ਜ਼ਿੰਦਗੀ ਨੂੰ ਹਾਂ ਕਰੋ ਨਸ਼ੇ ਨੂੰ ਨਾ ਕਰੋ।

ਇਸ ਮੌਕੇ ਮੇਅਰ ਨਗਰ ਨਿਗਮ ਬਲਜੀਤ ਸਿੰਘ ਚਾਨੀ ਅਤੇ ਸੀਨੀਅਰ ਡਿਪਟੀ ਮੇਅਰ ਪਰਵੀਨ ਸ਼ਰਮਾ ਅਤੇ ਸਿਹਤ ਵਿਭਾਗ ਦੇ ਸਟਾਫ ਵੱਲੋਂ ਡਾਕਟਰ ਚਰਨਜੀਤ ਸਿੰਘ ਮਾਨਸਿਕ ਰੋਗਾਂ ਦੇ ਮਾਹਿਰ ਸਿਵਿਲ ਹਸਪਤਾਲ ਮੋਗਾ, ਡਾ ਕਰਨ ਮਿੱਤਲ, ਡਾ ਸਾਹਿਲ ਮਿੱਤਲ, ਡਾ ਅਰਬਾਜ਼ ਸਿੰਘ, ਡਾ ਮਾਨਿਕ ਸਿੰਗਲਾ, ਡਾ ਭੁਪਿੰਦਰ ਸਿੰਘ ਆਯੁਰਵੈਦਿਕ ਮੈਡੀਕਲ ਅਫਸਰ ਮੌਜੂਦ ਸਨ।

ਇਸ ਰੈਲੀ ਵਿੱਚ ਐਮ ਐਲ ਐਮ ਨਰਸਿੰਗ ਕਾਲਜ ਅਤੇ ਐਲ ਐਲ ਆਰ ਨਰਸਿੰਗ ਕਾਲਜ ਦੇ ਵਿਦਿਆਰਥੀਆਂ ਤੋਂ ਇਲਾਵਾ ਮਲਟੀ ਪਰਪਜ ਹੈਲਥ ਵਰਕਰ ਫੀਮੇਲ ਸਰਕਾਰੀ ਸਿਵਲ ਹਸਪਤਾਲ ਦੇ ਵਿਦਿਆਰਥੀ, ਅਧਿਆਪਕ ਕਮਲਪ੍ਰੀਤ ਅਤੇ ਰੁਪਿੰਦਰ ਕੌਰ ਐਲ ਐਲ ਆਰ ਕਾਲਜ ਵੀ ਹਾਜ਼ਰ ਸਨ।

# ਰਵਿੰਦਰ ਹੰਸ ਨੇ ਅਨੁਸੂਚਿਤ ਜਾਤੀਆਂ ਭੂਮੀ ਵਿਕਾਸ ਅਤੇ ਵਿੱਤ ਨਿਗਮ ਮੈਂਬਰ ਡਾਇਰੈਕਟਰ ਵੱਜੋਂ ਅਹੁਦਾ ਸੰਭਾਲਿਆ



**ਚੰਡੀਗੜ੍ਹ, 2 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**

ਅਨੁਸੂਚਿਤ ਜਾਤੀਆਂ ਭੂਮੀ ਵਿਕਾਸ ਅਤੇ ਵਿੱਤ ਨਿਗਮ, ਪੰਜਾਬ ਦੇ ਨਵੇਂ ਮੈਂਬਰ ਡਾਇਰੈਕਟਰ ਰਵਿੰਦਰ ਹੰਸ ਨੇ ਅੱਜ ਆਪਣਾ ਅਹੁਦਾ ਸੰਭਾਲ ਲਿਆ।

ਇਸ ਮੌਕੇ ਅੰਮ੍ਰਿਤਸਰ ਦੱਖਣੀ ਤੋਂ ਵਿਧਾਇਕ ਇੰਦਰਬੀਰ ਸਿੰਘ ਨਿੱਝਰ, ਪੰਜਾਬ ਸਟੇਟ ਵੇਅਰਹਾਊਸਿੰਗ ਕਾਰਪੋਰੇਸ਼ਨ ਦੇ ਚੇਅਰਮੈਨ ਗੁਰਦੀਪ ਸਿੰਘ ਲੱਖਣਾ, ਪੰਜਾਬ ਰਾਜ ਜਲ ਸਪਲਾਈ ਤੇ ਸੀਵਰੇਜ ਬੋਰਡ ਦੇ ਚੇਅਰਮੈਨ ਸੰਨੀ ਆਹਲੂਵਾਲੀਆ ਅਤੇ ਹੋਰ ਕਈ ਪੱਤਵੰਤੇ ਵਿਅਕਤੀ ਮੌਜੂਦ ਸਨ।

ਇਸ ਮੌਕੇ ਰਵਿੰਦਰ ਹੰਸ ਨੇ ਆਮ ਆਦਮੀ ਪਾਰਟੀ ਦੇ ਕਨਵੀਨਰ ਸ਼੍ਰੀ ਅਰਵਿੰਦ ਕੇਜਰੀਵਾਲ ਅਤੇ ਪੰਜਾਬ ਦੇ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਦਾ ਤਹਿ ਦਿਲੋਂ ਧੰਨਵਾਦ ਕਰਦਿਆਂ ਭਰੋਸਾ ਦਿਵਾਇਆ ਕਿ ਉਹ ਅਨੁਸੂਚਿਤ ਜਾਤੀਆਂ ਦੇ ਲੋਕਾਂ ਦੀ ਭਲਾਈ, ਉਨ੍ਹਾਂ ਦੀ ਆਰਥਿਕ ਅਤੇ ਸਮਾਜਿਕ ਤਰੱਕੀ ਲਈ ਪੂਰੀ ਨਿਸ਼ਠਾ, ਈਮਾਨਦਾਰੀ ਅਤੇ ਜ਼ਿੰਮੇਵਾਰੀ ਨਾਲ ਕੰਮ ਕਰਨਗੇ।

ਉਨ੍ਹਾਂ ਕਿਹਾ ਕਿ ਅਨੁਸੂਚਿਤ ਜਾਤੀਆਂ ਭੂਮੀ ਵਿਕਾਸ ਅਤੇ ਵਿੱਤ ਨਿਗਮ, ਪੰਜਾਬ ਦੀ ਸਥਾਪਨਾ ਹੀ ਇਸ ਲਈ ਕੀਤੀ ਗਈ ਸੀ ਕਿ ਇਹ ਨਿਗਮ ਅਨੁਸੂਚਿਤ ਜਾਤੀਆਂ ਦੇ ਵਿਅਕਤੀਆਂ ਨੂੰ ਰੁਜ਼ਗਾਰ, ਸਵੈ-ਰੁਜ਼ਗਾਰ ਅਤੇ ਵਿੱਤੀ ਸਹਾਇਤਾ ਦੇ ਕੇ ਉਨ੍ਹਾਂ ਨੂੰ ਆਤਮਨਿਰਭਰ ਅਤੇ ਸਸ਼ਕਤ ਬਣਾ ਸਕੇ।

ਜ਼ਿਕਰਯੋਗ ਹੈ ਕਿ ਇਸ ਨਿਗਮ ਰਾਹੀਂ ਛੋਟੇ ਅਤੇ ਮੱਧਮ ਦਰਜੇ ਦੇ ਉਦਯੋਗਾਂ, ਵਪਾਰਕ ਸਰਗਰਮੀਆਂ ਲਈ ਘੱਟ ਵਿਆਜ ਦਰਾਂ 'ਤੇ ਕਰਜ਼ੇ, ਸਬਸਿਡੀਆਂ ਅਤੇ ਰੁਜ਼ਗਾਰ ਯੋਜਨਾਵਾਂ ਮੁਹੱਈਆ ਕਰਵਾਈਆਂ ਜਾਂਦੀਆਂ ਹਨ। ਸਰਕਾਰ ਦੀ ਇਹ ਕੋਸ਼ਿਸ਼ ਹੈ ਕਿ ਅਨੁਸੂਚਿਤ ਜਾਤੀਆਂ ਦੇ ਨੌਜਵਾਨਾਂ ਨੂੰ ਸਿੱਖਿਆ, ਸਿਹਤ ਅਤੇ ਰੁਜ਼ਗਾਰ ਦੇ ਖੇਤਰ 'ਚ ਬਰਾਬਰੀ ਦੇ ਮੌਕੇ ਦਿੱਤੇ ਜਾਣ।

ਰਵਿੰਦਰ ਹੰਸ ਨੇ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਦੇ ÷ਰੰਗਲਾ ਪੰਜਾਬ÷ ਦੇ ਸੁਪਨੇ ਨੂੰ ਹਕੀਕਤ ਬਣਾਉਣ ਲਈ ਆਪਣੇ ਪੂਰੇ ਯਤਨ ਅਤੇ ਜੋਸ਼ ਨਾਲ ਕੰਮ ਕਰਨ ਦਾ ਐਲਾਨ ਵੀ ਕੀਤਾ।

# ਸਾਬਕਾ ਪ੍ਰਿੰਸੀਪਲ ਵਰਿੰਦਰ ਕੌਰ ਦਾ ਸਨਮਾਨ

**ਯਮੁਨਾਨਗਰ, 2 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**

ਸਥਾਨਕ ਗੁਰੂ ਨਾਨਕ ਖਾਲਸਾ ਕਾਲਜ ਦੀ ਸਾਬਕਾ ਪ੍ਰਿੰਸੀਪਲ, ਡਾ. ਵਰਿੰਦਰ ਕੌਰ ਨੂੰ ਨਿਆਂ ਪ੍ਰਣਾਲੀ ਦੇ ਢਿੱਲੇ ਸਿਸਟਮ ਦੇ ਚਲਦਿਆਂ ਆਪਣੇ ਆਪ ਨੂੰ ਬੇਕਸੂਰ ਸਾਬਤ ਕਰਨ ਲਈ 11 ਸਾਲਾਂ ਦਾ ਲੰਮਾ ਸਮਾਂ ਲੱਗਿਆ। ਪੀੜਤਾ ਦੇ ਸੰਘਰਸ਼ ਦਾ ਅੰਤ ਚੰਗਾ ਹੋਇਆ ਹੈ ਜਿਸ ਦੇ ਨਤੀਜੇ ਵਜੋਂ ਉਨ੍ਹਾਂ ਨੂੰ ਆਪਣੀ ਸੇਵਾਕਾਲ ਨਾਲ ਜੁੜੇ ਸਾਰੇ ਲਾਭ ਪ੍ਰਾਪਤ ਹੋਏ ਹਨ। ਉਨ੍ਹਾਂ ਦੀ ਇਸ ਜਿੱਤ ਦੀ ਖੁਸ਼ੀ ਵਿੱਚ ਕਾਲਜ ਦੇ ਸੇਵਾਮੁਕਤ ਪ੍ਰੋਫੈਸਰਾਂ, ਵੱਖ ਵੱਖ ਕਾਲਜਾਂ ਦੇ ਸਾਬਕਾ ਪ੍ਰਿੰਸੀਪਲਾਂ ਨੇ ਉਨ੍ਹਾਂ ਦੇ ਸਨਮਾਨ ਵਿੱਚ ਸਮਾਗਮ ਅਤੇ ਪਾਰਟੀ ਕੀਤੀ। ਗੁਰੂ ਨਾਨਕ ਖਾਲਸਾ ਕਾਲਜ ਦੇ ਸਾਬਕਾ ਪ੍ਰਿੰਸੀਪਲ ਡਾ. ਹਰਿੰਦਰ ਸਿੰਘ ਕੰਗ, ਇੰਦਿਰਾ ਗਾਂਧੀ ਨੈਸ਼ਨਲ ਕਾਲਜ ਦੇ ਸਾਬਕਾ ਪ੍ਰਿੰਸੀਪਲ ਡਾ. ਹਰੀਪ੍ਰਕਾਸ਼ ਸ਼ਰਮਾ ਨੇ ਉਨ੍ਹਾਂ ਦੇ ਸੰਘਰਸ਼ ਮਈ ਜੀਵਨ, ਅਣਥੱਕ ਯਤਨਾਂ ਅਤੇ ਆਪਣੇ ਕੰਮ ਪ੍ਰਤੀ ਲਗਨ ਅਤੇ ਸਮਰਪਣ ਦੀ ਸ਼ਲਾਘਾ ਕੀਤੀ ਅਤੇ ਕਿਹਾ ਕਿ ਭਾਵੇਂ ਦੇਰ ਨਾਲ ਹੀ ਸਹੀ ਪਰ ਉਨ੍ਹਾਂ ਨੂੰ ਨਿਆਂ ਮਿਲਿਆ ਹੈ। ਡਾ. ਵਰਿੰਦਰ ਕੌਰ ਨੇ ਜਿੱਤ ਦਾ ਸਿਹਰਾ ਆਪਣੇ ਜੀਵਨ ਸਾਥੀ ਡਾ. ਰਾਜਬੀਰ ਸਿੰਘ ਗੁਲੀਆ ਨੂੰ ਦਿੰਦੇ ਹੋਏ ਕਿਹਾ ਕਿ ਮਾਨਸਿਕ ਤੌਰ 'ਤੇ ਪ੍ਰੇਸ਼ਾਨ ਕਰਨ ਵਾਲੇ ਇਸ ਲੰਬੇ ਸਮੇਂ ਵਿੱਚ ਉਨ੍ਹਾਂ ਦੇ ਹਲੀਮੀ ਭਰੇ ਸੁਭਾਅ ਦੇ ਕਾਰਨ ਹੀ ਇਹ ਸਕਾਰਾਤਮਕ ਨਤੀਜੇ ਪ੍ਰਾਪਤ ਹੋਏ ਹਨ । ਪੰਜਾਬੀ ਸਾਹਿਤ ਅਕਾਦਮੀ ਦੇ ਉਪ ਪ੍ਰਧਾਨ ਡਾ. ਨਰਿੰਦਰ ਸਿੰਘ ਵਿਰਕ, ਡਾ. ਪੀਕੇ ਮਲਿਕ, ਡਾ. ਰਵੀ ਕਪੂਰ, ਡਾ. ਪੀਸੀ ਭਾਰਦਵਾਜ਼, ਡਾ. ਅੰਮ੍ਰਿਤਾ ਪ੍ਰੀਤਮ, ਡਾ. ਵਿਜੇ ਸ਼ਰਮਾ, ਡਾ. ਇੰਦਰਾ ਕਪੂਰ, ਡਾ. ਗੁਰੂਸ਼ਰਨ ਸਿੰਘ, ਡਾ. ਆਰ.ਪੀ. ਸਿੰਘ, ਡਾ. ਬੋਧਰਾਜ, ਡਾ. ਐਮਪੀ ਅਗਰਵਾਲ, ਡਾ. ਕੁਲਬੀਰ ਕੌਰ ਨੇ ਸਮਾਗਮ ਵਿੱਚ ਡਾ. ਵਰਿੰਦਰ ਕੌਰ ਦੇ ਸੇਵਾ ਕਾਲ ਦੌਰਾਨ ਕੀਤੀਆਂ ਪ੍ਰਬੰਧਕੀ ਪ੍ਰਾਪਤੀਆਂ ਦਾ ਵਰਣਨ ਕਰਦਿਆਂ ਆਪਣੇ ਅੰਦਰ ਦੀਆਂ ਭਾਵਨਾਵਾਂ ਦਾ ਪ੍ਰਗਟਾਵਾ ਕੀਤਾ।

# .ਫਲਸਤੀਨੀਆਂ ਦੇ ਹੱਕ ਵਿੱਚ ਨਿੱਤਰੇ ਲੋਕ



**ਯਮੁਨਾਨਗਰ, 2 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**

ਅੱਜ ਇੱਥੇ ਅਵਾਮੀ ਏਕਤਾ ਮੰਚ ਵੱਲੋਂ ਫ਼ਲਸਤੀਨ ਦੇ ਲੋਕਾਂ ਦੇ ਸਮਰਥਨ ਵਿੱਚ ਡੀਸੀ ਦਫ਼ਤਰ ਦੇ ਸਾਹਮਣੇ ਵਿਰੋਧ ਪ੍ਰਦਰਸ਼ਨ ਕੀਤਾ ਗਿਆ। ਇਸ ਵਿੱਚ ਵਿਦਿਆਰਥੀਆਂ, ਨੌਜਵਾਨਾਂ, ਮਨੁੱਖੀ ਅਧਿਕਾਰ ਕਾਰਕੁਨਾਂ ਸਣੇ ਸੈਂਕੜੇ ਲੋਕਾਂ ਨੇ ਹਿੱਸਾ ਲਿਆ ਅਤੇ ਫਲਸਤੀਨ ਨਾਲ ਏਕਤਾ ਦਾ ਪ੍ਰਗਟਾਵਾ ਕੀਤਾ। ਅਵਾਮੀ ਏਕਤਾ ਮੰਚ ਦੇ ਪ੍ਰਧਾਨ ਸੰਜੀਵ ਵਾਲੀਆ ਨੇ ਕਿਹਾ ਕਿ ਉਹ ਗਾਜ਼ਾ ਵਿੱਚ ਆਮ ਲੋਕਾਂ, ਮਾਸੂਮ ਨਾਗਰਿਕਾਂ ਅਤੇ ਵਿਸ਼ੇਸ਼ ਕਰਕੇ ਬੱਚਿਆਂ 'ਤੇ ਹਮਲਿਆਂ ਦੀ ਸਖ਼ਤ ਨਿੰਦਾ ਕਰਦੇ ਹਾਂ। ਉਨ੍ਹਾਂ ਭਾਰਤ ਸਰਕਾਰ ਨੂੰ ਅਪੀਲ ਕੀਤੀ ਕਿ ਉਹ ਫ਼ਲਸਤੀਨ ਵਿੱਚ ਸ਼ਾਂਤੀ ਸਥਾਪਤ ਕਰਨ ਲਈ ਤੁਰੰਤ ਦਖ਼ਲ ਦੇਵੇ ਅਤੇ ਭਾਰਤ ਵਿੱਚ ਵੀ ਘੱਟ ਗਿਣਤੀਆਂ ਅਤੇ ਦਲਿਤਾਂ 'ਤੇ ਹਮਲੇ ਬੰਦ ਕੀਤੇ ਜਾਣ।

ਉਨ੍ਹਾਂ ਕਿਹਾ ਕਿ ਭਾਰਤ ਦੇ ਲੋਕ ਹਮੇਸ਼ਾ ਪੀੜਤ ਮਨੁੱਖਤਾ ਦੇ ਨਾਲ ਖੜ੍ਹੇ ਰਹੇ ਹਨ ਅਤੇ ਇਹ ਸਮਰਥਨ ਉਸੇ ਪਰੰਪਰਾ ਦਾ ਹਿੱਸਾ ਹੈ। ਇਸ ਦੌਰਾਨ ਡਿਪਟੀ ਕਮਿਸ਼ਨਰ ਨੂੰ ਮੰਗ ਪੱਤਰ ਸੌਂਪਿਆ ਗਿਆ, ਜਿਸ ਵਿੱਚ ਭਾਰਤ ਸਰਕਾਰ ਤੋਂ ਮੰਗ ਕੀਤੀ ਗਈ ਕਿ ਉਹ ਫਲਸਤੀਨ ਵਿੱਚ ਹਿੰਸਾ ਵਿਰੁੱਧ ਸਪੱਸ਼ਟ ਸਟੈਂਡ ਲਵੇ ਅਤੇ ਸੰਯੁਕਤ ਰਾਸ਼ਟਰ ਰਾਹੀਂ ਸ਼ਾਂਤੀ ਸਥਾਪਤ ਕਰਨ ਲਈ ਠੋਸ ਕਦਮ ਚੁੱਕੇ। ਇਸ ਮੌਕੇ ਜਰਨੈਲ ਸਿੰਘ ਸਾਂਗਵਾਨ ਨੇ ਕਿਹਾ ਕਿ ਅੱਜ ਸਾਡੇ ਦੇਸ਼ ਵਿੱਚ ਵੀ ਫੌਜ ਨੂੰ ਧਰਮ ਦੇ ਆਧਾਰ 'ਤੇ ਵੰਡਿਆ ਜਾ ਰਿਹਾ ਹੈ ਜੋ ਮੰਦਭਾਗਾ ਹੈ। ਇਸ ਲਈ, ਉਨ੍ਹਾਂ ਤੱਤਾਂ ਵਿਰੁੱਧ ਕਾਰਵਾਈ ਕੀਤੀ ਜਾਣੀ ਚਾਹੀਦੀ ਹੈ ਜੋ ਭਾਰਤੀ ਫੌਜ ਦਾ ਅਪਮਾਨ ਕਰ ਰਹੇ ਹਨ। ਵਿਦਿਆਰਥੀ ਆਗੂ ਅਜੇ ਨੇ ਕਿਹਾ ਕਿ ਅਸ਼ੋਕਾ ਯੂਨੀਵਰਸਿਟੀ, ਸੋਨੀਪਤ ਦੇ ਪ੍ਰੋਫੈਸਰ ਅਲੀ ਖਾਨ ਦੇ ਵਿਰੁੱਧ ਕੇਸ ਰੱਦ ਕੀਤਾ ਜਾਣਾ ਚਾਹੀਦਾ ਹੈ ਅਤੇ ਦੇਸ਼ ਵਿੱਚ ਪ੍ਰਗਟਾਵੇ ਦੀ ਆਜ਼ਾਦੀ 'ਤੇ ਹਮਲਾ ਬੰਦ ਕੀਤਾ ਜਾਣਾ ਚਾਹੀਦਾ ਹੈ। ਇੱਕ ਹੋਰ ਬੁਲਾਰੇ ਸ਼ਾਦਿਕ ਨੇ ਕਿਹਾ ਕਿ ਇਜ਼ਰਾਈਲ ਆਮ ਲੋਕਾਂ 'ਤੇ ਬੰਬਾਰੀ ਕਰਕੇ ਜੰਗੀ ਅਪਰਾਧ ਕਰ ਰਿਹਾ ਹੈ। ਇਸ ਲਈ, ਭਾਰਤ ਸਰਕਾਰ ਨੂੰ ਇਜ਼ਰਾਈਲੀ ਸਰਕਾਰ ਨਾਲ ਸਬੰਧ ਤੋੜਨੇ ਚਾਹੀਦੇ ਹਨ ਅਤੇ ਫ਼ਲਸਤੀਨੀਆਂ ਦੇ ਅੰਦੋਲਨ ਦਾ ਸਮਰਥਨ ਕਰਨਾ ਚਾਹੀਦਾ ਹੈ। ਇੱਕ ਹੋਰ ਬੁਲਾਰੇ ਰਾਜੇਸ਼ ਬਿੰਦਰਾ ਦਾ ਕਹਿਣਾ ਸੀ ਕਿ ਸਿੱਖਿਆ ਦਾ ਫਿਰਕੂਕਰਨ ਬੰਦ ਕੀਤਾ ਜਾਣਾ ਚਾਹੀਦਾ ਹੈ ਅਤੇ ਸੰਵਿਧਾਨਕ ਕਦਰਾਂ-ਕੀਮਤਾਂ 'ਤੇ ਹਮਲਾ ਬੰਦ ਕੀਤਾ ਜਾਣਾ ਚਾਹੀਦਾ ਹੈ।

# ਅਪਰੇਸ਼ਨ ਸਿੰਧੂਰ ਬਾਰੇ ਟਿੱਪਣੀ: ਬੋਲਣ ਦੇ ਅਧਿਕਾਰ 'ਤੇ ਕੋਈ ਰੋਕ ਨਹੀਂ, ਪਰ ਐਫਆਈਆਰਜ਼ 'ਤੇ ਟਿੱਪਣੀ ਨਹੀਂ ਕਰ ਸਕਦੇ: ਸੁਪਰੀਮ ਕੋਰਟ

**ਨਵੀਂ ਦਿੱਲੀ, 2 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**



ਸੁਪਰੀਮ ਕੋਰਟ ਨੇ ਬੁੱਧਵਾਰ ਨੂੰ ਅਸ਼ੋਕਾ ਯੂਨੀਵਰਸਿਟੀ ਦੇ ਪ੍ਰੋਫੈਸਰ ਅਲੀ ਖਾਨ ਮਹਿਮੂਦਾਬਾਦ ਨੂੰ ਕਿਹਾ ਕਿ ਉਨ੍ਹਾਂ ਦੇ ਬੋਲਣ ਅਤੇ ਪ੍ਰਗਟਾਵੇ ਦੇ ਅਧਿਕਾਰ 'ਤੇ ਕੋਈ ਰੁਕਾਵਟ ਨਹੀਂ ਹੈ, ਪਰ ਉਹ ਆਪਣੇ ਵਿਰੁੱਧ ਕੇਸਾਂ ਦੇ ਸਬੰਧ ਵਿੱਚ ਕੁਝ ਵੀ ਆਨਲਾਈਨ ਪੋਸਟ ਨਹੀਂ ਕਰ ਸਕਦੇ। ਜ਼ਿਕਰਯੋਗ ਹੈ ਕਿ ਖਾਨ ਅਪਰੇਸ਼ਨ ਸਿੰਧੂਰ 'ਤੇ ਵਿਵਾਦਪੂਰਨ ਸੋਸ਼ਲ ਮੀਡੀਆ ਪੋਸਟਾਂ ਕਰਨ ਦੇ ਦੋਸ਼ਾਂ ਦਾ ਸਾਹਮਣਾ ਕਰ ਰਹੇ ਹਨ। ਜਸਟਿਸ ਸੂਰਿਆ ਕਾਂਤ ਅਤੇ ਦੀਪਾਂਕਰ ਦੱਤਾ ਦੇ ਅੰਸ਼ਕ ਕਾਰਜਕਾਰੀ ਬੈਂਚ ਨੇ 21 ਮਈ ਨੂੰ ਉਨ੍ਹਾਂ 'ਤੇ ਲਗਾਈ ਗਈ ਅੰਤਰਿਮ ਜ਼ਮਾਨਤ ਦੀ ਸ਼ਰਤ ਨੂੰ ਹੁਣ ਤੱਕ ਸੋਧਣ ਤੋਂ ਇਨਕਾਰ ਕਰ ਦਿੱਤਾ ਕਿ ਉਹ ਕੋਈ ਵੀ ਆਨਲਾਈਨ ਪੋਸਟ, ਲੇਖ ਨਹੀਂ ਲਿਖਣਗੇ ਜਾਂ ਦੋਵਾਂ ਆਨਲਾਈਨ ਪੋਸਟਾਂ ਵਿੱਚੋਂ ਕਿਸੇ ਨਾਲ ਸਬੰਧਤ ਕੋਈ ਵੀ ਮੌਖਿਕ ਭਾਸ਼ਣ ਨਹੀਂ ਦੇਣਗੇ, ਜੋ ਕਿ ਜਾਂਚ ਦਾ ਵਿਸ਼ਾ ਹਨ।

ਸਿਖਰਲੀ ਅਦਾਲਤ ਨੇ ਪ੍ਰੋਫੈਸਰ ਨੂੰ ਭਾਰਤੀ ਧਰਤੀ 'ਤੇ ਹੋਏ ਅਤਿਵਾਦੀ ਹਮਲੇ ਜਾਂ ਭਾਰਤੀ ਹਥਿਆਰਬੰਦ ਬਲਾਂ ਦੁਆਰਾ ਦਿੱਤੇ ਗਏ ਜਵਾਬੀ ਜਵਾਬ ਦੇ ਸਬੰਧ ਵਿੱਚ ਕੋਈ ਵੀ ਰਾਏ ਪ੍ਰਗਟ ਕਰਨ ਤੋਂ ਵੀ ਰੋਕ ਦਿੱਤਾ ਸੀ।

ਬੈਂਚ ਨੇ ਕਿਹਾ ਕਿ ਉਹ ਪ੍ਰੋਫੈਸਰ ਨੂੰ ਦਿੱਤੀ ਗਈ ਅੰਤਰਿਮ ਜ਼ਮਾਨਤ ਵਧਾ ਰਿਹਾ ਹੈ ਅਤੇ ਐਸਆਈਟੀ ਨੂੰ ਅਗਲੀ ਸੁਣਵਾਈ ਦੀ ਤਰੀਕ 'ਤੇ ਜਾਂਚ ਰਿਪੋਰਟ ਪੇਸ਼ ਕਰਨ ਦਾ ਨਿਰਦੇਸ਼ ਦਿੱਤਾ ਹੈ।ਸਿਖਰਲੀ ਅਦਾਲਤ ਨੇ ਸਪੱਸ਼ਟ ਕੀਤਾ ਕਿ ਪ੍ਰੋਫੈਸਰ ਵਿਰੁੱਧ ਦਰਜ ਦੋ ਐਫਆਈਆਰਜ਼ ਜਾਂਚ ਦਾ ਵਿਸ਼ਾ ਸਨ ਅਤੇ ਹਰਿਆਣਾ ਪੁਲੀਸ ਨੂੰ ਜਾਂਚ ਵਿੱਚ ਖੱਬੇ-ਸੱਜੇ ਨਾ ਜਾਣ ਲਈ ਕਿਹਾ। ਬੈਂਚ ਨੇ ਹਰਿਆਣਾ ਪੁਲੀਸ ਨੂੰ ਪ੍ਰੋਫੈਸਰ ਵਿਰੁੱਧ ਐਫਆਈਆਰ ਦਰਜ ਕਰਨ ਅਤੇ ਐਨਐਚਆਰਸੀ ਦੇ ਨੋਟਿਸ 'ਤੇ ਆਪਣੇ ਜਵਾਬ ਬਾਰੇ ਜਾਣੂ ਕਰਵਾਉਣ ਲਈ ਵੀ ਕਿਹਾ।

# ਯੂਰੀਆ ਖਾਦ ਲੁੱਟਣ ਦੇ ਮਾਮਲੇ ਵਿੱਚ ਅੱਠ ਮੁਲਜ਼ਮ ਕਾਬੂ

**ਯਮੁਨਾਨਗਰ, 2 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**

ਕ੍ਰਾਈਮ ਬ੍ਰਾਂਚ-2 ਨੇ ਗੁਦਾਮ ਦੀ ਭੰਨਤੋੜ ਕਰਕੇ ਯੂਰੀਆ ਖਾਦ ਲੁੱਟਣ ਦੇ ਮਾਮਲੇ ਵਿੱਚ ਅੱਠ ਮੁਲਜ਼ਮਾਂ ਨੂੰ ਕਾਬੂ ਕੀਤਾ ਹੈ। ਪੁਲੀਸ ਸੁਪਰਡੈਂਟ ਸੁਰੇਂਦਰ ਸਿੰਘ ਭੌਰੀਆ ਨੇ ਕਿਹਾ ਕਿ ਪਿੰਡ ਤਾਜਕਪੁਰ ਨੇੜੇ ਗੁਦਾਮ ਵਿੱਚੋਂ ਯੂਰੀਆ ਖਾਦ ਦਾ ਸਟਾਕ ਰੱਖਿਆ ਹੋਇਆ ਸੀ, ਜਿੱਥੇ ਹੋਮ ਗਾਰਡ ਜਵਾਨ ਅਤੇ ਪ੍ਰਾਈਵੇਟ ਸੁਰੱਖਿਆ ਗਾਰਡ ਡਿਊਟੀ 'ਤੇ ਤਾਇਨਾਤ ਸਨ। 19-20 ਮਈ ਦੀ ਰਾਤ ਨੂੰ 14-15 ਅਣਪਛਾਤੇ ਵਿਅਕਤੀ ਗੁਦਾਮ ਵਿੱਚ ਦਾਖਲ ਹੋਏ ਅਤੇ ਹਮਲਾ ਕਰਕੇ ਗੋਦਾਮ ਵਿੱਚੋਂ ਲਗਪਗ 120 ਬੋਰੀਆਂ ਯੂਰੀਆ ਖਾਦ ਨੂੰ ਟਰੈਕਟਰ-ਟਰਾਲੀ ਅਤੇ ਪਿਕ-ਅੱਪ ਵਿੱਚ ਲੱਦ ਕੇ ਫ਼ਰਾਰ ਹੋ ਗਏ। ਥਾਣਾ ਸਦਰ ਵਿੱਚ ਇਸ ਸਬੰਧੀ ਕੇਸ ਦਰਜ ਕੀਤਾ ਗਿਆ ਸੀ। ਉਨ੍ਹਾਂ ਦੱਸਿਆ ਕਿ ਕ੍ਰਾਈਮ ਬ੍ਰਾਂਚ-2 ਦੇ ਇੰਚਾਰਜ ਰਾਜਕੁਮਾਰ ਦੀ ਅਗਵਾਈ ਹੇਠ ਉਨ੍ਹਾਂ ਦੀ ਟੀਮ ਨੇ ਘਟਨਾ ਵਿੱਚ ਸ਼ਾਮਲ ਅੱਠ ਮੁਲਜ਼ਮਾਂ ਨੂੰ ਗ੍ਰਿਫ਼ਤਾਰ ਕੀਤਾ ਹੈ। ਮੁਲਜ਼ਮਾਂ ਦੀ ਪਛਾਣ ਨਫੀਸ ਉਰਫ਼ ਸੋਨੂੰ, ਮਾਸੂਮ, ਸ਼ਾਹਿਦ ਉਰਫ਼ ਸਾਹਿਲ ਵਾਸੀ ਪਿੰਡ ਟੋਡਰਪੁਰ, ਆਸ਼ਿਕ ਵਾਸੀ ਪਿੰਡ ਤਿਗਰਾ, ਸ਼ੋਇਬ ਵਾਸੀ ਪਿੰਡ ਅਕਾਲਗੜ੍ਹ, ਕੁਰਬਾਨ ਅਤੇ ਮੁਨੱਵਰ ਵਾਸੀ ਪਿੰਡ ਕੋਟ ਬਸਾਵਾ ਸਿੰਘ ਵਜੋਂ ਹੋਈ ਹੈ।

ਮੁਲਜ਼ਮਾਂ ਤੋਂ ਪੁੱਛਗਿੱਛ ਦੌਰਾਨ ਦੇਸੀ ਚਾਕੂ, ਰੰਬੇ ਅਤੇ ਇਸ ਘਟਨਾ ਵਿੱਚ ਵਰਤਿਆ ਸੋਨਾਲੀਕਾ ਟਰੈਕਟਰ, ਟਰਾਲੀ ਬਰਾਮਦ ਕੀਤਾ ਗਿਆ ਹੈ। ਪੁੱਛਗਿੱਛ ਦੌਰਾਨ ਮੁਲਜ਼ਮਾਂ ਨੇ ਦੱਸਿਆ ਕਿ ਇਸ ਘਟਨਾ ਦੇ ਮੁੱਖ ਮਾਸਟਰਮਾਈਂਡ ਨਫੀਸ ਉਰਫ਼ ਸੋਨੂੰ, ਬਿਲਾਲ ਵਾਸੀ ਪਿੰਡ ਟੋਡਰਪੁਰ ਅਤੇ ਮੁਸਤਫ਼ਾ ਵਾਸੀ ਪਿੰਡ ਜਟਾਣਵਾਲਾ ਥਾਣਾ ਛਛਰੌਲੀ ਹਨ। ਉਨ੍ਹਾਂ ਕਿਹਾ ਕਿ ਮੁਲਜ਼ਮਾਂ ਦੀ ਪਛਾਣ ਕਰ ਲਈ ਗਈ ਹੈ ਤੇ ਜਲਦੀ ਗ੍ਰਿਫ਼ਤਾਰ ਕਰ ਲਿਆ ਜਾਵੇਗਾ।

## ਰਾਖਵੀਆਂ ਸੀਟਾਂ ਬਾਰੇ ਜਾਣਕਾਰੀ ਨਾ ਦੇਣ ਵਾਲੇ ਸਕੂਲ ਪ੍ਰਬੰਧਕਾਂ ਖ਼ਿਲਾਫ਼ ਹੋਵੇਗੀ ਕਾਰਵਾਈ

**ਫਰੀਦਾਬਾਦ, 2 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**

ਸਿੱਖਿਆ ਅਧਿਕਾਰ ਕਾਨੂੰਨ ਦੇ ਤਹਿਤ ਜ਼ਿਲ੍ਹੇ ਦੇ ਨਿੱਜੀ ਸਕੂਲਾਂ ਨੂੰ ਆਰਥਿਕ ਤੌਰ 'ਤੇ ਕਮਜ਼ੋਰ ਵਰਗ ਦੇ ਬੱਚਿਆਂ ਲਈ 25 ਫ਼ੀਸਦ ਸੀਟਾਂ ਰਾਖਵੀਆਂ ਰੱਖਣੀਆਂ ਪੈਂਦੀਆਂ ਹਨ ਪਰ ਜ਼ਿਲ੍ਹੇ ਦੇ 1200 ਤੋਂ ਵੱਧ ਨਿੱਜੀ ਸਕੂਲਾਂ ਵਿੱਚੋਂ 364 ਨੇ ਅਜੇ ਤੱਕ ਇਨ੍ਹਾਂ ਰਾਖਵੀਆਂ ਸੀਟਾਂ ਬਾਰੇ ਜਾਣਕਾਰੀ ਸਿੱਖਿਆ ਵਿਭਾਗ ਨੂੰ ਜਮ੍ਹਾਂ ਨਹੀਂ ਕਰਵਾਈ ਹੈ।

# ਬੱਚਿਆਂ ਨੂੰ ਪਾਣੀ ਬਚਾਉਣ ਲਈ ਜਾਗਰੂਕ ਕੀਤਾ

**ਸ਼ਾਹਬਾਦ ਮਾਰਕੰਡਾ, 2 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**

ਵਧੀਕ ਡਿਪਟੀ ਕਮਿਸ਼ਨਰ ਸੋਨੂੰ ਭੱਟ ਨੇ ਕਿਹਾ ਹੈ ਕਿ ਪੀਣ ਵਾਲੇ ਪਾਣੀ ਨੂੰ ਬਣਾਇਆ ਨਹੀਂ ਜਾ ਸਕਦਾ ਇਸ ਨੂੰ ਸਿਰਫ ਬਚਾਇਆ ਹੀ ਜਾ ਸਕਦਾ ਹੈ।

ਮੀਂਹ ਦੇ ਪਾਣੀ ਨੂੰ ਜ਼ਮੀਨ ਵਿੱਚ ਜਮ੍ਹਾਂ ਕਰਨ ਲਈ ਬੋਰਵੈਲ ਲਾਏ ਜਾਣੇ ਚਾਹੀਦੇ ਹਨ ਤੇ ਵੱਧ ਤੋਂ ਵੱਧ ਪੌਦੇ ਲਾਏ ਜਾਣੇ ਚਾਹੀਦੇ ਹਨ। ਉਨ੍ਹਾਂ ਕਿਹਾ ਕਿ ਰੁੱਖ ਪਾਣੀ ਨੂੰ ਵਹਿਣ ਤੋਂ ਰੋਕਦੇ ਹਨ ਤੇ ਜ਼ਮੀਨ ਵਿੱਚ ਭੇਜਣ ਦਾ ਕੰਮ ਕਰਦੇ ਹਨ।

ਇਸ ਤੋਂ ਇਲਾਵਾ ਰੁੱਖ ਤੇ ਪੌਦੇ ਮੀਂਹ ਲਿਆਉਣ ਵਿਚ ਵੀ ਮਦਦਗਾਰ ਬਣਦੇ ਹਨ। ਉਨ੍ਹਾਂ ਕਿਹਾ ਕਿ ਪਾਣੀ ਬਚਾਉਣ ਲਈ ਛੋਟੇ-ਛੋਟੇ ਯਤਨਾਂ ਦੀ ਲੋੜ ਹੈ।

ਉਹ ਅੱਜ ਪੰਚਾਇਤ ਭਵਨ ਦੇ ਆਡੀਟੋਰੀਅਮ ਸਿੱਖਿਆ ਤੇ ਜ਼ਿਲ੍ਹਾ ਪਰੀਸ਼ਦ ਕੁਰੂਕਸ਼ੇਤਰ ਦੇ ਸਾਂਝੇ ਉਦਮ ਨਾਲ ਕਰਵਾਏ ਜਲ ਸ਼ਕਤੀ ਅਭਿਆਨ ਕੈਚ ਦਿ ਰੇਨ 2025 ਪ੍ਰੋਗਰਾਮ ਨੂੰ ਸੰਬੋਧਨ ਕਰ ਰਹੇ ਸਨ।

ਉਨ੍ਹਾਂ ਕਿਹਾ ਕਿ ਮਨੁੱਖ ਲਗਪਗ ਤਿੰਨ ਲੱਖ ਸਾਲ ਪਹਿਲਾਂ ਧਰਤੀ 'ਤੇ ਆਇਆ ਸੀ ,ਹੁਣ ਪਾਣੀ ਬਚਾਉਣ ਦੀ ਲੋੜ ਹੈ। ਉਨ੍ਹਾਂ ਕਿਹਾ ਕਿ ਵਧੇਰੇ ਪਾਣੀ ਖੇਤੀ ਲਈ ਵਰਤਿਆ ਜਾ ਰਿਹਾ ਹੈ, ਦੂਜਾ ਇਸ ਦੀ ਵਰਤੋਂ ਉਦਯੋਗਾਂ ਵਿੱਚ ਹੋ ਰਹੀ ਹੈ।

ਜ਼ਮੀਨ ਤੋਂ ਪਾਣੀ ਦੀ ਵਰਤੋਂ ਕਾਰਨ ਸਾਡੇ ਬਹੁਤ ਸਾਰੇ ਖੇਤਰ ਡਾਰਕ ਜ਼ੋਨ ਬਣ ਗਏ ਹਨ। ਆਰਓ ਪ੍ਰਕਿਰਿਆ ਦੌਰਾਨ 75 ਫ਼ੀਸਦ ਪਾਣੀ ਬਰਬਾਦ ਹੋ ਰਿਹਾ ਹੈ।

ਇਸ ਮੌਕੇ ਵੱਖ-ਵੱਖ ਸਕੂਲਾਂ ਦੇ ਬੱਚਿਆਂ ਨੇ ਪਾਣੀ ਬਚਾਉਣ ਨੂੰ ਲੈ ਕੇ ਪੇਸ਼ਕਾਰੀਆਂ ਦਿੱਤੀਆਂ।

ਇਸ ਮੌਕੇ ਜ਼ਿਲ੍ਹਾ ਪਰੀਸ਼ਦ ਚੇਅਰਮੈਨ ਕੰਵਲਜੀਤ ਕੌਰ, ਜ਼ਿਲ੍ਹਾ ਪਰੀਸ਼ਦ ਸੀਈਓ ਸ਼ੰਭੂ, ਜ਼ਿਲ੍ਹਾ ਸਿੱਖਿਆ ਅਧਿਕਾਰੀ ਸੰਤੋਸ਼ ਸ਼ਰਮਾ, ਜ਼ਿਲ੍ਹਾ ਪ੍ਰਾਜੈਕਟ ਕੋਆਰਡੀਨੇਟਰ ਸੰਤੋਸ਼ ਚੌਹਾਨ, ਭਗਵਾਨ, ਸੱਤਿਆ ਭੂਸ਼ਣ ਮੌਜੂਦ ਸਨ।

# ਵਧੀਕ ਜ਼ਿਲ੍ਹਾ ਮੈਜਿਸਟਰੇਟ ਨੇ ਜ਼ਿਲ੍ਹਾ ਗੁਰਦਾਸਪੁਰ ਦੀ ਹਦੂਦ ਵਿੱਚ ਪਸ਼ੂਆਂ ਨੂੰ ਸੜਕਾਂ ਜਾਂ ਜਨਤਕ ਥਾਵਾਂ 'ਤੇ ਚਰਾਉਣ 'ਤੇ ਪਾਬੰਦੀ ਲਗਾਈ

**ਗੁਰਦਾਸਪੁਰ, 2 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**

ਸ੍ਰੀ ਹਰਜਿੰਦਰ ਸਿੰਘ ਬੇਦੀ, ਆਈ.ਏ.ਐੱਸ., ਵਧੀਕ ਜ਼ਿਲ੍ਹਾ ਮੈਜਿਸਟਰੇਟ, ਗੁਰਦਾਸਪੁਰ ਨੇ ਭਾਰਤੀ ਨਾਗਰਿਕ ਸੁਰੱਖਿਆ ਸੰਹਿਤਾ, 2023 ਦੀ ਧਾਰਾ 163 ਅਧੀਨ ਪ੍ਰਾਪਤ ਹੋਏ ਅਧਿਕਾਰਾਂ ਦੀ ਵਰਤੋਂ ਕਰਦੇ ਹੋਏ ਆਮ ਜਨਤਾ ਨੂੰ ਇਹ ਹੁਕਮ ਕੀਤਾ ਹੈ ਕਿ ਜ਼ਿਲ੍ਹਾ ਗੁਰਦਾਸਪੁਰ ਦੀ ਹਦੂਦ ਦੇ ਅੰਦਰ ਕੋਈ ਵੀ ਵਿਅਕਤੀ ਆਪਣੇ ਪਸ਼ੂਆਂ ਨੂੰ ਸ਼ਰੇਆਮ ਸੜਕਾਂ 'ਤੇ ਜਾਂ ਜਨਤਕ ਥਾਵਾਂ 'ਤੇ ਚਰਾਉਣ ਲਈ ਲੈ ਕੇ ਨਹੀਂ ਜਾਣਗੇ ਅਤੇ ਨਾ ਹੀ ਅਵਾਰਾ ਛੱਡਣਗੇ।

ਮਨਾਹੀ ਦੇ ਇਹ ਹੁਕਮ ਕਰਦਿਆਂ ਵਧੀਕ ਜ਼ਿਲ੍ਹਾ ਮੈਜਿਸਟਰੇਟ ਗੁਰਦਾਸਪੁਰ ਨੇ ਕਿਹਾ ਕਿ ਉਨ੍ਹਾਂ ਦੇ ਧਿਆਨ ਵਿੱਚ ਆਇਆ ਹੈ ਕਿ ਕੁਝ ਲੋਕ ਆਪਣੇ ਪਸ਼ੂਆਂ ਨੂੰ ਸ਼ਰੇਆਮ ਸੜਕਾਂ ਦੇ ਉੱਤੇ ਅਤੇ ਜਨਤਕ ਥਾਵਾਂ 'ਤੇ ਚਰਾਉਂਦੇ ਹਨ, ਜਿਸ ਕਾਰਨ ਸੜਕਾਂ 'ਤੇ ਦੁਰਘਟਨਾਵਾਂ ਹੋਣ ਦਾ ਖ਼ਤਰਾ ਬਣਿਆ ਰਹਿੰਦਾ ਹੈ ਅਤੇ ਆਮ ਆਵਾਜਾਈ ਵਿੱਚ ਵਿਘਨ ਪੈਂਦਾ ਹੈ। ਇਸ ਤੋਂ ਇਲਾਵਾ ਜਦੋਂ ਵੀ ਪਸ਼ੂਆਂ ਨੂੰ ਸੜਕਾਂ 'ਤੇ ਖੁੱਲ੍ਹਾ ਛੱਡਿਆ ਜਾਂਦਾ ਹੈ ਤਾਂ ਇਹ ਪਸ਼ੂ ਅਕਸਰ ਬੇਕਾਬੂ ਹੋ ਜਾਂਦੇ ਹਨ ਅਤੇ ਰਾਹ ਜਾਂਦੇ ਵਿਅਕਤੀਆਂ ਦਾ ਨੁਕਸਾਨ ਕਰਦੇ ਹਨ। ਇਸ ਤੋਂ ਇਲਾਵਾ ਪਸ਼ੂ ਫ਼ਸਲਾਂ ਦਾ ਵੀ ਉਜਾੜਾ ਕਰਦੇ ਹਨ।

ਉਪਰੋਕਤ ਹਾਲਤਾਂ ਨੂੰ ਮੱਦੇਨਜ਼ਰ ਰੱਖਦੇ ਹੋਏ ਵਧੀਕ ਜ਼ਿਲ੍ਹਾ ਮੈਜਿਸਟਰੇਟ, ਗੁਰਦਾਸਪੁਰ ਨੇ ਭਾਰਤੀ ਨਾਗਰਿਕ ਸੁਰੱਖਿਆ ਸੰਹਿਤਾ, 2023 ਦੀ ਧਾਰਾ 163 ਅਧੀਨ ਪ੍ਰਾਪਤ ਹੋਏ ਅਧਿਕਾਰਾਂ ਦੀ ਵਰਤੋਂ ਕਰਦੇ ਹੋਏ ਆਮ ਜਨਤਾ ਨੂੰ ਇਹ ਹੁਕਮ ਕੀਤਾ ਹੈ ਕਿ ਜ਼ਿਲ੍ਹਾ ਗੁਰਦਾਸਪੁਰ ਦੀ ਹਦੂਦ ਦੇ ਅੰਦਰ ਕੋਈ ਵੀ ਵਿਅਕਤੀ ਆਪਣੇ ਪਸ਼ੂਆਂ ਨੂੰ ਸ਼ਰੇਆਮ ਸੜਕਾਂ 'ਤੇ ਜਾਂ ਜਨਤਕ ਥਾਵਾਂ 'ਤੇ ਚਰਾਉਣ ਲਈ ਲੈ ਕੇ ਨਹੀਂ ਜਾਣਗੇ ਅਤੇ ਨਾ ਹੀ ਪਸ਼ੂਆਂ ਨੂੰ ਅਵਾਰਾ ਛੱਡਣਗੇ। ਵਧੀਕ ਜ਼ਿਲ੍ਹਾ ਮੈਜਿਸਟਰੇਟ ਨੇ ਇਹ ਹੁਕਮ ਇੱਕ ਤਰਫ਼ਾ ਪਾਸ ਕੀਤੇ ਹਨ। ਪਾਬੰਦੀ ਦੇ ਇਹ ਹੁਕਮ 25 ਮਈ 2025 ਤੋਂ 23 ਜੁਲਾਈ 2025 ਤੱਕ ਲਾਗੂ ਰਹਿਣਗੇ।

# ਸਰਕਾਰੀ ਹਾਈ ਸਕੂਲ ਮੌਜਮ ਵਿੱਚ ਵਿਸ਼ਵ ਮਾਹਵਾਰੀ ਦਿਵਸ ਮਨਾਇਆ ਗਿਆ

**ਫਾਜ਼ਿਲਕਾ, 2 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**

ਸਿਹਤ ਵਿਭਾਗ ਅਤੇ ਸਿਵਲ ਸਰਜਨ ਫਾਜ਼ਿਲਕਾ ਡਾ. ਰਾਮ ਕੁਮਾਰ ਦੇ ਨਿਰਦੇਸ਼ਾਂ ਅਨੁਸਾਰ ਅਤੇ ਡਾ. ਕਵਿਤਾ ਸਿੰਘ, ਡਾ. ਰੋਹਿਤ ਗੋਇਲ ਅਤੇ ਡਾ. ਦਿਨੇਸ਼ ਗੁਪਤਾ ਦੀ ਨਿਗਰਾਨੀ ਹੇਠ, ਸਰਕਾਰੀ ਹਾਈ ਸਕੂਲ , ਮੌਜਮ ਵਿੱਚ ਰਾਸ਼ਟਰੀ ਕਿਸ਼ੋਰ ਸਿਹਤ ਪ੍ਰੋਗਰਾਮ ਅਧੀਨ ਵਿਸ਼ਵ ਮਾਹਵਾਰੀ ਦਿਵਸ 'ਤੇ ਇੱਕ ਰੋਜ਼ਾ ਸੈਮੀਨਾਰ ਕਰਵਾਇਆ ਗਿਆ। ਇਸ ਮੌਕੇ ਪ੍ਰਿੰਸੀਪਲ ਸੀਮਾ ਰਾਣੀ ਮਨੀਸ਼ਾ ਚੁੱਘ, ਸੀਐਚਓ ਰੂਬਲ ਪ੍ਰੀਤ ਬੇਦੀ, ਪ੍ਰਕਾਸ਼ ਸਿੰਘ ਅਤੇ ਬਲਾਕ ਡੱਬਵਾਲਾ ਕਲਾ ਦੇ ਮਾਸ ਮੀਡੀਆ ਇੰਚਾਰਜ ਦਿਵੇਸ਼ ਕੁਮਾਰ ਮੌਜੂਦ ਸਨ।

ਸੀਐਚਓ ਰੂਬਲ ਪ੍ਰੀਤ ਬੇਦੀ ਨੇ ਦੱਸਿਆ ਕਿ 'ਵਿਸ਼ਵ ਮਾਹਵਾਰੀ ਦਿਵਸ' ਹਰ ਸਾਲ 28 ਮਈ ਨੂੰ ਮਨਾਇਆ ਜਾਂਦਾ ਹੈ। ਇਸਦਾ ਉਦੇਸ਼ ਲੜਕੀਆਂ ਨੂੰ ਮਾਹਵਾਰੀ ਦੌਰਾਨ ਸਫਾਈ ਦੀ ਮਹੱਤਤਾ ਬਾਰੇ ਜਾਗਰੂਕ ਕਰਨਾ ਹੈ। ਇਸਦੀ ਮਹੱਤਤਾ ਬਾਰੇ ਦੱਸਦੇ ਹੋਏ ਉਨ੍ਹਾਂ ਕਿਹਾ ਕਿ ਮਾਹਵਾਰੀ 28 ਦਿਨਾਂ ਬਾਅਦ ਆਉਂਦੀ ਹੈ ਅਤੇ ਆਮ ਤੌਰ 'ਤੇ 5 ਦਿਨਾਂ ਤੱਕ ਰਹਿੰਦੀ ਹੈ, ਇਸ ਲਈ 28 ਮਈ ਨੂੰ ਇਸ ਦਿਨ ਵਜੋਂ ਚੁਣਿਆ ਗਿਆ ਹੈ। ਅੱਜ ਵੀ, ਪਿੰਡਾਂ ਅਤੇ ਸ਼ਹਿਰਾਂ ਵਿੱਚ ਰਹਿਣ ਵਾਲੀਆਂ ਲੱਖਾਂ ਔਰਤਾਂ ਕੋਲ ਇਸ ਨਾਲ ਸਬੰਧਤ ਬਹੁਤ ਸਾਰੀ ਮਹੱਤਵਪੂਰਨ ਜਾਣਕਾਰੀ ਦੀ ਘਾਟ ਹੈ। ਇਸਦਾ ਪ੍ਰਭਾਵ ਔਰਤਾਂ ਨੂੰ ਨਾ ਸਿਰਫ਼ ਸਰੀਰਕ ਤੌਰ 'ਤੇ ਸਗੋਂ ਮਾਨਸਿਕ ਤੌਰ 'ਤੇ ਵੀ ਲੰਬੇ ਸਮੇਂ ਲਈ ਪਰੇਸ਼ਾਨ ਕਰ ਸਕਦਾ ਹੈ।



ਇਸਦਾ ਕਾਰਨ ਇਹ ਹੈ ਕਿ ਕੁੜੀਆਂ ਇਸ ਮਾਮਲੇ ਵਿੱਚ ਕਿਸੇ ਨਾਲ ਗੱਲ ਨਹੀਂ ਕਰਦੀਆਂ ਅਤੇ ਝਿਜਕ ਅਤੇ ਜਾਣਕਾਰੀ ਦੀ ਘਾਟ ਕਾਰਨ ਉਹ ਇਨਫੈਕਸ਼ਨ ਅਤੇ ਹੋਰ ਬਿਮਾਰੀਆਂ ਦਾ ਸ਼ਿਕਾਰ ਹੋ ਜਾਂਦੀਆਂ ਹਨ। ਦਰਅਸਲ, ਦੁਨੀਆ ਭਰ ਵਿੱਚ ਅਜੇ ਵੀ ਬਹੁਤ ਸਾਰੇ ਸਮਾਜ ਹਨ ਜਿੱਥੇ ਔਰਤਾਂ, ਖਾਸ ਕਰਕੇ ਕੁੜੀਆਂ, ਇਸ ਬਾਰੇ ਖੁੱਲ੍ਹ ਕੇ ਗੱਲ ਨਹੀਂ ਕਰ ਸਕਦੀਆਂ।

ਅਤੇ ਜਿਸ ਕਾਰਨ ਉਨ੍ਹਾਂ ਨੂੰ ਬਹੁਤ ਸਾਰੀਆਂ ਸਮੱਸਿਆਵਾਂ ਦਾ ਸਾਹਮਣਾ ਕਰਨਾ ਪੈਂਦਾ ਹੈ। ਅਜਿਹੀ ਸਥਿਤੀ ਵਿੱਚ, ਉਨ੍ਹਾਂ ਨੂੰ ਕਦੇ ਵੀ ਇਸ ਬਾਰੇ ਜਾਣਕਾਰੀ ਨਹੀਂ ਮਿਲਦੀ ਕਿ ਮਾਹਵਾਰੀ ਦੌਰਾਨ ਕਿਹੜੀਆਂ ਗੱਲਾਂ ਦਾ ਧਿਆਨ ਰੱਖਣਾ ਚਾਹੀਦਾ ਹੈ ਜਾਂ ਕਿਸੇ ਵੀ ਤਰ੍ਹਾਂ ਦੀ ਸਮੱਸਿਆ ਦਾ ਕਾਰਨ ਕੀ ਹੈ, ਸਫਾਈ ਦੀ ਮਦਦ ਨਾਲ ਕਿਹੜੀਆਂ ਬਿਮਾਰੀਆਂ ਤੋਂ ਬਚਿਆ ਜਾ ਸਕਦਾ ਹੈ, ਆਦਿ। ਅਜਿਹੀ ਸਥਿਤੀ ਵਿੱਚ, ਇਸ ਦਿਨ ਦੇ ਮੌਕੇ 'ਤੇ, ਇੱਕ ਅਜਿਹਾ ਮਾਹੌਲ ਬਣਾਉਣ ਦੀ ਕੋਸ਼ਿਸ਼ ਕੀਤੀ ਜਾਂਦੀ ਹੈ ਤਾਂ ਜੋ ਲੋਕਾਂ ਨੂੰ ਦੱਸਿਆ ਜਾ ਸਕੇ ਕਿ ਮਾਹਵਾਰੀ ਕੋਈ ਅਪਰਾਧ ਨਹੀਂ ਹੈ, ਸਗੋਂ ਇਹ ਇੱਕ ਆਮ ਸਰੀਰਕ ਪ੍ਰਕਿਰਿਆ ਹੈ। ਜਿਸ ਬਾਰੇ ਘਰ ਅਤੇ ਸਮਾਜ ਵਿੱਚ ਖੁੱਲ੍ਹ ਕੇ ਚਰਚਾ ਕਰਨ ਦੀ ਲੋੜ ਹੈ ਅਤੇ ਝਿਜਕ ਨਹੀਂ ਕਰਨੀ ਚਾਹੀਦੀ। ਤਾਂ ਜੋ ਔਰਤਾਂ ਅਤੇ ਕੁੜੀਆਂ ਨੂੰ ਗੰਭੀਰ ਇਨਫੈਕਸ਼ਨਾਂ ਅਤੇ ਹੋਰ ਜਾਨਲੇਵਾ ਬਿਮਾਰੀਆਂ ਤੋਂ ਬਚਾਇਆ ਜਾ ਸਕੇ।

ਇਸ ਦੌਰਾਨ ਸਕੂਲੀ ਕੁੜੀਆਂ ਦੇ ਮਨਾਂ ਵਿੱਚ ਆ ਰਹੇ ਸਵਾਲਾਂ ਦੇ ਜਵਾਬ ਵੀ ਦਿੱਤੇ ਗਏ। ਉਨ੍ਹਾਂ ਕਿਹਾ ਕਿ 'ਵਿਸ਼ਵ ਮਾਹਵਾਰੀ ਸਫਾਈ ਦਿਵਸ' ਮਨਾਉਣ ਦਾ ਉਦੇਸ਼ ਛੋਟੀਆਂ ਕੁੜੀਆਂ, ਖਾਸ ਕਰਕੇ ਸਕੂਲੀ ਕੁੜੀਆਂ ਨੂੰ ਮਾਹਵਾਰੀ ਦੌਰਾਨ ਸਫਾਈ ਸੰਬੰਧੀ ਜ਼ਰੂਰੀ ਜਾਣਕਾਰੀ ਪ੍ਰਦਾਨ ਕਰਨਾ ਹੈ, ਤਾਂ ਜੋ ਉਹ ਅਣਜਾਣੇ ਵਿੱਚ ਕਿਸੇ ਘਾਤਕ ਬਿਮਾਰੀ ਦਾ ਸ਼ਿਕਾਰ ਨਾ ਹੋਣ। ਉਨ੍ਹਾਂ ਕਿਹਾ ਕਿ ਮਾਹਵਾਰੀ ਤੋਂ ਬਾਅਦ, ਨੈਪਕਿਨ ਨੂੰ ਸਹੀ ਢੰਗ ਨਾਲ ਨਿਪਟਾਇਆ ਜਾਣਾ ਚਾਹੀਦਾ ਹੈ ਅਤੇ ਇਧਰ-ਉਧਰ ਨਹੀਂ ਸੁੱਟਿਆ ਜਾਣਾ ਚਾਹੀਦਾ, ਇਸ ਨਾਲ ਇਨਫੈਕਸ਼ਨ ਨੂੰ ਰੋਕਿਆ ਜਾ ਸਕੇਗਾ। ਕਿਸੇ ਵੀ ਤਰ੍ਹਾਂ ਦੀ ਸਿਹਤ ਸੰਬੰਧੀ ਸਮੱਸਿਆ ਲਈ, ਕੁੜੀਆਂ ਸਿੱਧੇ ਸਰਕਾਰੀ ਹਸਪਤਾਲ ਆ ਸਕਦੀਆਂ ਹਨ ਅਤੇ ਮਹਿਲਾ ਡਾਕਟਰਾਂ ਨਾਲ ਵਿਚਾਰ-ਵਟਾਂਦਰਾ ਕਰ ਸਕਦੀਆਂ ਹਨ ਅਤੇ ਆਪਣੀਆਂ ਸਮੱਸਿਆਵਾਂ ਦਾ ਹੱਲ ਲੱਭ ਸਕਦੀਆਂ ਹਨ। ਇਸੇ ਤਰ੍ਹਾਂ, ਵਿਸ਼ਵ ਮਾਹਵਾਰੀ ਸਫਾਈ ਦਿਵਸ 'ਤੇ, ਸਿਹਤ ਵਿਭਾਗ ਵੱਲੋਂ ਡੱਬਵਾਲਾ ਬਲਾਕ ਦੇ ਵੱਖ-ਵੱਖ ਕੇਂਦਰਾਂ ਅਤੇ ਪਿੰਡਾਂ ਵਿੱਚ ਸਕੂਲਾਂ ਅਤੇ ਪਿੰਡਾਂ ਵਿੱਚ ਮੀਟਿੰਗਾਂ ਕਰਕੇ ਜਾਗਰੂਕਤਾ ਪੈਦਾ ਕੀਤੀ ਗਈ ਅਤੇ ਲੋਕਾਂ ਨੂੰ ਵਿਭਾਗ ਵੱਲੋਂ ਵੰਡੇ ਜਾ ਰਹੇ ਸੈਨੇਟਰੀ ਨੈਪਕਿਨ ਯੋਜਨਾ ਬਾਰੇ ਵੀ ਜਾਣਕਾਰੀ ਦਿੱਤੀ ਗਈ।

ਇਸ ਦੌਰਾਨ ਆਸ਼ਾ ਵਿਦਿਆਰਥੀ ਪ੍ਰੀਸ਼ਦ, ਡਾ. ਅਰੁਸ਼ਨਾ ਰਕਸ਼ਾਬੰਧਨ ਅਤੇ ਸਕੂਲ ਅਧਿਆਪਕ ਵੀ ਮੌਜੂਦ ਸਨ।

## ਪੰਜਾਬ ਦੇ ਮੁੱਖ ਸੂਚਨਾ ਕਮਿਸ਼ਨਰ ਵੱਲੋਂ ਹਰਿਆਣਾ ਦੇ ਨਵ-ਨਿਯੁਕਤ ਮੁੱਖ ਸੂਚਨਾ ਕਮਿਸ਼ਨਰ ਨੂੰ ਸ਼ੁਭਕਾਮਨਾਵਾਂ



**ਚੰਡੀਗੜ੍ਹ, 2 ਜੂਨ**
**-ਅਨੀਤਾ ਜਾਂਗੜਾ-**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਦੇ ਮੁੱਖ ਸੂਚਨਾ ਕਮਿਸ਼ਨਰ (ਸੀ.ਆਈ.ਸੀ.) ਇੰਦਰਪਾਲ ਸਿੰਘ ਧੰਨਾ ਨੇ ਅੱਜ ਹਰਿਆਣਾ ਦੇ ਨਵ-ਨਿਯੁਕਤ ਮੁੱਖ ਸੂਚਨਾ ਕਮਿਸ਼ਨਰ ਟੀ.ਵੀ.ਐਸ. ਐਨ. ਪ੍ਰਸਾਦ, ਆਈ.ਏ.ਐਸ. (ਸੇਵਾਮੁਕਤ), ਸਾਬਕਾ ਮੁੱਖ ਸਕੱਤਰ, ਹਰਿਆਣਾ ਨਾਲ ਚੰਡੀਗੜ੍ਹ ਵਿਖੇ ਉਨ੍ਹਾਂ ਦੇ ਨਿਵਾਸ ਸਥਾਨ 'ਤੇ ਮੁਲਾਕਾਤ ਕੀਤੀ।

ਸੀ.ਆਈ.ਸੀ. ਇੰਦਰਪਾਲ ਸਿੰਘ ਧੰਨਾ, ਜਿਨ੍ਹਾਂ ਦੇ ਨਾਲ ਰਾਜ ਸੂਚਨਾ ਕਮਿਸ਼ਨਰ ਸੰਦੀਪ ਸਿੰਘ ਧਾਲੀਵਾਲ, ਵਰਿੰਦਰਜੀਤ ਸਿੰਘ ਬਿਲਿੰਗ, ਹਰਪ੍ਰੀਤ ਸਿੰਘ ਸੰਧੂ, ਡਾ. ਭੁਪਿੰਦਰ ਸਿੰਘ ਬਾਠ ਅਤੇ ਪੂਜਾ ਗੁਪਤਾ ਮੌਜੂਦ ਸਨ, ਨੇ ਹਰਿਆਣਾ ਦੇ ਆਪਣੇ ਹਮਰੁਤਬਾ ਨੂੰ ਸ਼ੁਭਕਾਮਨਾਵਾਂ ਦੇ ਪ੍ਰਤੀਕ ਵਜੋਂ ਭਾਰਤ ਦੇ ਰਾਸ਼ਟਰੀ ਪੰਛੀ ਦੀ ਇੱਕ ਸੁੰਦਰ ਚਿੱਤਰ-ਕਲਾ ਭੇਟ ਕੀਤੀ। ਦੱਸਣਯੋਗ ਹੈ ਕਿ ਇਹ ਚਿੱਤਰ-ਕਲਾ ਹਰਪ੍ਰੀਤ ਸੰਧੂ ਦੁਆਰਾ ਬਣਾਈ ਗਈ ਹੈ।

ਕੌਮੀ ਪੱਤ੍ਰਿਕਾ

## ਸੰਪਾਦਕੀ

# ਟਰੰਪ ਪ੍ਰਸ਼ਾਸਨ ਦੇ ਹੁਕਮ ਅਤੇ ਵਿਦੇਸ਼ੀਆਂ ਦੀ ਅਮਰੀਕਾ ’ਚ ਪੜ੍ਹਾਈ ਦਾ ਆਲਮ

ਅਮਰੀਕਾ ਵਿੱਚ ਪੜ੍ਹਾਈ ਦੀ ਆਸ ਨਾਲ ਜਾਣ ਵਾਲੇ ਵਿਦੇਸ਼ੀ ਵਿਦਿਆਰਥੀਆਂ ਦੇ ਨਵੇਂ ਵੀਜ਼ਾ ਇੰਟਰਵਿਊ ਦਾ ਪ੍ਰੋਗਰਾਮ ਰੋਕ ਦੇਣ ਦੇ ਟਰੰਪ ਪ੍ਰਸ਼ਾਸਨ ਦੇ ਹੁਕਮ ਨਾਲ ਵਿਦਿਆਰਥੀਆਂ, ਉਨ੍ਹਾਂ ਦੇ ਮਾਪਿਆਂ ਤੋਂ ਇਲਾਵਾ ਮੇਜ਼ਬਾਨ ਕੈਂਪਸਾਂ ਵਿੱਚ ਵੀ ਬੇਯਕੀਨੀ ਦਾ ਮਾਹੌਲ ਬਣ ਗਿਆ ਹੈ। ਇਸ ਦੇ ਨਾਲ ਹੀ ਆਵਾਸ ਨੇਮ ਸਖ਼ਤ ਕਰਨ ਅਤੇ ਕੌਮਾਂਤਰੀ ਵਿਦਿਆਰਥੀਆਂ ਉੱਪਰ ਰੋਕਾਂ ਆਇਦ ਕਰਨ ਦੀਆਂ ਟਰੰਪ ਸਰਕਾਰ ਦੀਆਂ ਕੋਸ਼ਿਸ਼ਾਂ ਵਧ ਗਈਆਂ ਹਨ। ਵੀਜ਼ਾ ਲੈਣ ਦੇ ਚਾਹਵਾਨ ਵਿਦਿਆਰਥੀਆਂ ਦੇ ਸੋਸ਼ਲ ਮੀਡੀਆ ਖਾਤਿਆਂ ਦੀ ਪੁਣ-ਛਾਣ ਦਾ ਪ੍ਰਸਤਾਵ ਗਾਜ਼ਾ ਵਿੱਚ ਫ਼ਲਸਤੀਨੀਆਂ ਉੱਤੇ ਇਜ਼ਰਾਈਲ ਸਰਕਾਰ ਦੀਆਂ ਕਾਰਵਾਈਆਂ ਖ਼ਿਲਾਫ਼ ਹੋਣ ਵਾਲੇ ਰੋਸ ਮੁਜ਼ਾਹਰਿਆਂ ਵਿੱਚ ਹਿੱਸਾ ਲੈਣ ਵਾਲੇ ਵਿਦਿਆਰਥੀਆਂ ਦੀ ਫੜੋ-ਫੜਾਈ ਤੋਂ ਬਾਅਦ ਆਇਆ ਹੈ। ਸਰਟੀਫਿਕੇਟ ਰੱਦ ਕਰਨ ਅਤੇ ਹਾਰਵਰਡ ਜਿਹੀਆਂ ਵੱਕਾਰੀ ਅਮਰੀਕੀ ਯੂਨੀਵਰਸਿਟੀਆਂ ਦੇ ਫੰਡ ਜਾਮ ਕਰਨ ਲਈ ਤਰ੍ਹਾਂ-ਤਰ੍ਹਾਂ ਦੇ ਨੇਮ ਇਸਤੇਮਾਲ ਕੀਤੇ ਜਾ ਰਹੇ ਹਨ; ਟਰੰਪ ਪ੍ਰਸ਼ਾਸਨ ਨੂੰ ਜਾਪਦਾ ਹੈ ਕਿ ਉਚੇਰੀ ਸਿੱਖਿਆ ਦੀਆਂ ਇਹ ਸੰਸਥਾਵਾਂ ਉਦਾਰ ਹਨ ਅਤੇ ਉੱਥੇ ਯਹੂਦੀਆਂ ਖ਼ਿਲਾਫ਼ ਭਾਵਨਾਵਾਂ ਪਨਪ ਰਹੀਆਂ ਹਨ। ਇਸ ਤਰ੍ਹਾਂ ਦੇ ਰੁਝਾਨ ਪ੍ਰਤੀ ਉਚੇਰੀ ਸਿੱਖਿਆ ਬਰਾਦਰੀ ਅੰਦਰ ਮਾਯੂਸੀ ਸਾਫ਼ ਝਲਕ ਰਹੀ ਹੈ। ਸਾਲ 2023 ਅਤੇ 2024 ਵਿੱਚ ਅਮਰੀਕਾ ’ਚ ਦਸ ਲੱਖ ਤੋਂ ਵੱਧ ਕੌਮਾਂਤਰੀ ਵਿਦਿਆਰਥੀ ਆਏ ਸਨ ਅਤੇ ਅਮਰੀਕੀ ਅਰਥਚਾਰੇ ਵਿੱਚ ਇਨ੍ਹਾਂ ਦਾ ਯੋਗਦਾਨ 43.8 ਅਰਬ ਡਾਲਰ ਦਾ ਹੈ ਅਤੇ ਇਨ੍ਹਾਂ ਨੇ 3 ਲੱਖ 78 ਹਜ਼ਾਰ ਨੌਕਰੀਆਂ ਪੈਦਾ ਕਰਨ ਵਿੱਚ ਮਦਦ ਦਿੱਤੀ ਸੀ।

ਅਮਰੀਕਾ ਜਾਣ ਵਾਲੇ ਕੌਮਾਂਤਰੀ ਵਿਦਿਆਰਥੀਆਂ ਦਾ ਭਰਵਾਂ ਹਿੱਸਾ ਭਾਰਤ ਤੋਂ ਹੈ ਅਤੇ ਪ੍ਰਸ਼ਾਸਨ ਦੇ ਇਸ ਰਵੱਈਏ ਦਾ ਉਨ੍ਹਾਂ ’ਤੇ ਅਸਰ ਪੈਣਾ ਲਾਜ਼ਮੀ ਹੈ। ਸੰਭਵ ਹੈ ਕਿ ਉਨ੍ਹਾਂ ਦੇ ਅਮਰੀਕਾ ਸੁਫਨੇ ਬਚੇ ਰਹਿਣ ਪਰ ਇਸ ਨਾਲ ਬਹੁਤ ਸਾਰੇ ਸੰਭਾਵੀ ਵਿਦਿਆਰਥੀਆਂ ਨੂੰ ਆਪਣੀ ਪੜ੍ਹਾਈ ਤੇ ਖੋਜ ਦੀਆਂ ਯੋਜਨਾਵਾਂ ਬਾਰੇ ਮੁੜ ਸੋਚਣਾ ਪੈ ਰਿਹਾ ਹੈ। ਕਿਸੇ ਆਦਰਸ਼ਕ ਹਾਲਤ ਵਿੱਚ ਇਸ ਨਾਲ ਭਾਰਤ ਨੂੰ ਆਪਣੀਆਂ ਸ਼ਾਨਦਾਰ ਪ੍ਰਤਿਭਾਵਾਂ ਨੂੰ ਆਪਣੇ ਕੋਲ ਰੱਖਣ ਦਾ ਵਧੀਆ ਮੌਕਾ ਹੋਣਾ ਸੀ। ਉਂਝ, ਇਹ ਨਿਰੀ ਖਾਮ-ਖਿਆਲੀ ਹੈ ਅਤੇ ਹਕੀਕਤ ਤੋਂ ਨੀਤੀਘਾੜਿ?ਆਂ ਨੂੰ ਅੱਖਾਂ ਬੰਦ ਨਹੀਂ ਕਰ ਲੈਣੀਆਂ ਚਾਹੀਦੀਆਂ। ਆਮ ਤੌਰ ’ਤੇ ਅਮਰੀਕਾ ਦੇ ਮਾਮਲੇ ਵਿੱਚ ਸਾਡਾ ਰਵੱਈਆ ਅਜੀਬ ਕਿਸਮ ਦਾ ਰਿਹਾ ਹੈ; ਬਹੁਤ ਮਾਮਲਿਆਂ ਵਿੱਚ ਅਸੀਂ ‘ਦੜ ਵੱਟ ਜ਼ਮਾਨਾ ਕੱਟ’ ਵਾਲੀ ਪਹੁੰਚ ਅਪਣਾਈ ਹੈ ਪਰ ਕੀ ਇਸ ਨਾਲ ਟਰੰਪ ਪ੍ਰਸ਼ਾਸਨ ਦੇ ਹੌਸਲੇ ਨਹੀਂ ਵਧ ਰਹੇ ?

ਅਮਰੀਕਾ ਵਿੱਚ ਬਹੁਤ ਸਾਰੀਆਂ ਯੂਨੀਵਰਸਿਟੀਆਂ ਨਾ ਕੇਵਲ ਉਮਦਾ ਅਧਿਐਨ ਦੇ ਸਥਾਨ ਹਨ ਸਗੋਂ ਉਹ ਬੋਲਣ ਅਤੇ ਸੋਚਣ ਦੀ ਅਜ਼ਾਦੀ ਦੀਆਂ ਅਲੰਬਰਦਾਰ ਵੀ ਹਨ। ਇਨ੍ਹਾਂ ਸੰਸਥਾਵਾਂ ਅੰਦਰ ਲਗਭਗ ਹਰੇਕ ਸ਼ੋਹਬੇ ਵਿੱਚ ਮਿਲਦੀ ਖੁੱਲ੍ਹ ਸਦਕਾ ਇਹ ਵਿਦਿਆਰਥੀਆਂ, ਖੋਜਕਾਰਾਂ ਤੇ ਸੁਫਨਸਾਜ਼ਾਂ ਦੀ ਆਲਮੀ ਬਰਾਦਰੀ ਲਈ ਰੌਸ਼ਨ ਮੁਨਾਰੇ ਬਣੀਆਂ ਹੋਈਆਂ ਹਨ। ਟਰੰਪ ਪ੍ਰਸ਼ਾਸਨ ਦੀ ਨਵੀਂ ਨੀਤੀ ਇਸ ਅਮਲ ਨੂੰ ਉਲਟਾਉਣ ਦੀ ਕੋਸ਼ਿਸ਼ ਕਰ ਰਹੀ ਹੈ ਤੇ ਇਸ ਨਾਲ ਸਿੱਝਣਾ ਸਾਡੇ ਸਮਿਆਂ ਦੀ ਚੁਣੌਤੀ ਬਣ ਗਈ ਹੈ। ਜਿਸ ਤਰ੍ਹਾਂ ਇਨ੍ਹਾਂ ਸੰਸਥਾਵਾਂ ਨੇ ਇਕਜੁੱਟਤਾ ਦਰਸਾਈ ਹੈ, ਉਹ ਆਸ ਬੰਨ੍ਹਾਉਂਦੀ ਹੈ। ਇਸ ਮੌਕੇ ਆਸ ਦਾ ਲੜ ਫੜੀ ਰੱਖਣਾ ਹੀ ਸ਼ਾਇਦ ਇਸ ਚੁਣੌਤੀ ਦਾ ਸਭ ਤੋਂ ਵਧੀਆ ਜਵਾਬ ਹੋ ਸਕਦਾ ਹੈ।

## ਓਵਾਇਸੀ ਵੱਲੋਂ ਪਾਕਿਸਤਾਨ ਨੂੰ ਦੋ ਟੁੱਕ

ਭਾਰਤ ਵਿੱਚ ਮੁਸਲਮਾਨਾਂ ਦੀ ਗਿਣਤੀ ਪਾਕਿਸਤਾਨ ਨਾਲੋਂ ਜ਼ਿਆਦਾ ਹੈ ਪਰ ਜਦੋਂ ਅਸਦੂਦੀਨ ਓਵਾਇਸੀ ਜਿਹੇ ਭਾਰਤ ਦੇ ਕਿਸੇ ਮੋਹਰੀ ਮੁਸਲਿਮ ਸਿਆਸਤਦਾਨ ਵੱਲੋਂ ਇਸ ’ਤੇ ਜ਼ੋਰ ਦਿੱਤਾ ਜਾਂਦਾ ਹੈ ਤਾਂ ਇਹ ਤੱਥ ਹੋਰ ਜ਼ਿਆਦਾ ਅਹਿਮੀਅਤ ਅਖ਼ਤਿਆਰ ਕਰ ਲੈਂਦਾ ਹੈ ਅਤੇ ਪਾਕਿਸਤਾਨ ਨੂੰ ਕਸੂਤੀ ਜਗ੍ਹਾ ਚੋਟ ਲਾਉਂਦਾ ਹੈ। ਓਵਾਇਸੀ ਆਲ ਇੰਡੀਆ ਮਜਲਿਸ-ਏ-ਇਤਹਾਦੁਲ ਮੁਸਲਮੀਨ ਦੇ ਸਰਬਰਾਹ ਹਨ ਅਤੇ ਇਹ ਸਿਆਸੀ ਪਾਰਟੀ ਭਾਰਤ ਵਿੱਚ ਆਪਣੇ ਆਪ ਨੂੰ ਮੁਸਲਮਾਨਾਂ ਦੇ ਹੱਕਾਂ ਦੀ ਅਲੰਬਰਦਾਰ ਮੰਨਦੀ ਹੈ। ਬਹੁ-ਪਾਰਟੀ ਵਫ਼ਦ ਦੇ ਮੈਂਬਰ ਵਜੋਂ ਓਵਾਇਸੀ ਨੇ ਕੁਵੈਤ ਵਿੱਚ ਭਾਰਤੀ ਪਰਵਾਸੀ ਭਾਈਚਾਰੇ ਦੇ ਮੈਂਬਰਾਂ ਨੂੰ ਸੰਬੋਧਨ ਕਰਦਿਆਂ ਆਖਿਆ ਕਿ ਗੁਆਂਢੀ ਦੇਸ਼ ਭਾਰਤੀ ਮੁਸਲਮਾਨਾਂ ਦਾ ਦਿਲ ਜਿੱਤਣ ਲਈ ਧਰਮ ਦਾ ਇਸਤੇਮਾਲ ਨਹੀਂ ਕਰ ਸਕਦਾ। ਉਨ੍ਹਾਂ ਮੁਸਲਿਮ ਭਾਈਚਾਰੇ ਦੀ ਭਾਰਤ ਨਾਲ ਵਫ਼ਾਦਾਰੀ ਬਾਰੇ ਮਜ਼ਬੂਤ ਸੰਦੇਸ਼ ਦਿੰਦਿਆਂ ਕਿਹਾ, ਅਸੀਂ ਉਨ੍ਹਾਂ ਨਾਲੋਂ (ਆਪਣੇ ਦੇਸ਼ ਪ੍ਰਤੀ) ਜ਼ਿਆਦਾ ਸੁਹਿਰਦ ਹਾਂ। ਓਵਾਇਸੀ ਭਾਜਪਾ ਦੀ ਅਗਵਾਈ ਵਾਲੇ ਐੱਨਡੀਏ ਸਰਕਾਰ ਦੀਆਂ ਮੁਸਲਮਾਨਾਂ ਪ੍ਰਤੀ ਨੀਤੀਆਂ ਦੇ ਕੱਟੜ ਆਲੋਚਕ ਰਹੇ ਹਨ ਅਤੇ ਉਹ ਅਕਸਰ ਸਿਆਸੀ ਤੇ ਫ਼ਿਰਕੂ ਲੀਹਾਂ ਤੋਂ ਉੱਪਰ ਉੱਠ ਕੇ ਰਾਸ਼ਟਰੀ ਹਿੱਤ ਲਈ ਸਟੈਂਡ ਲੈਂਦੇ ਰਹੇ ਹਨ ਜਿਸ ਦੀ ਸ਼ਲਾਘਾ ਕਰਨੀ ਬਣਦੀ ਹੈ। ਪਾਕਿਸਤਾਨ ’ਤੇ ਤਿੱਖਾ ਹਮਲਾ ਕਰਦਿਆਂ ਓਵਾਇਸੀ ਨੇ ਫੀਲਡ ਮਾਰਸ਼ਲ ਆਸਿਮ ਮੁਨੀਰ ਵੱਲੋਂ ਫ਼ੌਜੀ ਅਪਰੇਸ਼ਨ ਦੀ ਨਕਲੀ ਤਸਵੀਰ ਪ੍ਰਧਾਨ ਮੰਤਰੀ ਸ਼ਾਹਬਾਜ਼ ਸ਼ਰੀਫ਼ ਨੂੰ ਭੇਟ ਕਰਨ ਬਦਲੇ ਉਨ੍ਹਾਂ ਦਾ ਮਜ਼ਾਕ ਉਡਾਇਆ ਹੈ। ਉਨ੍ਹਾਂ ਕਿਹਾ, ਉਹ ਭਾਰਤ ਦਾ ਮੁਕਾਬਲਾ ਕਰਨਾ ਚਾਹੁੰਦੇ ਹਨ, ਪਰ ਇਹ ਤਸਵੀਰ 2019 ਦੇ ਚੀਨੀ ਫ਼ੌਜੀ ਅਭਿਆਸ ਦੀ ਸੀ। ਇਸ ਤੋਂ ਬਾਅਦ ਓਵਾਇਸੀ ਨੇ ਤਨਜ਼ ਕੱਸਿਆ- ਨਕਲ ਕਰਨ ਲਈ ਵੀ ਅਕਲ ਦੀ ਲੋੜ ਪੈਂਦੀ ਹੈ। ਉਸ ਦੇ ਸ਼ਬਦ, ਹੋਰ ਵੀ ਜ਼ਿਆਦਾ ਚੁੱਭਦੇ ਹਨ ਕਿਉਂਕਿ ਇਹ ਭਾਰਤੀ ਮੁਸਲਿਮ ਨੇਤਾ ਦੇ ਹਨ ਜੋ ਇਸਲਾਮਾਬਾਦ ਦੇ ਜ਼ਖ਼ਮਾਂ ’ਤੇ ਲੂਣ ਛਿੜਕ ਰਹੇ ਹਨ।

ਇਹ ਸਿਰਫ਼ ਪਾਕਿਸਤਾਨ ਹੀ ਨਹੀਂ ਜਿਸ ਨੂੰ ਓਵਾਇਸੀ ਦੀਆਂ ਟਿੱਪਣੀਆਂ ਬਾਰੇ ਗਹਿਰਾਈ ਨਾਲ ਸੋਚਣਾ ਚਾਹੀਦਾ ਹੈ ਬਲਕਿ ਉਸ ਨੇ ਅਸਰਦਾਰ ਢੰਗ ਨਾਲ ਇਹ ਵਿਚਾਰ ਹਰ ਕਿਸੇ ਨੂੰ ਚੰਗੀ ਤਰ੍ਹਾਂ ਸਮਝਾ ਦਿੱਤਾ ਹੈ ਕਿ ਭਾਰਤ ਵਿੱਚ ਮੁਸਲਮਾਨ ਬਰਾਦਰੀ ਦੀ ਦੇਸ਼ਭਗਤੀ ਉੱਤੇ ਸ਼ੱਕ ਨਹੀਂ ਕੀਤਾ ਜਾਣਾ ਚਾਹੀਦਾ। ਉਮੀਦ ਕੀਤੀ ਜਾਣੀ ਚਾਹੀਦੀ ਹੈ ਕਿ ਇਹ ਦਾਨਾ ਆਵਾਜ਼ ਸੱਤਾਧਾਰੀ ਪਾਰਟੀ ਦੇ ਨੇਤਾਵਾਂ ਤੇ ਸਮਰਥਕਾਂ ਨੂੰ ਮੁਸਲਮਾਨਾਂ ਨੂੰ ਬਦਨਾਮ ਕਰਨ ਜਾਂ ਸ਼ੱਕੀ ਨਿਗ੍ਹਾ ਨਾਲ ਦੇਖਣ ਤੋਂ ਰੋਕੇਗੀ ਤੇ ਅਤੇ ਜਦੋਂ ਦੇਸ਼ ਦੇ ਅੰਦਰੋਂ ਅਜਿਹੀ ਮਾੜੀ ਬਿਆਨਬਾਜ਼ੀ ਹੁੰਦੀ ਹੈ ਤਾਂ ਪਾਕਿਸਤਾਨ ਵਿੱਚ ਬੈਠੇ ਕੱਟੜਪੰਥੀ ਜ਼ਿਆਦਾ ਖ਼ੁਸ਼ ਹੁੰਦੇ ਹਨ। ਪਹਿਲਗਾਮ ਦਹਿਸ਼ਤੀ ਹਮਲਾ ਦੇਸ਼ ਵਿੱਚ ਫ਼ਿਰਕੂ ਤਣਾਅ ’ਚ ਵਾਧਾ ਕਰਨ ਦੀ ਕੋਸ਼ਿਸ਼ ਸੀ, ਪਰ ਵੱਖ-ਵੱਖ ਫ਼ਿਰਕਿਆਂ ਦੇ ਲੋਕ ਇਨ੍ਹਾਂ ਮੁਸ਼ਕਿਲ ਸਮਿਆਂ ’ਚ ਮਜ਼ਬੂਤੀ ਨਾਲ ਇਕਜੁੱਟ ਹੋ ਕੇ ਖੜ੍ਹੇ ਰਹੇ। ਏਕੇ ਦੀ ਇਹ ਭਾਵਨਾ ਸਭ ਔਖਿਆਈਆਂ ਵੇਲੇ ਬਣੀ ਰਹਿਣੀ ਚਾਹੀਦੀ ਹੈ।

# ਲੋਕ ਆਪਣੇ ਘਰਾਂ ਤੇ ਆਲੇ ਦੁਆਲੇ ਦੀ ਸਫ਼ਾਈ ਰੱਖਣ : ਸਿਵਲ ਸਰਜਨ



**ਮਲੇਰਕੋਟਲਾ, 2 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**

ਸਿਹਤ ਅਤੇ ਪਰਿਵਾਰ ਭਲਾਈ ਮੰਤਰੀ ਡਾ. ਬਲਵੀਰ ਸਿੰਘ ਦੇ ਦਿਸ਼ਾ ਨਿਰਦੇਸ਼ਾਂ ਅਤੇ ਸਿਵਲ ਸਰਜਨ ਮਾਲੇਰਕੋਟਲਾ ਡਾ. ਸੰਜੇ ਗੋਇਲ ਦੀ ਅਗਵਾਈ ਹੇਠ ਸਿਹਤ ਬਲਾਕ ਅਮਰਗੜ੍ਹ ਦੀ ਟੀਮ ਵੱਲੋਂ ਪਿੰਡਾਂ ਦੇ ਟੋਭਿਆ ਵਿੱਚ ਮੱਛਰ ਦੇ ਖਾਤਮੇ ਲਈ ਕਾਲਾ ਤੇਲ ਪਾਇਆ ਗਿਆ, ਇਸ ਮੌਕੇ ਮਲਟੀਪਰਪਜ ਹੈਲਥ ਸੁਪਰਵਾਈਜਰ ਨਿਰਭੈ ਸਿੰਘ ਲੱਡਾ ਨੇ ਦੱਸਿਆ ਕਿ ਸੀਨੀਅਰ ਮੈਡੀਕਲ ਅਫ਼ਸਰ ਦੀ ਅਗਵਾਈ ਹੇਠ ਸਿਹਤ ਬਲਾਕ ਅਮਰਗੜ੍ਹ ਦੇ ਵਿੱਚ ਡੇਂਗੂ ਮਲੇਰੀਆ ਦੀ ਰੋਕਥਾਮ ਲਈ ਕੰਮ ਜੰਗੀ ਪੱਧਰ ਤੇ ਜਾਰੀ ਹੈ ਅਤੇ ਅੱਜ ਪਿੰਡ ਢਢੋਗਲ ਤੇ ਖੇੜੀ ਜੱਟਾਂ ਵਿਖ਼ੇ ਜਿੱਥੇ ਲੋਕਾਂ ਨੂੰ ਡੇਂਗੂ ਤੇ ਮਲੇਰੀਆ ਤੋਂ ਬਚਾਅ ਲਈ ਜਾਗਰੂਕ ਕੀਤਾ ਗਿਆ, ਖ਼ੂਨ ਦੀ ਜਾਂਚ ਕੀਤੀ ਗਈ ਉੱਥੇ ਹੀ ਟੋਭਿਆ ਦੇ ਵਿੱਚ ਕਾਲਾ ਤੇਲ ਵੀ ਪਾਇਆ ਗਿਆ । ਇਸ ਮੌਕੇ ਗੱਲਬਾਤ ਕਰਦਿਆਂ ਸਿਵਲ ਸਰਜਨ ਮਾਲੇਰਕੋਟਲਾ ਡਾ. ਸੰਜੇ ਗੋਇਲ ਨੇ ਦੱਸਿਆ ਕਿ ਡੇਂਗੂ ਤੇ ਮਲੇਰੀਆ ਦਾ ਕਾਰਨ ਮੱਛਰ ਹੀ ਹੈ, ਇਸ ਲਈ ਮੱਛਰ ਦੇ ਪੈਦਾ ਹੋਣ ਤੋਂ ਬਚਾਅ ਲਈ ਆਪਣੇ ਘਰਾਂ ਤੇ ਆਲੇ ਦੁਆਲੇ ਵਾਧੂ ਪਾਣੀ ਨਾ ਖੜਨ ਦਿੱਤਾ ਜਾਵੇ ਤੇ ਸਫ਼ਾਈ ਰੱਖੀ ਜਾਵੇ, ਉਹਨਾਂ ਦੱਸਿਆ ਕਿ ਬਾਹਰਲੀਆਂ ਥਾਵਾਂ ਨਾਲੀਆਂ, ਟੋਇਆਂ ਜਾਂ ਗੰਦੇ ਛੱਪੜਾ ਵਿੱਚ ਵਾਧੂ ਖੜ੍ਹੇ ਪਾਣੀ ਵਿੱਚ ਕਾਲਾ ਤੇਲ ਪਾਉਣ ਨਾਲ ਮੱਛਰ ਦੇ ਪੈਦਾ ਹੋਣ ਤੋਂ ਬਚਾਅ ਹੁੰਦਾ ਹੈ । ਇਸ ਮੌਕੇ ਐਪੀਡੀਮਾਲੋਜਿਸਟ ਡਾ. ਰਮਨਦੀਪ ਕੌਰ, ਡਾ. ਮੁਨੀਰ ਮੁਹੰਮਦ,ਸਰਪੰਚ ਜਸਵੀਰ ਦਾਸ, ਪੰਚ ਗੁਰਪ੍ਰੀਤ ਸਿੰਘ, ਐਸ ਆਈ ਨਿਰਭੈ ਸਿੰਘ ਲੱਡਾ,ਮਪਹਵ ਮਨਦੀਪ ਸਿੰਘ, ਆਸ਼ਾ ਜਸਵਿੰਦਰ ਕੌਰ ਅਤੇ ਬਲਜੀਤ ਕੌਰ ਵੀ ਹਾਜ਼ਰ ਸਨ।

# ਵਿਧਾਇਕ ਡਾ. ਅਮਨਦੀਪ ਕੌਰ ਅਰੋੜਾ ਪਿੰਡਾਂ ਦੇ ਵਾਸੀਆਂ ਨੂੰ ਨਸ਼ਿਆਂ ਵਿਰੁਧ ਲੜਨ ਲਈ ਪ੍ਰੇਰਿਆ

**ਮੋਗਾ, 2 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**



ਨਸ਼ੇ ਦੇ ਖਿਲਾਫ ਜੰਗ ਨੂੰ ਹੋਰ ਜੋਰਦਾਰ ਬਣਾਉਂਦੇ ਹੋਏ ਵਿਧਾਇਕ ਅਮਨਦੀਪ ਕੌਰ ਅਰੋੜਾ ਦੀ ਅਗਵਾਈ ਵਿੱਚ ਨਸ਼ਾ ਮੁਕਤੀ ਯਾਤਰਾ ਅਧੀਨ ਅੱਜ ਪਿੰਡ ਨਿਧਾਂਵਾਲਾ, ਡਗਰੂ, ਡਰੋਲੀ ਭਾਈ, ਸਾਫੂਵਾਲਾ, ਬੁੱਕਣਵਾਲਾ, ਸਿੰਘਾਂਵਾਲਾ ਦੇ ਪਿੰਡਾਂ ਨੂੰ ਨਸ਼ਿਆਂ ਵਿਰੁੱਧ ਲੜਨ ਲਈ ਪ੍ਰੇਰਿਤ ਕੀਤਾ ਗਿਆ। ਇਸ ਮੌਕੇ ਉਹਨਾਂ ਨਾਲ ਮੇਅਰ ਨਗਰ ਨਿਗਮ ਮੋਗਾ ਸ੍ਰ. ਬਲਜੀਤ ਸਿੰਘ ਚਾਨੀ ਪਿੰਡਾਂ ਤੇ ਸਰਪੰਚ ਤੇ ਵੱਡੀ ਗਿਣਤੀ ਵਿੱਚ ਆਮ ਲੋਕ ਹਾਜਰ ਸਨ।

ਉਹਨਾਂ ਪਿੰਡਾ ਵਾਸੀਆਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਉਹ ਨਸ਼ਿਆਂ ਵਿਰੁੱਧ ਤਕੜੇ ਹੋ ਕੇ ਲੜਨ ਸਰਕਾਰ ਅਤੇ ਸਿਵਲ ਤੇ ਪੁਲਿਸ ਪ੍ਰਸ਼ਾਸ਼ਨ ਉਹਨਾਂ ਨਾਲ ਹੈ। ਉਹਨਾਂ ਕਿਹਾ ਕਿ ਪਿੰਡਾਂ ਦੇ ਸਰਪੰਚ ਅਤੇ ਵਾਰਡਾਂ ਦੇ ਕੌਂਸਲਰ
ਆਪਣੇ ਖੇਤਰਾਂ ਦੇ ਲੋਕਾਂ ਨਾਲ ਮਿਲ ਕੇ ਇਸਨੂੰ ਮਿਸ਼ਨ ਮੋਡ ਵਿੱਚ ਲੈ ਕੇ ਕੰਮ ਕਰਨ। ਉਹਨਾਂ ਡਿਫੈਂਸ ਕਮੇਟੀਆਂ ਨੂੰ ਵੀ ਬਿਨ੍ਹਾਂ ਕਿਸੇ ਡਰ ਤੋਂ ਨਸ਼ਿਆਂ ਖਿਲਾਫ ਆਵਾਜ ਬੁਲੰਦ ਕਰਨ ਲਈ ਪ੍ਰੇਰਿਆ

ਉਹਨਾਂ ਕਿਹਾ ਕਿ ਇਹ ਯਾਤਰਾ ਸਿਰਫ ਨਸ਼ਿਆਂ ਦੇ ਵਿਰੁੱਧ ਸੂਚਨਾ ਮੁਹਿੰਮ ਨਹੀਂ, ਬਲਿਕ ਇਹ ਇੱਕ ਸਮਾਜਿਕ ਜਿੰਮੇਵਾਰੀ ਅਤੇ ਆਸਰਾਵਾਦੀ ਕੋਸ਼ਿਸ਼ ਹੈ, ਜਿਸਦਾ ਮੂਲ ਮੰਤਵ ਨੌਜਵਾਨ ਪੀੜ੍ਹੀ ਨੂੰ ਨਸ਼ਿਆਂ ਦੀ ਲਤ ਤੋਂ ਬਚਾਉਣਾ ਅਤੇ ਨਸ਼ਾ ਕਰ ਕਰੇ ਵਿਅਕਤੀਆਂ ਨੂੰ ਮੁੜ ਤੋਂ ਸਧਾਰਨ ਜੀਵਨ ਵੱਲ ਵਾਪਸ ਲਿਆਉਣਆ ਹੈ।

ਉਹਨਾਂ ਦੱਸਿਆ ਕਿ ਪੰਜਾਬ ਸਰਕਾਰ ਨਸ਼ਾ ਮੁਕਤੀ ਲਈ ਗੰਭੀਰ ਹੈ ਅਤੇ ਸਮਾਜਿਕ ਤੰਦਰੁਸਤੀ ਲਈ ਲੋਕਾਂ ਦੀ ਭਾਗੀਦਾਰੀ ਬਹੁਤ ਜਰੂਰੀ ਹੈ। ਅਸੀਂ ਘਰ ਘਰ ਜਾ ਕੇ ਲੋਕਾਂ ਨਾਲ ਸਿੱਧੀ ਗੱਲਬਾਤ ਕਰ ਰਹੇ ਹਾਂ ਉਹਨਾਂ ਦੀਆਂ ਪਰੇਸ਼ਾਨੀਆਂ ਸੁਣ ਰਹੇ ਹਾਂ ਅਤੇ ਉਹਨਾਂ ਨੂੰ ਮੱਦਦ ਦੇ ਰਾਹ ਵਿਖਾ ਰਹੇ ਹਾਂ। ਜਾਗਰੂਕਤਾ ਮੁਹਿੰਮ ਦੌਰਾਨ ਪਿੰਡਾਂ ਦੇ ਨੌਜਵਾਨਾਂ, ਪੁਰਸ਼ਾਂ ਅਤੇ ਮਹਿਲਾਵਾਂ ਨੇ ਭਰਪੂਰ ਸਹਿਯੋਗ ਦਿੱਤਾ।

ਉਹਨਾਂ ਕਿਹਾ ਕਿ ਸੂਬੇ ਨੂੰ ਨਸ਼ਾ ਮੁਕਤ ਕਰਨ ਲਈ ਸਮੂਹ ਜ਼ਿਲ੍ਹਾ ਵਾਸੀ ਦ੍ਰਿੜਤਾ ਨਾਲ ਪ੍ਰਣ ਕਰਨ ਅਤੇ ਹਰ ਹੀਲੇ ਉਸ ਪ੍ਰਣ ਨੂੰ ਨਿਭਾਉਣ ਵਿੱਚ ਕਿਸੇ ਵੀ ਨਾਗਰਿਕ ਨੂੰ ਕੋਈ ਕਸਰ ਬਾਕੀ ਨਹੀਂ ਛੱਡਣੀ ਚਾਹੀਦੀ। ਉਹਨਾਂ ਕਿਹਾ ਕਿ ਹਲਕੇ ਦੇ ਹਰ ਇੱਕ ਪਿੰਡ ਵਿੱਚ ਪੇਂਡੂ ਡਿਫੈਂਸ ਕਮੇਟੀਆਂ ਕਾਰਜਸ਼ੀਲ ਹਨ ਅਤੇ ਸਾਨੂੰ ਪੂਰੀ ਉਮੀਦ ਹੈ ਕਿ ਇਹ ਡਿਫੈਂਸ ਕਮੇਟੀਆਂ ਆਪਣੀ ਜਿੰਮੇਵਾਰੀ ਨੂੰ ਪੂਰੀ ਸ਼ਿੱਦਤ ਅਤੇ ਇਮਾਨਦਾਰੀ ਨਾਲ ਨਿਭਾਉਂਦੇ ਹੋਏ ਨਸ਼ਾ ਤਸਕਰਾਂ ਦੇ ਕਾਰੋਬਾਰ ਨੂੰ ਮੁਕੰਮਲ ਤੌਰ ’ਤੇ ਬੰਦ ਕਰਵਾਉਣ ਵਿੱਚ ਯੋਗਦਾਨ ਪਾਉਣਗੀਆਂ। ਉਹਨਾਂ ਕਿਹਾ ਕਿ ਜਾਗਰੂਕਤਾ ਸਭਾਵਾਂ ਵਿੱਚ ਪਹੁੰਚਣ ਵਾਲੇ ਲੋਕਾਂ ਦਾ ਵੀ ਇਹ ਫਰਜ਼ ਬਣਦਾ ਹੈ ਕਿ ਉਹ ਇਥੋਂ ਮਿਲਣ ਵਾਲੇ ਸੁਨੇਹੇ ਆਪਣੇ ਪਰਿਵਾਰਿਕ ਮੈਂਬਰਾਂ, ਦੋਸਤਾਂ ਮਿੱਤਰਾਂ, ਗੁਆਂਢੀਆਂ ਅਤੇ ਹੋਰ ਪਤਵੰਤਿਆਂ ਨਾਲ ਨਿਰੰਤਰ ਸਾਂਝਾ ਕਰਦੇ ਰਹਿਣ ਕਿਉਂਕਿ ਲੋਕ ਲਹਿਰ ਬਣਨ ਨਾਲ ਹੀ ਅਜਿਹੀਆਂ ਸਮਾਜਿਕ ਬੁਰਾਈਆਂ ਦਾ ਖਾਤਮਾ ਸੰਭਵ ਹੁੰਦਾ ਹੈ। ਉਹਨਾ ਕਿਹਾ ਕਿ ਇਹ ਮੁਹਿੰਮ ਜਰੂਰ ਹੀ ਨਸ਼ੇ ਨੂੰ ਜੜ੍ਹ ਤੋਂ ਖਤਮ ਕਰੇਗੀ।

# ਪੰਜਾਬ ਪ੍ਰਦੂਸ਼ਣ ਰੋਕਥਾਮ ਬੋਰਡ ਨੇ ਪਲਾਸਟਿਕ ਪ੍ਰਦੂਸ਼ਣ ਸਬੰਧੀ ਜਾਗਰੂਕਤਾ ਸੈਮੀਨਾਰ ਕਰਵਾਇਆ

**ਫਾਜ਼ਿਲਕਾ, 2 ਜੂਨ**
**--ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਪ੍ਰਦੂਸ਼ਣ ਰੋਕਥਾਮ ਬੋਰਡ, ਖੇਤਰੀ ਦਫਤਰ, ਵੱਲੋਂ ਵਿਸ਼ਵ ਵਾਤਾਵਰਣ ਦਿਵਸ ਨੂੰ ਧਿਆਨ ਵਿੱਚ ਰੱਖਦੇ ਹੋਏ ਵਿਜ਼ਡਮ ਕਾਨਵੈਂਟ ਸਕੂਲ, ਫਾਜ਼ਿਲਕਾ ਵਿਖੇ ਪਲਾਸਟਿਕ ਵੇਸਟ ਮੈਨੇਜਮੈਂਟ ਸਬੰਧੀ ਜਾਗਰੂਕ ਸੈਮੀਨਾਰ ਲਗਾਇਆ ਗਿਆ। ਇਸ ਸੈਮੀਨਾਰ ਦੌਰਾਨ ਬੱਚਿਆਂ ਨੂੰ ਪਲਾਸਟਿਕ ਤੋਂ ਹੋ ਰਹੇ ਪ੍ਰਦੂਸ਼ਣ ਅਤੇ ਇਸ ਦੇ ਬਦਲਵੇਂ ਟਿਕਾਊ ਸਾਧਨਾਂ ਨੂੰ ਅਪਨਾਉਣ ਬਾਰੇ ਜਾਗਰੂਕ ਕੀਤਾ ਗਿਆ। ਬੱਚਿਆਂ ਨੂੰ ਸਿੰਗਲ ਯੂਜ਼ ਪਲਾਸਟਿਕ ਦੇ ਮਾੜੇ ਪ੍ਰਭਾਵਾਂ ਅਤੇ ਸਰਕਾਰ ਵੱਲੋਂ ਇਸ ਤੇ ਲਗਾਏ ਗਏ ਪ੍ਰਤਿਬੰਧ ਬਾਰੇ ਦੱਸਿਆ ਗਿਆ। ਸੈਮੀਨਾਰ ਦੌਰਾਨ ਪਲਾਸਟਿਕ ਵੇਸਟ ਦੇ ਥੀਮ ਉੱਪਰ ਡਰਾਇੰਗ ਮੁਕਾਬਲਾ ਕਰਵਾਇਆ ਗਿਆ। ਜੇਤੂ ਬੱਚਿਆਂ ਨੂੰ ਉਤਸ਼ਾਹਿਤ ਕਰਨ ਲਈ ਇਨਾਮ ਵੀ ਵੰਡੇ ਗਏ।

ਬੱਚਿਆਂ ਨੂੰ ਜੂਟ ਅਤੇ ਕੱਪੜੇ ਦੇ ਬੈਗ ਵੀ ਵੰਡੇ ਗਏ। ਇੰਜੀ. ਅਨੀਸ਼ ਸ਼ਰਮਾ, ਵਾਤਾਵਰਣ ਇੰਜੀਨੀਅਰ ਵੱਲੋਂ ਦੱਸਿਆ ਗਿਆ ਕਿ ਪੰਜਾਬ ਪ੍ਰਦੂਸ਼ਣ ਰੋਕਥਾਮ ਬੋਰਡ ਵੱਲੋਂ ਵਿਸ਼ਵ ਵਾਤਾਵਰਣ ਦਿਵਸ ਨੂੰ ਧਿਆਨ ਵਿੱਚ ਰੱਖਦੇ ਹੋਏ ਪੂਰੇ ਰਾਜ ਵਿੱਚ ਲੜੀਵਾਰ ਜਾਗਰੂਕਤਾ ਗਤੀਵਿਧੀਆਂ ਕਰਵਾਈਆਂ ਜਾ ਰਹੀਆਂ ਹਨ। ਇਸ ਵਾਰ ਸੰਯੁਕਤ ਰਾਸ਼ਟਰ ਵੱਲੋਂ ਵਿਸ਼ਵ ਵਾਤਾਵਰਣ ਦਿਵਸ ਦਾ ਥੀਮ ‘ਬੀਟ ਪਲਾਸਟਿਕ ਪ੍ਰਦੂਸ਼ਣ’ ਰੱਖਿਆ ਗਿਆ, ਇਸ ਲੜੀ ਤਹਿਤ ਬੱਚਿਆਂ ਵਿੱਚ ਜਾਗਰੂਕਤਾ ਲਈ ਇਹ ਸੈਮੀਨਾਰ ਕਰਵਾਇਆ ਗਿਆ। ਉਨ੍ਹਾਂ ਵੱਲੋਂ ਇਲਾਕਾ ਨਿਵਾਸੀ ਨੂੰ ਅਪੀਲ ਕੀਤੀ ਗਈ ਕਿ ਉਹ ਆਪਣੀਆਂ ਰੋਜ਼ਾਨਾ ਦੀਆਂ ਗਤੀਵਿਧੀਆਂ ਵਿੱਚ ਸਿੰਗਲ ਯੂਜ਼ ਪਲਾਸਟਿਕ ਦੀ ਵਰਤੋਂ ਤੋਂ ਗੁਰੇਜ਼ ਕਰਨ ਅਤੇ ਇਸ ਲਈ ਪ੍ਰਸ਼ਾਸ਼ਨ ਦਾ ਸਹਿਯੋਗ ਦੇਣ। ਇਸ ਸੈਮੀਨਾਰ ਵਿੱਚ ਇੰਜੀ. ਜਸ਼ਨਦੀਪ ਸਿੰਘ, ਜੂਨੀਅਰ ਵਾਤਾਵਰਣ ਇੰਜੀਨੀਅਰ, ਇੰਜੀ. ਮਨਜੀਤ ਕੌਰ, ਜੂਨੀਅਰ ਵਾਤਾਵਰਣ ਇੰਜੀਨੀਅਰ ਅਤੇ ਸਕੂਲ ਪ੍ਰਿੰਸੀਪਲ ਸ਼੍ਰੀਮਤੀ ਨਿਮਰਤਾ ਕੌਰ ਸੰਧੂ ਅਤੇ ਸਕੂਲ ਸਟਾਫ਼ ਆਦਿ ਵੀ ਸ਼ਾਮਿਲ ਹੋਏ।

# ਨਾਭਾ ਜੇਲ੍ਹ ਬ੍ਰੇਕ ਤੋਂ ਲੈ ਕੇ ਡਰੱਗ ਸਾਮਰਾਜ ਤੱਕ: ਅਕਾਲੀ ਦਲ ਦਾ ਅਪਰਾਧ ਅਤੇ ਭ੍ਰਿਸ਼ਟਾਚਾਰ ਦਾ ਲੰਬਾ ਇਤਿਹਾਸ ਰਿਹਾ ਹੈ: ਮੁੱਖ ਮੰਤਰੀ ਮਾਨ

**ਪਟਿਆਲਾ, 2 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੇ ਸ਼੍ਰੋਮਣੀ ਅਕਾਲੀ ਦਲ ਦੇ ਆਗੂ ਬਿਕਰਮ ਮਜੀਠੀਆ ’ਤੇ ਤਿੱਖਾ ਹਮਲਾ ਬੋਲਦੀਆਂ ਉਨ੍ਹਾਂ ’ਤੇ ਪਖੰਡ ਅਤੇ ਬੇਬੁਨਿਆਦ ਪ੍ਰਚਾਰ ਰਾਹੀਂ ਜਨਤਾ ਨੂੰ ਗੁੰਮਰਾਹ ਕਰਨ ਦੀ ਕੋਸ਼ਿਸ਼ ਕਰਨ ਦਾ ਦੋਸ਼ ਲਗਾਇਆ। ਮੀਡੀਆ ਨੂੰ ਸੰਬੋਧਨ ਕਰਦਿਆਂ ਮਾਨ ਨੇ ਮਜੀਠੀਆ ਦੇ ਹਾਲੀਆ ਦਾਅਵਿਆਂ ਨੂੰ ਰੱਦ ਕੀਤਾ ਅਤੇ ਅਕਾਲੀ ਦਲ ਦੇ ਕਾਰਜਕਾਲ ਦੌਰਾਨ ਸ਼ੱਕੀ ਰਿਕਾਰਡ ਨੂੰ ਉਜਾਗਰ ਕੀਤਾ।

ਮੁੱਖ ਮੰਤਰੀ ਮਾਨ ਨੇ ਅੰਮ੍ਰਿਤਸਰ ਵਿੱਚ ਹਾਲ ਹੀ ਵਿੱਚ ਵਾਪਰੀ ਇੱਕ ਦੁਖਦਾਈ ਘਟਨਾ ਦਾ ਰਾਜਨੀਤੀਕਰਨ ਕਰਨ ਲਈ ਬਿਕਰਮ ਮਜੀਠੀਆ ਦੀ ਨਿੰਦਾ ਕੀਤੀ ਜਿੱਥੇ ਇੱਕ ਗਰੀਬ ਵਿਅਕਤੀ ਨੇ ਲਾਈਵ ਵਿਸਫੋਟਕ ਯੰਤਰ ਨੂੰ ਨਸ਼ਟ ਕਰਨ ਦੀ ਕੋਸ਼ਿਸ਼ ਕਰਦੇ ਹੋਏ ਆਪਣੀ ਜਾਨ ਗੁਆ ਦਿੱਤੀ। ਮਾਨ ਨੇ ਕਿਹਾ, ਮਜੀਠੀਆ ਕਾਨੂੰਨ ਵਿਵਸਥਾ ’ਤੇ ਸਵਾਲ ਉਠਾਉਂਦੇ ਹਨ। ਪਰ ਉਹ ਕੌਣ ਹੁੰਦੇ ਹਨ ਬੋਲਣ ਵਾਲੇ ? ਤੁਹਾਡੇ ਰਾਜ ਦੌਰਾਨ, ਇੱਕ ਐਸਐਚਓ ਨੂੰ ਆਪਣੀ ਧੀ ਦੀ ਇੱਜ਼ਤ ਦੀ ਰੱਖਿਆ ਕਰਨ ਦੀ ਕੋਸ਼ਿਸ਼ ਕਰਦੇ ਹੋਏ ਗੋਲੀ ਮਾਰ ਦਿੱਤੀ ਗਈ ਸੀ, ਅਤੇ ‘ਮਜੀਠੀਆ ਜ਼ਿੰਦਾਬਾਦ’ ਦੇ ਨਾਅਰੇ ਲਗਾਏ ਗਏ ਸਨ। ਕੀ ਤੁਸੀਂ ਇਹ ਭੁੱਲ ਗਏ ਹੋ ?

ਮਾਨ ਨੇ ਲੋਕਾਂ ਨੂੰ ਅਕਾਲੀ ਰਾਜ ਦੌਰਾਨ ਨਾਭਾ ਜੇਲ੍ਹ ਬ੍ਰੇਕ ਘਟਨਾ ਦੀ ਯਾਦ ਦਿਵਾਈ ਅਤੇ ਮਜੀਠੀਆ ਵਰਗੇ ਆਗੂਆਂ ਦੀ ਜਵਾਬਦੇਹੀ ’ਤੇ ਸਵਾਲ ਉਠਾਏ। ਉਨ੍ਹਾਂ ਨੇ ਕਿਹਾ ਕਿ ਕਿਵੇਂ ਅਕਾਲੀ ਆਗੂਆਂ ਨੇ ਡਰੱਗ ਮਾਫੀਆ ਅਤੇ ਗੈਂਗਸਟਰਾਂ ਨੂੰ ਸਮਰੱਥ ਬਣਾਇਆ, ਪੰਜਾਬ ਨੂੰ ਨਸ਼ਿਆਂ ਅਤੇ ਅਪਰਾਧ ਨਾਲ ਭਰ ਦਿੱਤਾ। ਮਾਨ ਨੇ ਕਿਹਾ ÷ਜਦੋਂ ਵੀ ਨਸ਼ਾ ਤਸਕਰ ਜਾਂ ਮਾਫੀਆ ਫੜੇ ਜਾਂਦੇ ਹਨ, ਤਾਂ ਉਨ੍ਹਾਂ ਦੇ ਤਾਰ ਲਾਜ਼ਮੀ ਤੌਰ ’ਤੇ ਅਕਾਲੀ ਆਗੂਆਂ ਨਾਲ ਜੁੜੇ ਹੁੰਦੇ ਹਨ,।

ਮਾਨ ਨੇ ਕਿਹਾ, ਮਜੀਠੀਆ ਇੱਕ ਅਜਿਹੀ ਵਿਰਾਸਤ ਨੂੰ ਦਰਸਾਉਂਦਾ ਹਨ ਜਿੱਥੇ ਗਰੀਬਾਂ ਨੂੰ ਆਪਣੀ ਆਵਾਜ਼ ਚੁੱਕਣ ਲਈ ਜੇਲ੍ਹਾਂ ਵਿੱਚ ਸੁੱਟਿਆ ਗਿਆ ਸੀ ਜਦੋਂ ਕਿ ਸ਼ਕਤੀਸ਼ਾਲੀ ਲੋਕਾਂ ਨੇ ਬਿਨਾਂ ਕਿਸੇ ਨਤੀਜੇ ਦੇ ਪੰਜਾਬ ਨੂੰ ਲੁੱਟਿਆ ਸੀ। ਉਨ੍ਹਾਂ ਕਿਹਾ, ਅਕਾਲੀ ਦਲ ਨੇ ਭ੍ਰਿਸ਼ਟਾਚਾਰ ਦਾ ਇੱਕ ਸਾਮਰਾਜ ਬਣਾਇਆ ਜਿਸਨੇ ਗੈਂਗਸਟਰਾਂ ਅਤੇ ਤਸਕਰਾਂ ਨੂੰ ਬਿਨਾਂ ਕਿਸੇ ਰੋਕ-ਟੋਕ ਦੇ ਵਧਣ-ਫੁੱਲਣ ਦਿੱਤਾ। ਹੁਣ ਉਹ ਪੰਜਾਬ ਦੇ ਰੱਖਿਅਕ ਹੋਣ ਦਾ ਦਿਖਾਵਾ ਕਰਨ ਦੀ ਕੋਸ਼ਿਸ਼ ਕਰ ਰਹੇ ਹਨ। ਲੋਕ ਹੁਣ ਉਨ੍ਹਾਂ ਦੇ ਝੂਠ ’ਤੇ ਵਿਸ਼ਵਾਸ ਨਹੀਂ ਕਰਨਗੇ।

ਮੁੱਖ ਮੰਤਰੀ ਮਾਨ ਨੇ ‘ਆਪ’ ਅਤੇ ਅਕਾਲੀ ਦਲ ਦੇ ਸ਼ਾਸਨ ਮਾਡਲਾਂ ਵਿੱਚ ਇੱਕ ਵੱਡਾ ਅੰਤਰ ਦੱਸਿਆ। ਮਾਨ ਨੇ ਕਿਹਾ, ਮਜੀਠੀਆ ਦੇ ਉਲਟ, ਜੋ ਸਿਰਫ਼ ਆਪਣੇ ਨਿੱਜੀ ਲਾਭ ਬਾਰੇ ਸੋਚਦੇ ਹਪ, ਮੇਰੀ ਸਰਕਾਰ ਅਜਿਹੀਆਂ ਨੀਤੀਆਂ ਪ੍ਰਤੀ ਵਚਨਬੱਧ ਹੈ ਜੋ ਪੰਜਾਬ ਦੇ ਆਮ ਲੋਕਾਂ ਨੂੰ ਤਰਜੀਹ ਦਿੰਦੀ ਹੈ। ਅਸੀਂ ਕਦੇ ਵੀ ਅਜਿਹੀ ਨੀਤੀ ’ਤੇ ਦਸਤਖਤ ਨਹੀਂ ਕਰਾਂਗੇ ਜੋ ਪੰਜਾਬ ਜਾਂ ਇਸਦੇ ਲੋਕਾਂ ਨੂੰ ਨੁਕਸਾਨ ਪਹੁੰਚਾਉਂਦੀ ਹੋਵੇ।

ਮਜੀਠੀਆ ਦੇ ਦੋਹਰੇ ਮਾਪਦੰਡਾਂ ਦਾ ਪਰਦਾਫਾਸ਼ ਕਰਦੇ ਹੋ ਮਾਨ ਨੇ ਕਾਨੂੰਨ ਵਿਵਸਥਾ ਸੁਧਾਰਾਂ ਦੀ ਮੰਗ ਕਰਨ ਵਿੱਚ ਮਜੀਠੀਆ ਦੇ ਪਖੰਡ ’ਤੇ ਵੀ ਹਮਲਾ ਕੀਤਾ। ਮਾਨ ਨੇ ਕਿਹਾ ਬਾਦਲਾਂ ਅਤੇ ਮਜੀਠੀਆ ਦੀ ਅਗਵਾਈ ਹੇਠ, ਅਕਾਲੀ ਦਲ ਕਾਨੂੰਨਹੀਣਤਾ ਅਤੇ ਲਾਲਚ ਦਾ ਪ੍ਰਤੀਕ ਬਣ ਗਿਆ। ਉਹ ਪੰਜਾਬ ਨੂੰ ਨਸ਼ਿਆਂ ਅਤੇ ਅਪਰਾਧ ਦੀ ਦਲਦਲ ਵਿੱਚ ਸੁੱਟਣ ਲਈ ਜ਼ਿੰਮੇਵਾਰ ਹਨ, ।ਮੁੱਖ ਮੰਤਰੀ ਮਾਨ ਨੇ ਆਪਣੀ ਨਿੱਜੀ ਜਾਇਦਾਦ ਦੀ ਤੁਲਨਾ ਅਕਾਲੀ ਆਗੂਆਂ ਦੀ ਅਮੀਰੀ ਨਾਲ ਕੀਤੀ।ਮਾਨ ਨੇ ਚੁਣੌਤੀ ਦਿੱਤੀ ਹਰ ਚੋਣ ਵਿੱਚ, ਮੈਂ ਆਪਣੀਆਂ ਜਾਇਦਾਦਾਂ ਦਾ ਐਲਾਨ ਕੀਤਾ ਹੈ। ਮੇਰੀ ਦੌਲਤ ਲਗਾਤਾਰ ਘੱਟਦੀ ਗਈ ਹੈ ਕਿਉਂਕਿ ਮੈਂ ਪੰਜਾਬ ਦੀ ਸੇਵਾ ਕਰਦਾ ਹਾਂ, ਆਪਣੀ ਨਹੀਂ। ਕੀ ਮਜੀਠੀਆ ਵੀ ਇਹੀ ਕਹਿ ਸਕਦੇ ਹਨ ? ।

ਮਾਨ ਨੇ ਭ੍ਰਿਸ਼ਟ ਆਗੂਆਂ ਨੂੰ ਸਖ਼ਤ ਚੇਤਾਵਨੀ ਵੀ ਦਿੱਤੀ: ਜਿਹੜੇ ਗਰੀਬਾਂ ਦਾ ਸ਼ੋਸ਼ਣ ਕਰਦੇ ਹਨ ਅਤੇ ਪੰਜਾਬ ਨੂੰ ਲੁੱਟਦੇ ਹਨ, ਉਨ੍ਹਾਂ ਨੂੰ ਇਨਸਾਫ਼ ਦਾ ਸਾਹਮਣਾ ਕਰਨਾ ਪਵੇਗਾ। ਕੋਈ ਵੀ ਦੌਲਤ ਤੁਹਾਨੂੰ ਤੁਹਾਡੇ ਕੰਮਾਂ ਦੇ ਨਤੀਜਿਆਂ ਤੋਂ ਨਹੀਂ ਬਚਾ ਸਕਦੀ। ਯਾਦ ਰੱਖੋ, ਗਰੀਬਾਂ ਅਤੇ ਇਮਾਨਦਾਰਾਂ ਦੀਆਂ ਪ੍ਰਾਰਥਨਾਵਾਂ ਹਮੇਸ਼ਾ ਪ੍ਰਮਾਤਮਾ ਤੱਕ ਪਹੁੰਚਦੀਆਂ ਹਨ, ਅਤੇ ਉਨ੍ਹਾਂ ਦੇ ਸਰਾਪ ਅਟੱਲ ਹਨ। ਸੀਐਮ ਮਾਨ ਨੇ ਪੰਜਾਬ ਦੇ ਲੋਕਾਂ ਨੂੰ ਅਕਾਲੀ ਦਲ ਦੇ ਝੂਠੇ ਦਾਅਵੇ ਰੱਦ ਕਰਨ ਅਤੇ ਇਮਾਨਦਾਰ ਸ਼ਾਸਨ ਦਾ ਸਮਰਥਨ ਕਰਨ ਦੀ ਅਪੀਲ ਕੀਤੀ। ਮਾਨ ਨੇ ਕਿਹਾ, ਅਕਾਲੀ ਦਲ ਭ੍ਰਿਸ਼ਟ ਅਤੀਤ ਦਾ ਇੱਕ ਅਵਸ਼ੇਸ਼ ਹੈ। ਉਨ੍ਹਾਂ ਕੋਲ ਬਹੁਤ ਸਾਰੇ ਮੌਕੇ ਸਨ ਅਤੇ ਉਨ੍ਹਾਂ ਨੇ ਗੁਆ ਦਿੱਤੇ। ਹੁਣ ਸਮਾਂ ਹੈ ਕਿ ਪੰਜਾਬ ਪਾਰਦਰਸ਼ਤਾ ਅਤੇ ਵਿਕਾਸ ਨਾਲ ਅੱਗੇ ਵਧੇ।

# ਬਰਨਾਲਾ ਅੰਡਰ-19 ਟੀਮ ਦੀ ਸ਼ਾਨਦਾਰ ਜਿੱਤ, ਇੰਟਰ-ਡਿਸਟ੍ਰਿਕਟ ਟੂਰਨਾਮੈਂਟ ਦੇ ਕੁਆਰਟਰ ਫਾਈਨਲ ਵਿੱਚ ਦਾਖਲਾ

**ਬਰਨਾਲਾ, 2 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**

ਬਰਨਾਲਾ ਦੀ ਅੰਡਰ-19 ਮੁੰਡਿਆਂ ਦੀ ਕ੍ਰਿਕਟ ਟੀਮ ਨੇ ਪੰਜਾਬ ਸਟੇਟ ਇੰਟਰ-ਡਿਸਟ੍ਰਿਕਟ ਟੂਰਨਾਮੈਂਟ ਵਿੱਚ ਸ਼ਾਨਦਾਰ ਪ੍ਰਦਰਸ਼ਨ ਕਰਦਿਆਂ ਲੁਧਿਆਣਾ ਨੂੰ ਹਰਾਕੇ ਕੁਆਰਟਰ ਫਾਈਨਲ ਵਿੱਚ ਥਾਂ ਬਣਾਈ ਹੈ। ਟਰਾਈਡੈਂਟ ਗਰਾਊਂਡ ਬਰਨਾਲਾ ਵਿੱਚ 25-26 ਮਈ ਨੂੰ ਹੋਏ ਲੀਗ ਮੈਚ ’ਚ ਇਹ ਜਿੱਤ ਦਰਜ ਕੀਤੀ ਗਈ।

ਮੈਚ ਦੀ ਸ਼ੁਰੂਆਤ ਮੌਸਮ ਦੀ ਵਿਘਨਤਾ ਕਾਰਨ 25 ਮਈ ਨੂੰ ਦੁਪਹਿਰ 2 ਵਜੇ ਹੋਈ। ਲੁਧਿਆਣਾ ਨੇ ਟਾਸ ਜਿੱਤ ਕੇ ਬਰਨਾਲਾ ਨੂੰ ਪਹਿਲਾਂ ਬੱਲੇਬਾਜ਼ੀ ਕਰਨ ਦਾ ਆਮੰਤ੍ਰਣ ਦਿੱਤਾ। ਬਰਨਾਲਾ ਨੇ 198 ਦੌੜਾਂ ਬਣਾਈਆਂ। ਸੁੱਖ ਸਹਿਜ ਨਾਰੰਗ ਨੇ ਨਾਬਾਦ ਰਹਿੰਦਿਆਂ 54 ਦੌੜਾਂ ਜੋੜੀਆਂ, ਜਦਕਿ ਕਪਤਾਨ ਦੇਵਿਕ ਗੋਚਰ ਨੇ 40 ਦੌੜਾਂ ਦਾ ਯੋਗਦਾਨ ਦਿੱਤਾ। ਲੁਧਿਆਣਾ ਵੱਲੋਂ ਨਵੀਨ ਵਰਮਾ ਨੇ ਚਮਕਦਾਰ ਗੇਂਦਬਾਜ਼ੀ ਕਰਦਿਆਂ 7 ਵਿਕਟਾਂ ਲਈਆਂ।

ਉਤਰਦਾਈ ਇਨਿੰਗ ਦੌਰਾਨ ਲੁਧਿਆਣਾ ਦੀ ਟੀਮ ਨੇ 198 ਦੌੜਾਂ ਦਾ ਟੀਚਾ ਪੂਰਾ ਕਰਨ ਦੀ ਕੋਸ਼ਿਸ਼ ਕੀਤੀ, ਪਰ ਪੂਰੀ ਟੀਮ 187 ਦੌੜਾਂ ’ਤੇ ਆਲ ਆਊਟ ਹੋ ਗਈ।

ਬਰਨਾਲਾ ਦੇ ਆਲਰਾਊਂਡਰ ਸਾਹਿਲਪ੍ਰੀਤ ਸਿੰਘ ਨੇ 4, ਕੁੰਵਰਬੀਰ ਸਿੰਘ ਨੇ 3 ਅਤੇ ਦਰਵਿੰਦ ਚਨਾਣਾ ਨੇ 2 ਵਿਕਟਾਂ ਹਾਸਲ ਕਰਦਿਆਂ ਲੁਧਿਆਣਾ ਦੀ ਜਿੱਤ ਦੀ ਆਸ ਉਜਾੜ ਦਿੱਤੀ।

ਇਸ ਮੈਚ ਦੀ ਜਿੱਤ ਨਾਲ ਬਰਨਾਲਾ ਨੂੰ 3 ਅੰਕ ਮਿਲੇ ਅਤੇ ਟੀਮ ਨੇ ਕੁਆਰਟਰ ਫਾਈਨਲ ਲਈ ਯੋਗਤਾ ਹਾਸਲ ਕੀਤੀ।

ਅਗਲਾ ਮੈਚ 29-2 ਜੂਨ 2025 ਨੂੰ ਬਰਨਾਲਾ ਦੇ ਟਰਾਈਡੈਂਟ ਗਰਾਊਂਡ ਵਿੱਚ ਹੋਵੇਗਾ।

ਜਿੱਤ ਤੋਂ ਬਾਅਦ ਜ਼ਿਲ੍ਹਾ ਕ੍ਰਿਕਟ ਐਸੋਸੀਏਸ਼ਨ ਬਰਨਾਲਾ ਦੇ ਪ੍ਰਧਾਨ ਵਿਵੇਕ ਸਿੰਧਵਾਨੀ, ਜਨਰਲ ਸਕੱਤਰ ਰੁਪਿੰਦਰ ਗੁਪਤਾ ਅਤੇ ਖ਼ਜ਼ਾਨਚੀ ਸੰਜੇ ਗਰਗ ਵੱਲੋਂ ਪੂਰੀ ਟੀਮ ਅਤੇ ਕੋਚਾਂ ਨੂੰ ਵਧਾਈ ਦਿੱਤੀ ਗਈ। ਉਨ੍ਹਾਂ ਨੇ ਟੀਮ ਦੀ ਲਗਨ ਅਤੇ ਦ੍ਰਿੜ ਨਿਸ਼ਚੇ ਦੀ ਤਾਰੀਫ਼ ਕੀਤੀ।

ਇਸ ਮੌਕੇ ਤੇ ਟਰਾਈਡੈਂਟ ਗਰੁੱਪ ਦੇ ਸੰਸਥਾਪਕ ਪਦਮ ਸ਼੍ਰੀ ਰਾਜਿੰਦਰ ਗੁਪਤਾ ਜੀ ਦਾ ਖਾਸ ਧੰਨਵਾਦ ਕੀਤਾ ਗਿਆ, ਜਿਨ੍ਹਾਂ ਨੇ ਹਮੇਸ਼ਾ ਬਰਨਾਲਾ ’ਚ ਕ੍ਰਿਕਟ ਦੇ ਲਈ ਪਿੱਠ ਥੱਪੀ।

ਇਹ ਜਿੱਤ ਬਰਨਾਲਾ ਦੇ ਨੌਜਵਾਨ ਖਿਡਾਰੀਆਂ ਲਈ ਨਾ ਸਿਰਫ਼ ਉਤਸ਼ਾਹ ਵਧਾਉਣ ਵਾਲੀ ਹੈ, ਸਗੋਂ ਜ਼ਿਲ੍ਹੇ ਦੀ ਕ੍ਰਿਕਟ ਪਹਿਚਾਨ ਨੂੰ ਰਾਸ਼ਟਰੀ ਪੱਧਰ ਵੱਲ ਲਿਜਾਣ ਦੀ ਸੰਭਾਵਨਾ ਨੂੰ ਵੀ ਮਜ਼ਬੂਤ ਕਰਦੀ ਹੈ।

# ਨਸ਼ਾ ਮੁਕਤੀ ਯਾਤਰਾ: ਲੋਕਾਂ ਦੇ ਸਹਿਯੋਗ ਨਾਲ ਮਿਲੇਗਾ ਨਸ਼ਿਆਂ ਦੀ ਅਲਾਮਤ ਤੋਂ ਛੁਟਕਾਰਾ: ਹਰਿੰਦਰ ਸਿੰਘ ਧਾਲੀਵਾਲ

**ਬਰਨਾਲਾ, 2 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**




ਪੰਜਾਬ ਸਰਕਾਰ ਦੀ ਮੁਹਿੰਮ ‘ਯੁੱਧ ਨਸ਼ਿਆਂ ਵਿਰੁੱਧ’ ਤਹਿਤ ਜ਼ਿਲ੍ਹਾ ਬਰਨਾਲਾ ਦੀ ਗ੍ਰਾਮ ਪੰਚਾਇਤ ਪੱਤੀ ਬਾਜਵਾ, ਕੋਠੇ ਮਨੀਸਰ, ਬਾਬਾ ਅਜੀਤ ਸਿੰਘ ਨਗਰ ਦੇ ਸਹਿਯੋਗ ਨਾਲ ਨਸ਼ਾ ਮੁਕਤੀ ਸਮਾਗਮ ਕੀਤੇ ਗਏ ਜਿਸ ਵਿਚ ਹਾਜ਼ਰੀਨ ਨੂੰ ਨਸ਼ਿਆਂ ਵਿਰੁੱਧ ਪ੍ਰਣ ਦਿਵਾਇਆ ਗਿਆ।

ਇਸ ਮੌਕੇ ਸੰਬੋਧਨ ਕਰਦੇ ਹੋਏ ਹਲਕਾ ਇੰਚਾਰਜ ਸ. ਹਰਿੰਦਰ ਸਿੰਘ ਧਾਲੀਵਾਲ ਨੇ ਕਿਹਾ ਕਿ ਮੁੱਖ ਮੰਤਰੀ ਪੰਜਾਬ ਸ. ਭਗਵੰਤ ਸਿੰਘ ਮਾਨ ਵੱਲੋਂ ਸੂਬੇ ਨੂੰ ਰੰਗਲਾ ਪੰਜਾਬ ਬਣਾਉਣ ਦੇ ਵੇਖੇ ਗਏ ਸੁਪਨੇ ਦੀ ਪੂਰਤੀ ਲਈ ਉਲੀਕੇ ਗਏ ਯੁੱਧ ਨਸ਼ਿਆਂ ਵਿਰੁੱਧ ਮੁਹਿੰਮ ਨੂੰ ਪਿੰਡਾਂ ਅੰਦਰ ਸਫਲਤਾਪੂਰਕ ਲਾਗੂ ਕੀਤਾ ਜਾ ਰਿਹ ਹੈ। ਨਸ਼ਿਆਂ ਦਾ ਖਾਤਮਾ ਕਰਨ ਲਈ ਪੰਜਾਬ ਸਰਕਾਰ ਪੂਰੀ ਤਰ੍ਹਾਂ ਵਚਨਬੱਧ ਤੇ ਯਤਨਸ਼ੀਲ ਹੈ, ਜਨ ਭਾਗੀਦਾਰੀ ਦੇ ਸਹਿਯੋਗ ਨਾਲ ਨਸ਼ਿਆਂ ਤੋਂ ਛੁਟਕਾਰਾ ਮਿਲੇਗਾ ਤੇ ਸਾਡਾ ਸੂਬਾ ਮੁੜ ਤੋਂ ਰੰਗਲਾ ਪੰਜਾਬ ਬਣੇਗਾ।ਉਨ੍ਹਾਂ ਕਿਹਾ ਕਿ ਸਰਕਾਰ ਵਲੋਂ ਨਸ਼ੇ ਦੀ ਸਪਲਾਈ ਨੂੰ ਤੋੜਨ ਲਈ ਨਸ਼ਾ ਤਸਕਰਾਂ ਖਿਲਾਫ ਕਾਰਵਾਈਆਂ ਕੀਤੀਆਂ ਜਾ ਰਹੀਆਂ ਹਨ। ਉਨ੍ਹਾਂ ਕਿਹਾ ਕਿ ਨਸ਼ਾ ਤਸਕਰਾਂ ਦੀ ਜਾਇਦਾਦਾਂ ’ਤੇ ਬੁਲਡੋਜ਼ਰ ਚਲਾਇਆ ਜਾ ਰਿਹਾ ਹੈ। ਓਨ੍ਹਾਂ ਕਿਹਾ ਕਿ ਨਸ਼ਾ ਖਿਲਾਫ ਮੁਹਿੰਮ ਲੋਕਾਂ ਦੇ ਸਹਿਯੋਗ ਨਾਲ ਹੀ ਸਫਲ ਹੋ ਸਕਦੀ ਹੈ।

ਉਨ੍ਹਾਂ ਲੋਕਾਂ ਨੂੰ ਅਪੀਲ ਕਰਦਿਆਂ ਕਿਹਾ ਕਿ ਨਸ਼ਾ ਤਸਕਰਾਂ ਦੀ ਜਾਣਕਾਰੀ ਸਿਵਲ ਤੇ ਪੁਲਿਸ ਪ੍ਰਸ਼ਾਸਨ ਨਾਲ ਸਾਂਝੀ ਕੀਤੀ ਜਾਵੇ ਤਾਂ ਜੋ ਨਸ਼ੇ ਦੀ ਚੇਨ ਤੋੜੀ ਜਾ ਸਕੇ।

ਉਨ੍ਹਾਂ ਕਿਹਾ ਕਿ ਸਰਕਾਰ ਜਿਥੇ ਨਸ਼ਾ ਤਸਕਰਾਂ ’ਤੇ ਕਾਰਵਾਈ ਕਰ ਰਹੀ ਹੈ ਉਥੇ ਇਸ ਦਲਦਲ ਵਿਚ ਫਸ ਚੁੱਕੀ ਸਾਡੀ ਨੌਜਵਾਨ ਪੀੜ੍ਹੀ ਦੀ ਸੰਭਾਲ ਕਰ ਰਹੀ ਹੈ ਤੇ ਨਸ਼ਾ ਛੁਡਾਓ ਕੇਂਦਰਾਂ ਵਿਚ ਉਨ੍ਹਾਂ ਦਾ ਇਲਾਜ ਕੀਤਾ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਨਸ਼ਾ ਤਸਕਰਾਂ ਨੂੰ ਕਿਸੇ ਕੀਮਤ ’ਤੇ ਬਖਸ਼ਿਆ ਨਹੀਂ ਜਾਵੇਗਾ।

ਇਸ ਮੌਕੇ ਚੇਅਰਮੈਨ ਮਾਰਕੀਟ ਕਮੇਟੀ ਬਰਨਾਲਾ ਪਰਮਿੰਦਰ ਸਿੰਘ ਭੰਗੂ, ਬੀ ਡੀ ਪੀ ਓ ਸੁਖਵਿੰਦਰ ਸਿੰਘ ਸਿੱਧੂ, ਐੱਸ ਐਮ ਓ ਧਨੌਲਾ ਸਤਵੰਤ ਸਿੰਘ ਔਜਲਾ, ਮਾਸ ਮੀਡੀਆ ਅਫ਼ਸਰ ਕੁਲਦੀਪ ਸਿੰਘ, ਬੀ ਈ ਈ ਧਨੌਲਾ ਬਲਰਾਜ ਸਿੰਘ, ਸਰਪੰਚ ਸ਼ੇਰ ਸਿੰਘ, ਮਨਜੀਤ ਕੌਰ, ਅਨੀਤਾ ਰਾਣੀ ਅਤੇ ਹੋਰ ਮੋਹਤਬਰ ਤੇ ਪਤਵੰਤੇ ਹਾਜ਼ਰ ਸਨ।

# ਵਿੱਦਿਆ ਮਨੁੱਖ ਨੂੰ ਹਨੇਰੇ ਤੋਂ ਚਾਨਣ ਵੱਲ ਲੈ ਕੇ ਜਾਂਦੀ ਹੈ : ਚੇਅਰਮੈਨ ਨਵਦੀਪ ਜੀਦਾ




**ਬਠਿੰਡਾ, 2 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**

ਵਿੱਦਿਆਂ ਮਨੁੱਖ ਨੂੰ ਹਨੇਰੇ ਤੋਂ ਚਾਨਣ ਵੱਲ ਲੈ ਕੇ ਜਾਂਦੀ ਹੈ, ਜਿਸ ਨਾਲ ਮਨੁੱਖ ਦੀ ਬੌਧਿਕਤਾ ਅਤੇ ਮਾਨਸਿਕਤਾ ਦਾ ਵਿਕਾਸ ਹੁੰਦਾ ਹੈ। ਇਨ੍ਹਾਂ ਗੱਲਾਂ ਦਾ ਪ੍ਰਗਟਾਵਾਂ ਦੇ ਚੇਅਰਮੈਨ ਸ਼ੂਗਰਫੈੱਡ ਪੰਜਾਬ ਸ. ਨਵਦੀਪ ਸਿੰਘ ਨੇ ਪੰਜਾਬ ਸਰਕਾਰ ਵਲੋਂ ਸ਼ੁਰੂ ਕੀਤੀ ਮੁਹਿੰਮ ਸਿੱਖਿਆਂ ਕ੍ਰਾਂਤੀ ਦੇ ਮੱਦੇਨਜ਼ਰ ਪਿੰਡ ਮੁਹਾਲਾਂ ਦੇ ਸਰਕਾਰੀ ਪ੍ਰਾਇਮਰੀ ਸਕੂਲ ਵਿਖੇ ਮੁਕੰਮਲ ਹੋਏ ਵੱਖ-ਵੱਖ ਵਿਕਾਸ ਕਾਰਜਾਂ ਦਾ ਉਦਘਾਟਨ ਕਰਨ ਮੌਕੇ ਕੀਤਾ।ਇਸ ਦੌਰਾਨ ਸ. ਨਵਦੀਪ ਸਿੰਘ ਨੇ ਕਿਹਾ ਕਿ ਸਾਲ 2022 ਵਿੱਚ ਜਦੋਂ ਪੰਜਾਬ ਵਿੱਚ ਆਮ ਆਦਮੀ ਪਾਰਟੀ ਦੀ ਸਰਕਾਰ ਬਣੀ ਤਾਂ ਸਿੱਖਿਆ ਤੇ ਸਿਹਤ ਦੇ ਖੇਤਰਾਂ ਵਿੱਚ ਸੁਧਾਰ ਲਿਆਉਣ ਲਈ ਜ਼ਮੀਨੀ ਪੱਧਰ ਉੱਤੇ ਉਪਰਾਲੇ ਸ਼ੁਰੂ ਹੋਏ ਅਤੇ ਨਿਰੰਤਰ ਯਤਨਾਂ ਸਦਕਾ ਜਿੱਥੇ ਸਕੂਲਾਂ ਵਿੱਚ ਬੁਨਿਆਦੀ ਢਾਂਚਾ ਮਜ਼ਬੂਤ ਹੋਇਆ ਹੈ ਓਥੇ ਹੀ ਸਰਕਾਰੀ ਸਕੂਲਾਂ ਦੇ ਅਧਿਆਪਕਾਂ ਦੀ ਪੜਾਉਣ ਸ਼ੈਲੀ ਵਿੱਚ ਹੋਰ ਸੁਧਾਰ ਲਿਆਉਣ ਲਈ ਆਈਆਈਟੀ ਅਹਿਮਦਾਬਾਦ, ਸਿੰਘਾਪੁਰ, ਫਿਨਲੈਂਡ ਵਿੱਚ ਉੱਚ ਪੱਧਰੀ ਸਿਖਲਾਈ ਦਿਵਾਈ ਗਈ।

ਇਸ ਮੌਕੇ ਸ. ਨਵਦੀਪ ਸਿੰਘ ਜੀਦਾ ਨੇ ਜ਼ਿਲ੍ਹੇ ਦੇ ਪਿੰਡ ਕੋਟ ਗੁਰੂ ਦੇ ਸਰਕਾਰੀ ਹਾਈ ਸਕੂਲ ਵਿਖੇ ਵੀ ਨਵੀਂ ਬਣੀ ਸਕੂਲ ਦੀ ਚਾਰਦੀਵਾਰੀ, ਮੀਂਹ ਦੇ ਪਾਣੀ ਦੀ ਸਾਂਭ-ਸੰਭਾਲ ਪ੍ਰਣਾਲੀ ਅਤੇ ਸਪੋਰਟਸ ਟਰੈਕ ਦਾ ਵੀ ਉਦਘਾਟਨ ਕੀਤਾ।

ਇਸ ਦੌਰਾਨ ਸਕੂਲ ਦਾ ਸਮੁੱਚਾ ਸਟਾਫ ਅਤੇ ਪਿੰਡ ਦੇ ਪਤਵੰਤੇ ਆਦਿ ਹਾਜ਼ਰ ਸਨ।

# ਦੂਜਾ ਬੱਚਾ ਲੜਕੀ ਪੈਦਾ ਹੋਣ ’ਤੇ 6000 ਰੁਪਏ ਦੀ ਯਕਮੁਸ਼ਤ ਸਹਾਇਤਾ ਰਾਸ਼ੀ ਕੀਤੀ ਜਾਂਦੀ ਹੈ ਪ੍ਰਦਾਨ

**ਜਲੰਧਰ, 2 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**

ਪ੍ਰਧਾਨ ਮੰਤਰੀ ਮਾਤਰੂ ਵੰਦਨਾ ਯੋਜਨਾ ਤਹਿਤ ਜ਼ਿਲ੍ਹੇ ਵਿਚ ਸਾਲ 2024-25 ਦੌਰਾਨ 6352 ਲਾਭਪਾਤਰੀਆਂ ਨੂੰ ਰਜਿਸਟਰ ਕੀਤਾ ਗਿਆ ਅਤੇ 3 ਕਰੋੜ 14 ਲੱਖ 88 ਹਜ਼ਾਰ ਰੁਪਏ ਦੀ ਅਦਾਇਗੀ ਕੀਤੀ ਗਈ ਹੈ। ਇਸੇ ਤਰ੍ਹਾਂ ਚਾਲੂ ਵਿੱਤੀ ਸਾਲ 2025-26 ਦੌਰਾਨ ਹੁਣ ਤੱਕ 985 ਲਾਭਪਾਤਰੀਆਂ ਨੂੰ ਰਜਿਸਟਰ ਕੀਤਾ ਗਿਆ ਹੈ।

ਜ਼ਿਲ੍ਹਾ ਪ੍ਰੋਗਰਾਮ ਅਫ਼ਸਰ ਮਨਜਿੰਦਰ ਸਿੰਘ ਨੇ ਇਸ ਸਬੰਧੀ ਵਧੇਰੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਇਸ ਸਕੀਮ ਤਹਿਤ ਗਰਭਵਤੀ ਔਰਤਾਂ ਅਤੇ ਦੁੱਧ ਪਿਆਉਂਦੀਆਂ ਮਾਵਾਂ ਨੂੰ ਸਿਹਤ ਪੱਖੋਂ ਮਜ਼ਬੂਤੀ ਅਤੇ ਪੋਸ਼ਣ ਪ੍ਰਦਾਨ ਕਰਨ ਲਈ ਵਿੱਤੀ ਸਹਾਇਤਾ ਦਿੱਤੀ ਜਾਂਦੀ ਹੈ।

ਉਨ੍ਹਾਂ ਦੱਸਿਆ ਕਿ ਇਸਤਰੀ ਤੇ ਬਾਲ ਵਿਕਾਸ ਵਿਭਾਗ ਦੀ ਇਸ ਸਕੀਮ ਦਾ ਉਦੇਸ਼ ਗਰਭਵਤੀ ਔਰਤਾਂ ਅਤੇ ਦੁੱਧ ਪਿਆਉਂਦੀਆਂ ਮਾਵਾਂ ਦੀ ਸਿਹਤ ਵਿੱਚ ਸੁਧਾਰ ਅਤੇ ਪੋਸ਼ਣ ਸੰਬੰਧੀ ਜ਼ਰੂਰਤਾਂ ਨੂੰ ਪੂਰਾ ਕਰਨਾ ਹੈ। ਉਨ੍ਹਾਂ ਦੱਸਿਆ ਕਿ ਇਕ ਔਰਤ ਨੂੰ ਇਹ ਲਾਭ ਪਹਿਲੇ ਦੋ ਜੀਵਤ ਬੱਚਿਆਂ ਲਈ ਉਪਲਬਧ ਹੈ ਬਸ਼ਰਤੇ ਦੂਜਾ ਬੱਚਾ ਲੜਕੀ ਹੋਵੇ। ਉਨ੍ਹਾਂ ਦੱਸਿਆ ਕਿ ਪਹਿਲੇ ਬੱਚੇ ਦੇ ਮਾਮਲੇ ਵਿੱਚ ਦੋ ਕਿਸ਼ਤਾਂ ਵਿੱਚ 5000 ਰੁਪਏ ਦੀ ਰਾਸ਼ੀ ਪ੍ਰਦਾਨ ਕੀਤੀ ਜਾਂਦੀ ਹੈ ਅਤੇ ਦੂਜਾ ਬੱਚਾ ਲੜਕੀ ਪੈਦਾ ਹੋਣ ’ਤੇ 6000 ਰੁਪਏ ਦੀ ਯਕਮੁਸ਼ਤ ਸਹਾਇਤਾ ਰਾਸ਼ੀ ਮੁਹੱਈਆ ਕਰਵਾਈ ਜਾਂਦੀ ਹੈ।

ਸ਼੍ਰੀ ਸਿੰਘ ਨੇ ਦੱਸਿਆ ਕਿ ਪਹਿਲੀ ਕਿਸ਼ਤ ਤਿੰਨ ਹਜ਼ਾਰ ਰੁਪਏ ਆਂਗਣਵਾੜੀ ਕੇਂਦਰ, ਮਨਜ਼ੂਰਸ਼ੁਦਾ ਸਿਹਤ ਸਹੂਲਤਾਂ ’ਤੇ ਗਰਭਅਵਸਥਾ ਦੀ ਰਜਿਸਟ੍ਰੇਸ਼ਨ ਅਤੇ ਐਲਐਮਪੀ ਦੀ ਮਿਤੀ ਤੋਂ 6 ਮਹੀਨਿਆਂ ਦੇ ਅੰਦਰ ਘੱਟੋ-ਘੱਟ ਇਕ ਐਂਟੀ ਨੇਟਲ ਚੈਕਅਪ ਕਰਵਾਉਣ ’ਤੇ ਮਿਲਦੀ ਹੈ ਜਦਕਿ ਦੋ ਹਜ਼ਾਰ ਰੁਪਏ ਦੀ ਦੂਜੀ ਕਿਸ਼ਤ ਬੱਚੇ ਦੀ ਜਨਮ ਰਜਿਸਟ੍ਰੇਸ਼ਨ ਅਤੇ ਬੱਚੇ ਦੇ ਜਨਮ ਤੋਂ ਬਾਅਦ ਇੱਕ ਗੇੜ ਦਾ ਟੀਕਾਕਰਨ ਪੂਰਨ ਕਰਨ ਉਪਰੰਤ ਮਿਲਦੀ ਹੈ।

ਉਨ੍ਹਾਂ ਦੱਸਿਆ ਕਿ ਇਸ ਸਕੀਮ ਦਾ ਲਾਭ ਲੈਣ ਅਤੇ ਵਧੇਰੇ ਜਾਣਕਾਰੀ ਲਈ ਆਪਣੇ ਆਂਗਣਵਾੜੀ ਵਰਕਰ ਨਾਲ ਜਾਂ ਦਫ਼ਤਰ ਬਾਲ ਵਿਕਾਸ ਪ੍ਰਾਜੈਕਟ ਅਫ਼ਸਰ ਵਿਖੇ ਸੰਪਰਕ ਕੀਤਾ ਜਾ ਸਕਦਾ ਹੈ। ਉਨ੍ਹਾਂ ਦੱਸਿਆ ਕਿ ਇਸ ਸਕੀਮ ਦਾ ਲਾਭ ਸਰਕਾਰੀ ਨੌਕਰੀ ਜਾਂ ਕਰ ਦਾਤਾ ਨੂੰ ਨਹੀਂ ਦਿੱਤਾ ਜਾਂਦਾ। ਉਨ੍ਹਾਂ ਸਮੂਹ ਜ਼ਿਲ੍ਹਾ ਵਾਸੀਆਂ ਨੂੰ ਅਪੀਲ ਕਰਦਿਆਂ ਕਿਹਾ ਕਿ ਉਹ ਇਸ ਸਕੀਮ ਦਾ ਲਾਭ ਲੈਣ ਲਈ ਆਪਣੇ ਨੇੜਲੇ ਆਂਗਣਵਾੜੀ ਸੈਂਟਰ ਨਾਲ ਸੰਪਰਕ ਕਰਨ।

# ਜਿਲ੍ਹਾ ਤੇ ਸੈਸ਼ਨ ਜੱਜ ਵੱਲੋਂ ਕੇਂਦਰੀ ਜੇਲ੍ਹ ਦੀ ਚੈਕਿੰਗ

**ਲੁਧਿਆਣਾ, 2 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**

ਜ਼ਿਲ੍ਹਾ ਤੇ ਸੈਸ਼ਨ ਜੱਜ-ਕਮ-ਚੇਅਰਮੈਨ, ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਹਰਪ੍ਰੀਤ ਕੌਰ ਰੰਧਾਵਾ ਨੇ ਅੱਜ ਕੇਂਦਰੀ ਜੇਲ੍ਹ, ਲੁਧਿਆਣਾ, ਬੋਰਸਟਲ ਜੇਲ੍ਹ ਅਤੇ ਜਨਾਨਾ ਜੇਲ੍ਹ ਦੀ ਚੈਕਿੰਗ ਕੀਤੀ। ਚੈਕਿੰਗ ਦੌਰਾਨ ਉਨ੍ਹਾਂ ਕੇਂਦਰੀ ਜੇਲ੍ਹ ਦੀ ਹਰੇਕ ਬੈਰਕ ਦੀ ਚੈਕਿੰਗ ਕੀਤੀ ਤੇ ਹਵਾਲਾਤੀਆਂ ਅਤੇ ਕੈਦੀਆਂ ਨੂੰ ਦਰਪੇਸ਼ ਸਮੱਸਿਆਵਾਂ ਸੁਣੀਆਂ। ਉਨ੍ਹਾਂ ਜੇਲ੍ਹ ਦੇ ਲੰਗਰ ਹਾਲ ਦਾ ਵਿਸ਼ੇਸ਼ ਨਿਰੀਖਣ ਕੀਤਾ। ਜਨਾਨਾ ਜੇਲ੍ਹ ਦੀ ਚੈਕਿੰਗ ਦੌਰਾਨ ਉਨ੍ਹਾਂ ਬੰਦੀਆਂ ਨਾਲ ਗੱਲਬਾਤ ਕੀਤੀ ਤੇ ਉਨ੍ਹਾਂ ਦੀਆਂ ਸਮੱਸਿਆਵਾਂ ਬਾਰੇ ਜਾਣਿਆ। ਉਨ੍ਹਾਂ ਬੰਦੀਆਂ ਨੂੰ ਦੱਸਿਆ ਕਿ ਜਿਹੜੇ ਬੰਦੀ ਆਪਣੇ ਕੇਸ ਦੀ ਪੈਰਵੀ ਲਈ ਪ੍ਰਾਈਵੇਟ ਪੱਧਰ ’ਤੇ ਵਕੀਲ ਨਹੀਂ ਕਰ ਸਕਦੇ ਉਹ ਕਾਨੂੰਨੀ ਸੇਵਾਵਾਂ ਅਥਾਰਟੀ ਤੋਂ ਮੁਫਤ ਕਾਨੂੰਨੀ ਸਹਾਇਤਾ ਪ੍ਰਾਪਤ ਕਰ ਸਕਦੇ ਹਨ।

# ਪੰਜਾਬੀ ਆਲੋਚਨਾ ਪੱਖਪਾਤੀ ਰੁਚੀਆਂ ਦੀ ਸ਼ਿਕਾਰ

## ਡਾ. ਜੋਗਿੰਦਰ ਸਿੰਘ ਨਿਰਾਲਾ

ਰੂਬਰੂ



• ਡਾ. ਭੁਪਿੰਦਰ ਸਿੰਘ ਬੇਦੀ
94170-61645

ਬਰਨਾਲੇ ਦੀ ਸਾਹਿਤਕ ਲਹਿਰ ਨੇ ਪੰਜਾਬੀ ਸਾਹਿਤ ਵਿਚ ਵਡਮੁੱਲਾ ਯੋਗਦਾਨ ਪਾਇਆ ਹੈ। ਇੱਥੇ ਸਾਹਿਤ ਦੀ ਹਰ ਵੰਨਗੀ ਦੇ ਲੇਖਕ ਮੌਜੂਦ ਹਨ। ਡਾ. ਜੋਗਿੰਦਰ ਸਿੰਘ ਨਿਰਾਲਾ ਦਾ ਪੰਜਾਬੀ ਕਹਾਣੀ ਅਤੇ ਆਲੋਚਨਾ ਦੇ ਖੇਤਰ ਵਿਚ ਨਿਵੇਕਲਾ ਸਥਾਨ ਹੈ। ਉਨ੍ਹਾਂ ਨੇ ਹੁਣ ਤਕ ਛੇ ਕਹਾਣੀ ਸੰਗ੍ਰਹਿ ਪੰਜਾਬੀ ਵਿਚ ਲਿਖੇ ਹਨ। ਨਾਇਕ ਦੀ ਖੋਜ, ਪਰਿਸਥਿਤੀਆਂ, ਸੰਤਾਪ, ਰੰਗੇ ਪੁੱਜੇ ਲੋਕ ਉੱਤਰ ਕਥਾ ਅਤੇ ਚੋਣਵੀਆਂ ਕਹਾਣੀਆਂ। ਹਿੰਦੀ ਵਿਚ 'ਬਿਖਰ ਰਹਾ ਮਾਨਵ' ਤੇ 'ਜਨਮਾਂਤਰ' ਕਹਾਣੀ ਸੰਗ੍ਰਹਿ ਆਲੋਚਨਾ ਦੇ ਖੇਤਰ ਵਿਚ 'ਪੰਜਾਬੀ ਕਹਾਣੀ ਵਿਚ ਤਣਾਓ', 'ਕਹਾਣੀ ਦੀ ਰੂਪ ਰੇਖਾ' ਅਤੇ 'ਨੌਵੇਂ ਦਹਾਕੇ ਤੋਂ ਬਾਅਦ ਦੀ ਕਹਾਣੀ' ਪੁਸਤਕਾਂ ਦੀ ਸਿਰਜਣਾ ਕੀਤੀ ਹੈ। ਇਸ ਤੋਂ ਇਲਾਵਾ ਉਹ ਪੰਜਾਬੀ ਮੈਗਜ਼ੀਨ 'ਮੁਹਾਂਦਰਾ' ਦੇ ਸੰਪਾਦਕ ਵੀ ਹਨ।

ਉਨ੍ਹਾਂ ਦਾ ਜਨਮ 10 ਅਕਤੂਬਰ, 1945 ਨੂੰ ਮਾਤਾ ਸੰਤ ਕੌਰ ਤੇ ਪਿਤਾ ਸ. ਲਾਲ ਸਿੰਘ ਰੁਪਾਲ ਦੇ ਘਰ ਬਰਨਾਲਾ ਵਿਖੇ ਹੋਇਆ। ਵਿੱਦਿਅਕ ਯੋਗਤਾ ਐੱਮ. ਏ. (ਪੰਜਾਬੀ-ਅੰਗਰੇਜ਼ੀ) ਅਤੇ ਪੀਐੱਚ. ਡੀ. ਕੀਤੀ। ਡਾ. ਨਿਰਾਲਾ ਦੇ ਵੱਡੇ ਭਰਾ ਪ੍ਰੋ. ਪ੍ਰੀਤਮ ਸਿੰਘ ਰਾਹੀ ਦਾ ਵੀ ਬਰਨਾਲਾ ਸਕੂਲ ਆਫ ਪੋਇਟਰੀ ਵਿਚ ਵਿਸ਼ੇਸ਼ ਦੇਣ ਹੈ। ਡਾ. ਨਿਰਾਲਾ ਨੇ ਆਪਣੇ ਜੀਵਨ ਵਿੱਚ ਬਹੁਤ ਸੰਘਰਸ਼ ਕੀਤਾ। ਇਕ ਫ਼ੌਜੀ ਤੋਂ ਜੀਵਨ ਸ਼ੁਰੂ ਕਰ ਕੇ ਪ੍ਰਿੰਸੀਪਲ ਰਿਟਾਇਰ ਹੋਏ। ਅੱਜ-ਕੱਲ੍ਹ ਉਹ 'ਮੁਹਾਂਦਰਾ' ਪੰਜਾਬੀ ਤ੍ਰੈ-ਮਾਸਿਕ ਦੇ ਸੰਪਾਦਕ ਹਨ। ਬਰਨਾਲੇ ਦੀਆਂ ਸਾਰੀਆਂ ਸਭਾਵਾਂ ਵਿਚ ਹੀ ਉਨ੍ਹਾਂ ਦਾ ਆਦਰਯੋਗ ਸਥਾਨ ਹੈ। ਪੇਸ਼ ਹੈ ਉਨ੍ਹਾਂ ਨਾਲ ਹੋਈ ਮੁਲਾਕਾਤ :

• **ਤੁਸੀਂ ਨਿੱਕੀ ਕਹਾਣੀ ਤੋਂ ਸਫ਼ਰ ਸ਼ੁਰੂ ਕੀਤਾ। ਤੁਹਾਡੀ ਕਹਾਣੀ ਸਮਕਾਲੀ ਕਹਾਣੀ ਤੋਂ ਨਿਰਾਲੀ ਸੁਰ ਵਾਲੀ ਹੋਣ ਦੇ ਨਾਲ-ਨਾਲ ਨਿਵੇਕਲੇ ਵਿਸ਼ਿਆਂ ਦੀ ਤਰਜਮਾਨੀ ਕਰਦੀ ਹੈ। ਤੁਸੀਂ ਇਸ ਵਿਧਾ ਨੂੰ ਕਿਉਂ ਚੁਣਿਆ?**

ਮੈਂ ਆਪਣਾ ਲੇਖਨ ਕਾਰਜ ਕਵਿਤਾ ਤੋਂ ਹੀ ਸ਼ੁਰੂ ਕੀਤਾ ਸੀ। ਪਰ ਜਗਤਾਰ (ਜਗੀਰ ਸਿੰਘ ਜਗਤਾਰ) ਦੇ ਸੁਝਾਓ ਅਨੁਸਾਰ ਮੈਂ ਕਹਾਣੀ ਲੇਖਨ ਵੱਲ ਪਰਤ ਗਿਆ ਕਿਉਂਕਿ ਮੇਰਾ ਵੱਡਾ ਭਰਾ ਪ੍ਰੀਤਮ ਸਿੰਘ ਰਾਹੀ ਕਵਿਤਾਕਾਰੀ ਕਰਦਾ ਸੀ। ਜਿੱਥੋਂ ਤਕ ਨਿਵੇਕਲੀ ਸੁਰ ਦਾ ਸੁਆਲ ਹੈ, ਮੈਂ ਇਕ ਵਿਦਰੋਹੀ ਜਿਹੀ ਕਿਸਮ ਦੀ ਸ਼ੈਅ ਹਾਂ, ਲਕੀਰ ਤੋਂ ਹਟ ਕੇ ਕੰਮ ਕਰਨ ਵਾਲਾ ਸ਼ਾਇਦ ਕਹਾਣੀਆਂ ਵੀ ਕੁਝ ਨਿਵੇਕਲੀਆਂ (ਅਲੋਕਾਰੀਆਂ ਨਹੀਂ) ਲਿਖ ਸਕਿਆ ਹਾਂ।

• **ਤੁਹਾਡੀ ਕਹਾਣੀ ਦੇ ਉਹ ਕਿਹੜੇ ਪੱਖ ਹਨ ਜੋ ਤੁਹਾਨੂੰ ਸਮਕਾਲੀ ਕਹਾਣੀਕਾਰਾਂ ਨਾਲੋਂ ਨਿਖੇੜਦੇ ਹਨ?**

ਸਮਕਾਲੀ ਕਹਾਣੀਕਾਰਾਂ ਨਾਲੋਂ ਨਿਖੜਨ ਵਾਲੀ ਨਹੀਂ ਪਰ ਕੁਝ ਨਵਾਂ ਕਰਨ ਦੀ ਚਾਹ ਨੇ ਜ਼ਰੂਰ ਪ੍ਰੇਰਣਾ ਦਿੱਤੀ। 1965 ਵਿਚ ਜਦੋਂ ਮੈਂ ਕਹਾਣੀ ਲਿਖਣੀ ਸ਼ੁਰੂ ਕੀਤੀ ਉਦੋਂ ਸਾਡੇ ਵੱਡੇ ਕਹਾਣੀਕਾਰ ਸੰਤ ਸਿੰਘ ਸੇਖੋਂ, ਦੁੱਗਲ, ਵਿਰਕ ਵੀ ਅਜੇ ਲਿਖ ਹੀ ਰਹੇ ਸਨ ਪਰ ਤੀਜੀ ਪੀੜ੍ਹੀ ਵੀ ਪਰਵੇਸ਼ ਕਰ ਰਹੀ ਸੀ। ਪੰਜਾਬੀ ਵਿਚ ਕਿਰਸਾਨੀ ਜੀਵਨ ਬਾਰੇ ਹੀ ਲਿਖਿਆ ਜਾ ਰਿਹਾ ਸੀ, ਪਰ ਮੈਂ ਮੱਧ ਸ਼੍ਰੇਣੀ ਨੂੰ ਆਪਣਾ ਵਿਸ਼ਾ ਖੇਤਰ ਚੁਣਿਆ। ਭਾਵੇਂ ਕਿ ਮੱਧ ਸ਼੍ਰੇਣੀ ਨੂੰ ਉਸ ਵੇਲੇ ਤਕ ਰੋਮੈਂਟਿਕਤਾਈ ਹੀ ਸਮਝਿਆ ਜਾਂਦਾ ਸੀ।

• **ਬਹੁਤ ਸਾਰੇ ਕਹਾਣੀਕਾਰਾਂ ਨੇ ਕਹਾਣੀ ਲਿਖਦਿਆਂ ਨਾਲ-ਨਾਲ ਨਾਵਲਾਂ ਦੀ ਸਿਰਜਣਾ ਵੀ ਕੀਤੀ ਹੈ। ਤੁਸੀਂ ਕੇਵਲ ਕਹਾਣੀ ਹੀ ਲਿਖੀ ਹੈ ਤੁਸੀਂ ਨਾਵਲ ਦੀ ਸਿਰਜਣਾ ਕਿਉਂ ਨਹੀਂ ਕੀਤੀ?**

ਮੈਂ ਕਹਾਣੀ ਨਾਲ ਪ੍ਰਤਿਬੱਧ ਰਿਹਾ ਹਾਂ। ਅਸਲ ਵਿਚ ਮੇਰਾ ਰੋਲ ਮਾਡਲ ਕੁਲਵੰਤ ਸਿੰਘ ਵਿਰਕ ਸੀ। ਵਿਰਕ ਸਾਹਿਬ ਦਾ ਪੱਕਾ ਮੱਤ ਸੀ ਕਿ ਸਿਰਫ਼ ਕਹਾਣੀ ਲਿਖ ਕੇ ਵੀ ਲੇਖਕ ਕਹਿਆ ਜਾ ਸਕਦੇ। ਇਹ ਗੱਲ ਉਨ੍ਹਾਂ ਮੈਨੂੰ ਐਗਰੀਕਲਚਰ ਯੂਨੀਵਰਸਿਟੀ ਦੀ ਨੌਕਰੀ ਦੌਰਾਨ ਕਹੀ ਸੀ। ਨਾਵਲ ਦਾ ਉਂਞ ਵੀ ਨਹੀਂ ਰਿਹਾ। ਕਿਸਮਤ ਨਾਲ ਦੋ ਵੱਡੇ-ਵੱਡੇ ਬਿਰਤਾਂਤਕ ਨਾਵਲ ਪੜ੍ਹਨ ਦਾ।

• **ਤੁਸੀਂ ਜੋ ਕੁਝ ਕਹਿਣਾ ਚਾਹੁੰਦੇ ਸੀ ਕੀ ਤੁਸੀਂ ਆਪਣੀਆਂ ਕਹਾਣੀਆਂ ਵਿਚ ਕਹਿ ਸਕੇ ਹੋ ਜਾਂ ਇਹ ਕਿਹਾ ਜਾਵੇ ਤੁਸੀਂ ਆਪਣੀ ਸਿਰਜਣਾ ਤੋਂ ਸੰਤੁਸ਼ਟ ਹੋ?**

ਸੰਤੁਸ਼ਟੀ ਤਾਂ ਜਿਉਂਦਾ ਬੰਦਾ ਪ੍ਰਾਪਤ ਕਰ ਹੀ ਨਹੀਂ ਸਕਦਾ, ਪਰ ਮੈਂ ਏਨਾ ਜ਼ਰੂਰ ਕਹਿ ਸਕਦਾ ਹਾਂ ਕਿ ਹਰੇਕ ਕਹਾਣੀ ਲਿਖ ਕੇ ਜੋ ਇਕ ਪ੍ਰਕਾਰ ਦਾ ਆਨੰਦ ਮਿਲਦਾ ਹੈ, ਉਹ ਕਿਸੇ ਵੀ ਤਰ੍ਹਾਂ ਦੀ 'ਸੰਤੁਸ਼ਟੀ' ਤੋਂ ਘੱਟ ਨਹੀਂ ਹੁੰਦਾ।

• **ਤੁਹਾਨੂੰ ਹੁਣ ਤਕ ਉਹ ਕਿਹੜੇ ਵੱਡੇ ਇਨਾਮ ਸਨਮਾਨ ਕਹਾਣੀ ਲਿਖਣ ਲਈ ਮਿਲੇ ਹਨ?**

ਕੋਈ ਵੀ ਇਨਾਮ ਛੋਟਾ ਜਾਂ ਵੱਡਾ ਨਹੀਂ ਹੁੰਦਾ। ਗੱਲ ਭਾਵਨਾ ਦੀ ਹੁੰਦੀ ਹੈ। ਬਾਕੀ ਲੇਖਕ ਇਨਾਮਾਂ ਲਈ ਨਹੀਂ ਲਿਖਦਾ, ਜੇ ਇਨਾਮਾਂ ਲਈ ਲਿਖਦਾ ਹੈ, ਉਹ ਲੇਖਕ ਨਹੀਂ ਹੁੰਦਾ। ਮੈਂ ਮਾਣ ਨਾਲ ਕਹਿ ਸਕਦਾ ਕਿ ਭਾਵੇਂ ਮੈਨੂੰ ਸਰਕਾਰੀ ਇਨਾਮ ਨਹੀਂ ਮਿਲਿਆ ਪਰ ਗੈਰ ਸਰਕਾਰੀ ਇਨਾਮ ਅਨੇਕਾਂ ਮਿਲੇ ਹਨ। ਅਸਲ ਵਿਚ ਸਰਕਾਰੀ ਇਨਾਮਾਂ ਲਈ ਜੋ 'ਜੁਗਾੜ' ਫਿੱਟ ਕਰਨਾ ਪੈਂਦਾ ਹੈ, ਉਹ 'ਕਲਾਕਾਰੀ' ਮੇਰੇ 'ਚ ਨਹੀਂ ਹੈ।

• **ਕਹਾਣੀ ਲਿਖਣ ਦੇ ਨਾਲ-ਨਾਲ ਤੁਹਾਡੇ ਵੱਡੇ ਭਰਾ ਪ੍ਰੋ. ਪ੍ਰੀਤਮ ਸਿੰਘ ਰਾਹੀ ਵਲੋਂ ਸ਼ੁਰੂ ਕੀਤੇ ਮੁਹਾਂਦਰੇ ਦੇ ਸੰਪਾਦਕ ਵੀ ਹੋ। ਤੁਹਾਡੇ ਕੋਲ ਬਹੁਤ ਸਾਰਾ ਸਾਹਿਤ ਛਪਣ ਲਈ ਆਉਂਦਾ ਹੋ। 'ਮੁਹਾਂਦਰਾ' ਬਾਰੇ ਆਪਣੇ ਤਜਰਬੇ ਸਾਂਝੇ ਕੀਤੇ ਜਾਣ?**

'ਮੁਹਾਂਦਰਾ' ਸਾਹਿਤਕ ਤ੍ਰੈਮਾਸਿਕ ਉੱਚ ਦਰਜੇ ਦਾ ਪਰਚਾ ਹੈ, ਜਿਹੜਾ 1968 ਵਿਚ ਪ੍ਰੋ. ਰਾਹੀ ਅਤੇ ਜੋਗਾ ਸਿੰਘ ਨੇ ਸ਼ੁਰੂ ਕੀਤਾ ਸੀ, ਪਰ ਕੁਝ ਕੁ ਸਾਲ ਚੱਲਣ ਤੋਂ ਬਾਅਦ ਬੰਦ ਹੋ ਗਿਆ। ਉਸ ਸਮੇਂ ਦੌਰਾਨ ਇਸ ਦੇ ਗੁਰੂ ਨਾਨਕ ਦੇਵ, ਕਲਕੱਤਾ, ਬੰਬਈ ਮਹਾਂਨਗਰ ਵਿਸ਼ੇਸ਼ ਅੰਕ ਬਹੁਤ ਚਰਚਿਤ ਹੋਏ। ਇਸ ਦਾ ਵਿਰੋਧ ਵੀ ਹੋਇਆ ਕਿਉਂਕਿ 'ਸਿਰਜਣਾ' ਵਾਲਿਆਂ ਨੇ ਇਸ ਨੂੰ ਆਪਣੇ ਵਿਰੋਧ ਵਿਚ ਲਿਆ। ਕਮਿਊਨਿਸਟ ਪਾਰਟੀਆਂ ਦੇ ਲੀਡਰਾਂ ਵਲੋਂ ਵੀ ਆਲੋਚਨਾ ਹੋਈ ਪਰ ਪਾਰਟੀਆਂ ਦੇ 'ਕੇਡਰ' ਨੇ ਇਸ ਨੂੰ ਅਪਣਾਈ ਰੱਖਿਆ। ਫਿਰ 2002 ਤੋਂ ਪ੍ਰੋ. ਰਾਹੀ ਨਾਲ ਮਿਲ ਕੇ ਦੁਬਾਰਾ ਸ਼ੁਰੂ ਕੀਤਾ ਗਿਆ। ਰਾਹੀ ਜੀ ਦੀ ਮੌਤ ਤੋਂ ਬਾਅਦ ਉਨ੍ਹਾਂ ਦੇ ਸਪੁੱਤਰ ਡਾ. ਰਾਹੁਲ ਰੁਪਾਲ ਤੇ ਮੈਂ ਜਾਰੀ ਰੱਖ ਰਹੇ ਹਾਂ।

• **ਤੁਸੀਂ ਪੰਜਾਬੀ ਕਹਾਣੀ ਦੇ ਸਿਰਮੌਰ ਆਲੋਚਕ ਵੀ ਹੋ। ਤੁਸੀਂ ਪੰਜਾਬੀ ਕਹਾਣੀ ਵਿਚ ਤਣਾਅ ਦੇ ਵਿਸ਼ੇ 'ਤੇ ਪੀ.ਐੱਚ.ਡੀ. ਕੀਤੀ ਹੋਈ ਹੈ। ਆਧੁਨਿਕ ਕਹਾਣੀ ਬਾਰੇ ਤੁਹਾਡੇ ਕੀ ਵਿਚਾਰ ਹਨ?**

ਇਹ 'ਸਿਰਮੌਰ' ਸ਼ਬਦ ਤੋਂ ਮੈਨੂੰ ਬਹੁਤ ਚਿੜ੍ਹ ਹੈ। ਕੋਈ ਵੀ ਲੇਖਕ 'ਸਿਰਮੌਰ' ਨਹੀਂ ਹੁੰਦਾ। ਨਾ ਕੋਈ ਜਥੇਬੰਦੀ ਸਿਰਮੌਰ ਹੁੰਦੀ ਹੈ। ਸਭ ਆਪੋ-ਆਪਣੇ ਵਿੱਤ ਮੁਤਾਬਿਕ ਯੋਗਦਾਨ ਪਾ ਰਹੇ ਹਨ। ਜਿੱਥੋਂ ਤਕ ਪੀ.ਐੱਚ.ਡੀ. ਦੀ ਗੱਲ ਹੈ, ਮੇਰਾ ਪਹਿਲਾ ਇਸ਼ਕ 'ਕਹਾਣੀ' ਹੈ, ਇਸ ਲਈ ਮੈਂ ਇਸੇ ਵਿਧਾ ਉੱਪਰ ਪੀ.ਐੱਚ.ਡੀ. ਕਰਨਾ ਚਾਹੁੰਦਾ ਸਾਂ। ਪਰ ਉਸ ਸਮੇਂ ਤਕ (1980) ਕਹਾਣੀ ਦਾ ਵਿਸ਼ਾ ਮਾਹਿਰ ਪੰਜਾਬ ਵਿਚ ਕੋਈ ਨਹੀਂ ਸੀ। ਅਸਲ 'ਚ ਕਹਾਣੀ ਨੂੰ ਵਿਧਾ ਹੀ ਨਹੀਂ ਸੀ ਸਮਝਿਆ ਜਾਂਦਾ ਜਿਸ ਬਾਰੇ ਖੋਜ ਕੀਤੀ ਜਾ ਸਕੇ। (ਅੱਧੀ ਸਦੀ ਤੋਂ ਵੀ ਘੱਟ ਸਮੇਂ ਤੋਂ ਪੰਜਾਬੀ ਕਹਾਣੀ ਹੋਂਦ ਵਿਚ ਆਈ ਹੋਣ ਕਰ ਕੇ ਵੀ) ਪਰ ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ ਵਿਚ ਡਾ. ਗੁਰਬਖਸ਼ ਸਿੰਘ ਫ਼ਰੈਂਕ ਦੇ ਆਉਣ ਨਾਲ ਪੰਜਾਬੀ ਕਹਾਣੀ ਖੋਜ ਨੂੰ 'ਨਵਾਂ ਹੁਲਾਰਾ' ਮਿਲਿਆ।

'ਪੰਜਾਬੀ ਕਹਾਣੀ ਵਿਚ ਪੇਂਡੂ ਜੀਵਨ ਦੀ ਪੇਸ਼ਕਾਰੀ' ਵਿਸ਼ਾ ਲੈ ਕੇ ਉਨ੍ਹਾਂ ਕੋਲ ਗਿਆ ਪਰ ਡਾ. ਤੇਜਵੰਤ ਸਿੰਘ ਗਿੱਲ ਦੇ ਸੁਝਾਓ ਅਨੁਸਾਰ 'ਪੰਜਾਬੀ ਕਹਾਣੀ 'ਚ ਗ੍ਰਾਮੀਣ ਸਮਾਜਿਕ ਸਭਿਆਚਾਰਕ ਤਣਾਓ' ਵਿਸ਼ੇ ਅਧੀਨ ਰਜਿਸਟਰਡ ਹੋਇਆ ਪਰ ਜਿਵੇਂ ਤੁਹਾਨੂੰ ਪਤਾ ਹੀ ਹੈ ਕਿ 1980 ਤੋਂ ਬਾਅਦ ਪੰਜਾਬ ਵਿਚ ਕਾਲੇ ਦੌਰ ਦੇ ਦਿਨ ਸਨ ਅੰਮ੍ਰਿਤਸਰ ਜਾਣਾ ਵੀ ਬੜਾ ਮੁਹਾਲ ਸੀ, ਡਿਗਦੇ ਢਹਿੰਦੇ 1987 ਵਿਚ ਮੈਂ ਆਪਣੀ ਖੋਜ ਦਾ ਕੰਮ ਮੁਕਾ ਸਕਿਆ।

• **ਤੁਸੀਂ ਪੰਜਾਬੀ ਸਾਹਿਤ ਅਕੈਡਮੀ ਲੁਧਿਆਣਾ ਦੇ ਮੈਂਬਰ, ਮੀਤ ਪ੍ਰਧਾਨ ਅਤੇ ਲਿਖਾਰੀ ਸਭਾ ਬਰਨਾਲਾ ਦੇ ਨਾਲ ਲਗਾਤਾਰ ਜੁੜੇ ਰਹੇ ਹੋ। ਸਭਾਵਾਂ ਦੇ ਰੋਲ ਬਾਰੇ ਤੁਹਾਡਾ ਆਪਣਾ ਕੀ ਵਿਚਾਰ ਹੈ?**

ਲਿਖਾਰੀ ਸਭਾ ਬਰਨਾਲਾ ਮੈਂ ਅਤੇ ਕਰਤਾਰ ਕੈਂਥ ਨੇ 1960 ਵਿਚ ਬਣਾਈ ਸੀ। ਉਦੇਸ਼ ਨਵੇਂ ਤੇ ਨਵਯੁਵਕ ਲੇਖਕਾਂ ਨੂੰ 'ਮੰਚ' ਪ੍ਰਦਾਨ ਕਰਨਾ ਸੀ। ਪੰਜਾਬੀ ਸਾਹਿਤ ਅਕਾਡਮੀ ਲੁਧਿਆਣਾ ਉਸ ਸਮੇਂ ਬੜੀ ਮਾਣ-ਮੱਤੀ ਸੰਸਥਾ ਸਮਝੀ ਜਾਂਦੀ ਸੀ ਪਰ ਇਹ ਅਕਾਦਮਿਕ ਜਿਹੀ ਸੰਸਥਾ ਸੀ। ਕਈ ਵਰ੍ਹੇ ਸਾਡੇ ਵਰਗੇ ਲੇਖਕਾਂ ਨੂੰ ਮੈਂਬਰੀ ਫਾਰਮ ਹੀ ਨਹੀਂ ਦਿੱਤੇ ਗਏ ਅਖੇ, ਨਾ ਭਾਈ ਤੁਸੀਂ ਸਭਾਵਾਂ ਵਾਲੇ ਹੋ, ਜੇ ਅਕਾਡਮੀ 'ਚ ਆ ਗਏ ਤਾਂ ਕਬਜ਼ਾ ਕਰ ਲਵੋਗੇ ਪਰ ਬਾਅਦ ਵਿਚ ਸੰਵਿਧਾਨਕ ਤਬਦੀਲੀਆਂ ਅਤੇ ਵਿਸ਼ੇਸ਼ ਤਰ੍ਹਾਂ ਦੇ ਕਾਬਜ਼ ਧੜੇ ਦੀ ਪਕੜ ਢਿੱਲੀ ਪੈਣ ਕਾਰਨ 'ਲੇਖਕ' ਵੀ ਮੈਂਬਰ ਬਣਨ ਲੱਗੇ ਅਤੇ 'ਅਹੁਦੇਦਾਰ' ਵੀ ਬਣੇ।

• **ਬਤੌਰ ਪੰਜਾਬੀ ਆਲੋਚਕ ਤੁਹਾਡੀਆਂ ਕੀ ਪ੍ਰਾਪਤੀਆਂ ਹਨ?**

'ਪ੍ਰਾਪਤੀਆਂ' ਵਾਲੀ ਕੋਈ ਗੱਲ ਨਹੀਂ। ਅਸਲ ਵਿਚ ਆਲੋਚਨਾ ਵੱਲ ਪਰਤਣਾ ਮੇਰੀ ਅਕਾਦਮਿਕ ਮਜਬੂਰੀ ਸੀ। ਪੜ੍ਹਨ ਪੜ੍ਹਾਉਣ ਕਰਕੇ ਇਹ ਕੰਮ ਵੀ ਕਰਨਾ ਪਿਆ। ਇਕ ਮੈਂ ਸਮਝਦਾ ਸਾਂ ਕਿ ਪੰਜਾਬੀ ਆਲੋਚਨਾ ਸੰਕੀਰਨ ਅਤੇ ਪੱਖਪਾਤੀ ਰੁਚੀਆਂ ਦਾ ਸ਼ਿਕਾਰ ਹੈ। ਆਲੋਚਨਾ ਵਿਚ ਮੇਰੀਆਂ ਤਿੰਨ ਪੁਸਤਕਾਂ ਛਪ ਚੁੱਕੀਆਂ ਹਨ। 1. ਪੰਜਾਬੀ ਕਹਾਣੀ ਵਿਚ ਤਣਾਓ, 2. ਕਹਾਣੀ ਦੀ ਰੂਪ ਰੇਖਾ, 3. ਨੌਵੇਂ ਦਹਾਕੇ ਤੋਂ ਬਾਅਦ ਦੀ ਕਹਾਣੀ। ਇਕ ਕਿਤਾਬ 'ਪਰਖ ਤੇ ਪੜਚੋਲ' ਤਿਆਰੀ ਅਧੀਨ ਹੈ।



ਮੈਨੂੰ ਗੈਰ ਸਰਕਾਰੀ ਇਨਾਮ ਅਨੇਕਾਂ ਮਿਲੇ ਹਨ। ਸਰਕਾਰੀ ਇਨਾਮਾਂ ਲਈ ਜੋ 'ਜੁਗਾੜ' ਫਿੱਟ ਕਰਨਾ ਪੈਂਦਾ ਹੈ, ਉਹ 'ਕਲਾਕਾਰੀ' ਮੇਰੇ 'ਚ ਨਹੀਂ ਹੈ।

• **ਮੈਂ ਪਹਿਲਾਂ ਸਾਹਿਤਕ ਗੱਲਾਂ ਕੀਤੀਆਂ ਹਨ। ਹੁਣ ਮੈਂ ਤੁਹਾਡੇ ਸੰਘਰਸ਼ ਬਾਰੇ ਜਾਣਨ ਦਾ ਇਛੁਕ ਹਾਂ। ਸੰਖੇਪ ਵਿਚ ਆਪਣੇ ਕਰੀਅਰ ਬਾਰੇ ਪਾਠਕਾਂ ਨੂੰ ਦੱਸਣ ਦੀ ਖੇਚਲ ਕਰੋ?**

ਮੇਰਾ ਕਰੀਅਰ ਸਫ਼ਰ ਬਹੁਤ ਉੱਗੜ-ਦੁੱਗੜਾ ਰਿਹਾ ਹੈ। ਬਚਪਨ ਗ਼ਰੀਬੀ ਵਿਚ ਬੀਤਿਆ, ਪਰਿਵਾਰ ਵੱਡਾ ਸੀ। ਅਸੀਂ ਛੇ ਭਰਾ ਅਤੇ ਇਕ ਭੈਣ, ਪਿਤਾ ਜੀ ਸਾਧੂ ਸੰਤ ਬਿਰਤੀ ਵਾਲੇ ਸਨ, ਕੋਈ ਨਿਸ਼ਚਿਤ ਕਾਰੋਬਾਰ ਨਹੀਂ। 1963 ਵਿਚ ਮੈਂ ਫ਼ੌਜ ਵਿਚ ਭਰਤੀ ਹੋਇਆ ਸਾਂ ਪਰ ਛੇਤੀ ਹੀ ਨਾਂ ਕਟਾ ਕੇ ਆ ਗਿਆ। ਫੇਰ ਪੜ੍ਹਾਈ ਜਾਰੀ ਰੱਖੀ। ਕੁਝ ਦੇਰ ਸਿਵਲ ਸਪਲਾਈ ਵਿਚ ਸਬਇੰਸਪੈਕਟਰ ਦੀ ਨੌਕਰੀ ਪਰ ਉੱਥੇ ਦਾ ਵਾਤਾਵਰਨ ਦੇਖ ਕੇ ਮਨ ਉਕਤਾ ਗਿਆ। ਛੇ ਸਾਲ ਬਿਜਲੀ ਬੋਰਡ ਵਿਚ ਕਲਰਕੀ ਕੀਤੀ। ਫੇਰ ਸੰਜੋਗਵਸ ਐਗਰੀਕਚਰ ਯੂਨੀਵਰਸਿਟੀ ਦੇ ਹੋਮ ਸਾਇੰਸ ਕਾਲਜ ਕਾਉਣੀ ਲਈ ਪਾਰਟ ਟਾਈਮ ਟੀਚਰ ਦੀ ਨਿਯੁਕਤੀ, ਪ੍ਰੋਫ਼ੈਸਰ (ਭਾਸ਼ਾਵਾਂ) ਵਜੋਂ 2005 ਵਿਚ ਸੇਵਾ-ਮੁਕਤ ਹੋਇਆ। ਫੇਰ ਤਾਰਿਕ ਕਾਲਜ, ਰਾਜੌਰੀ (ਜੰਮੂ-ਕਸ਼ਮੀਰ) ਵਿਖੇ ਪ੍ਰਿੰਸੀਪਲ 2014 'ਚ ਰੀਟਾਇਰ ਹੁਣ ਸਾਹਿਤਕਾਰੀ।

• **ਇਕ ਨਿੱਜੀ ਸੁਆਲ। ਤੁਸੀਂ ਆਪਣੇ ਪਿਆਰ ਵਿਆਹ ਬਾਰੇ ਵੀ ਦੱਸੋ। ਮੈਂ ਜਾਣਦਾ ਹਾਂ ਕਿ ਅੰਤਰ ਜਾਤੀ ਵਿਆਹ ਸ਼ਾਇਦ ਬਰਨਾਲੇ ਵਿਚ ਤੁਸੀਂ ਹੀ ਕਰਵਾ ਕੇ ਨਵੀਂ ਪਿਰਤ ਪਾਈ ਸੀ?**

ਇਹ ਤਾਂ ਤੁਹਾਨੂੰ ਪਤਾ ਹੀ ਹੈ, ਮੇਰੀ ਅੰਤਰ ਜਾਤੀ ਸ਼ਾਦੀ ਹੋਈ। ਪਹਿਲਾਂ ਪਹਿਲ ਵਿਰੋਧ ਵੀ ਝੱਲਣਾ ਪਿਆ ਪਰ ਹੌਲੀ-ਹੌਲੀ ਇਹ 'ਲਵ ਮੈਰਿਜ' ਸਿਰਫ਼ ਮੈਰਿਜ ਬਣ ਕੇ ਹੀ ਰਹਿ ਗਈ।

• **ਤੁਸੀਂ ਹੁਣ ਕੀ ਕਰ ਰਹੇ ਹੋ?**

ਮੈਂ ਹੁਣ 'ਮੁਹਾਂਦਰਾ' ਮੈਗਜ਼ੀਨ ਲਈ ਮੈਟਰ ਦੀ ਸੋਧ ਸੁਧਾਈ, ਸਾਹਿਤ ਪੜ੍ਹਨਾ, ਪਰਖ ਪੜਚੋਲ ਕਰਨਾ ਅਤੇ ਸਭਾਵਾਂ ਵਿਚ ਜਾ ਕੇ ਆਪਣਾ ਬਣਦਾ ਯੋਗਦਾਨ ਪਾ ਰਿਹਾ ਹਾਂ। •

---

# ਕਿਵੇਂ ਬਣ ਸਕਦੇ ਹੋ ਮਹਾਨ

ਦੁਨੀਆ ਦੇ ਇਤਿਹਾਸ 'ਤੇ ਨਜ਼ਰ ਮਾਰੀਏ ਤਾਂ ਹਜ਼ਾਰਾਂ ਵਿਅਕਤੀ ਹਨ ਜਿਨ੍ਹਾਂ ਨੇ ਆਪਣੀਆਂ ਖ਼ੂਬੀਆਂ ਵੱਲ ਧਿਆਨ ਦੇ ਕੇ ਸਖ਼ਤ ਮਿਹਨਤ ਕੀਤੀ ਤੇ ਲਗਨ ਸਦਕਾ ਜ਼ਿੰਦਗੀ ਦਾ ਪਾਸਾ ਹੀ ਪਲਟ ਕੇ ਰੱਖ ਦਿੱਤਾ...



• ਬਲਬੀਰ ਸਿੰਘ ਸੱਗੂ
9417170515

ਕੋਈ ਵੀ ਵਿਅਕਤੀ ਬਚਪਨ ਤੋਂ ਮਹਾਨ ਨਹੀਂ ਹੁੰਦਾ। ਉਸ ਮਹਾਨ ਵਿਅਕਤੀ ਦੇ ਪਿੱਛੇ ਉਸ ਦੀ ਸਖ਼ਤ ਮਿਹਨਤ, ਸਿਰੜ ਤੇ ਉਸ ਦੀਆਂ ਅੰਦਰਲੀਆਂ ਖ਼ਾਸ ਖ਼ੂਬੀਆਂ ਹੁੰਦੀਆਂ ਹਨ। ਨਾ-ਕਾਮਯਾਬ ਲੋਕ ਆਪਣੀਆਂ ਖ਼ੂਬੀਆਂ ਨੂੰ ਵਿਸਾਰ ਦਿੰਦੇ ਹਨ ਤੇ ਦੂਜੇ ਪਾਸੇ ਮਹਾਨ ਵਿਅਕਤੀਆਂ ਨੇ ਆਪਣੀਆਂ ਖ਼ੂਬੀਆਂ ਵੱਲ ਵਿਸ਼ੇਸ਼ ਧਿਆਨ ਦਿੱਤਾ ਹੁੰਦਾ ਹੈ ਤੇ ਆਪਣੀਆਂ ਕਮਜ਼ੋਰੀਆਂ ਨੂੰ ਵਿਸਾਰਿਆ ਹੁੰਦਾ ਹੈ।

ਹਰ ਇਕ ਵਿਅਕਤੀ ਵਿਚ ਕੋਈ ਨਾ ਕੋਈ ਖ਼ੂਬੀ ਜ਼ਰੂਰ ਹੁੰਦੀ ਹੈ ਜਿਵੇਂ ਕਿ ਕਿਸੇ ਦੀ ਆਵਾਜ਼ ਸੁਰੀਲੀ ਹੁੰਦੀ ਹੈ, ਸੁੰਦਰ ਲਿਖਾਈ, ਚਿੱਤਰਕਾਰੀ, ਬੁੱਤ ਘੜਨਾ, ਤੇਜ਼ ਚਾਲ, ਸਰੀਰਕ ਤੌਰ 'ਤੇ ਤਕੜਾ, ਮਾਨਸਿਕ ਤੌਰ 'ਤੇ ਤੇਜ਼ ਆਦਿ। ਜੇ ਇਹ ਕਹਿ ਦਿੱਤਾ ਜਾਵੇ ਕਿ ਕੋਈ ਵੀ ਵਿਅਕਤੀ ਨਿਰਗੁਣ ਨਹੀਂ ਹੁੰਦਾ ਤਾਂ ਇਸ ਵਿਚ ਰਤਾ ਵੀ ਝੂਠ ਨਹੀਂ। ਪ੍ਰੰਤੂ ਜੋ ਵਿਅਕਤੀ ਆਪਣੀ ਖ਼ੂਬੀ ਪਛਾਣ ਕੇ ਉਸ 'ਤੇ ਧਿਆਨ ਕੇਂਦਰਿਤ ਕਰ ਕੇ ਕੰਮ ਕਰਦਾ ਹੈ ਉਹ ਇਕ ਦਿਨ ਆਪਣੀ ਮੰਜ਼ਿਲ 'ਚ ਸਫਲ ਹੋ ਜਾਂਦਾ ਹੈ। ਅਜਿਹਾ ਵਿਅਕਤੀ ਇਕ ਮਹਾਨ ਵਿਅਕਤੀ ਦੇ ਰੂਪ ਵਿਚ ਸਾਡੇ ਸਾਹਮਣੇ ਆਉਂਦਾ ਹੈ ਅਤੇ ਆਉਣ ਵਾਲੀਆਂ ਪੀੜ੍ਹੀਆਂ ਲਈ ਚਾਨਣ ਮੁਨਾਰੇ ਦਾ ਕੰਮ ਕਰਦਾ ਹੈ।

ਜੇ ਅਸੀਂ ਦੁਨੀਆ ਦੇ ਇਤਿਹਾਸ 'ਤੇ ਨਜ਼ਰ ਮਾਰੀਏ ਤਾਂ ਇਸ ਤਰ੍ਹਾਂ ਦੇ ਹਜ਼ਾਰਾਂ ਵਿਅਕਤੀ ਹਨ ਜਿਨ੍ਹਾਂ ਨੇ ਆਪਣੀਆਂ ਖ਼ੂਬੀਆਂ ਵੱਲ ਧਿਆਨ ਦੇ ਕੇ ਸਖ਼ਤ ਮਿਹਨਤ ਕੀਤੀ ਤੇ ਲਗਨ ਸਦਕਾ ਜ਼ਿੰਦਗੀ ਦਾ ਪਾਸਾ ਹੀ ਪਲਟ ਕੇ ਰੱਖ ਦਿੱਤਾ। ਇਬਰਾਹਿਮ ਲਿੰਕਨ ਜੋ ਇਕ ਗ਼ਰੀਬ ਪਰਿਵਾਰ 'ਚ ਪੈਦਾ ਹੋਇਆ ਨੂੰ ਸਕੂਲ ਜਾਣਾ ਵੀ ਬਹੁਤਾ ਨਸੀਬ ਨਹੀਂ ਸੀ ਹੋਇਆ ਪਰ ਉਸ ਦੀ ਸਖ਼ਤ ਮਿਹਨਤ ਤੇ ਲਗਨ ਨੇ ਹੀ ਇਕ ਦਿਨ ਉਸ ਨੂੰ ਅਮਰੀਕਾ ਦਾ ਰਾਸ਼ਟਰਪਤੀ ਬਣਾ ਦਿੱਤਾ। ਤੇਜ਼ ਦੌੜਨ ਵਾਲਾ ਮਿਲਖਾ ਸਿੰਘ ਇਕ ਸਧਾਰਨ ਵਿਅਕਤੀ ਹੀ ਸੀ। ਕਵਿੱਤਰੀ ਹਰਾਇਨੀ ਰੂਸ ਦੀ ਮਲਿਕਾ ਫੌਜ 'ਚ ਸਿਰਫ਼ ਇਕ ਨੌਕਰਾਣੀ ਹੀ ਸੀ। ਹਿਟਲਰ ਜਰਮਨੀ ਦਾ ਡਿਕਟੇਟਰ ਇਕ ਅਖ਼ਬਾਰ ਵੇਚਣ ਵਾਲਾ ਹੀ ਸੀ। ਛੋਟੇ ਕੱਦ ਦੇ ਮਾਲਕ ਚਾਰਲੀ ਚੈਪਲਿਨ ਤੇ ਜਾਨੀ ਵਾਕਰ ਨੇ ਦੁਨੀਆ 'ਤੇ ਆਪਣਾ ਨਾਂ ਚਮਕਾਇਆ। ਛੋਟੇ ਕੱਦ ਦਾ ਮਾਲਕ ਨੈਪੋਲੀਅਨ ਇਕ ਮਹਾਨ ਜਰਨੈਲ ਬਣਿਆ। ਸਾਡੇ ਦੇਸ਼ ਦੇ ਇਕ ਰਾਸ਼ਟਰਪਤੀ ਵੀ ਗ਼ਰੀਬ ਪਰਿਵਾਰ 'ਚ ਪੈਦਾ ਹੋਏ। ਸਾਡੇ ਹੀ ਦੇਸ਼ ਦੀ ਮੁੱਕੇਬਾਜ਼ ਮੈਰੀ ਕੌਮ ਵੀ ਇਕ ਅਜਿਹੀ ਉਦਾਹਰਨ ਹੈ। ਅਸਲ ਵਿਚ ਇਨ੍ਹਾਂ ਸਫਲ ਵਿਅਕਤੀਆਂ ਦੇ ਪਿੱਛੇ ਕੁਝ ਕੁ ਗੱਲਾਂ ਹੀ ਕੰਮ ਕਰਦੀਆਂ ਨਜ਼ਰ ਆਉਂਦੀਆਂ ਹਨ। ਇਨ੍ਹਾਂ ਨੇ ਆਪਣੀਆਂ ਕਮਜ਼ੋਰੀਆਂ ਨੂੰ ਅੱਖੋਂ ਪਰੋਖੇ ਕੀਤਾ। ਖ਼ੂਬੀਆਂ ਵੱਲ ਪੂਰਾ ਧਿਆਨ ਦਿੱਤਾ। ਸਖ਼ਤ ਮਿਹਨਤ ਤੇ ਆਤਮ ਵਿਸ਼ਵਾਸ ਦਾ ਪੱਲਾ ਨਹੀਂ ਛੱਡਿਆ।

ਕਹਿੰਦੇ ਹਨ ਕਿ ਚੰਗੇ ਵਿਚਾਰਾਂ ਤੋਂ ਹਮੇਸ਼ਾ ਚੰਗੇ ਕੰਮ ਹੁੰਦੇ ਹਨ। ਉਸੇ ਤਰ੍ਹਾਂ ਸਾਰਥਿਕ ਸੋਚ ਮਨੁੱਖ ਨੂੰ ਸਫਲਤਾ ਦੇ ਨੇੜੇ ਲੈ ਜਾਂਦੀ ਹੈ। ਅਸਫਲਤਾ ਤੋਂ ਕਦੇ ਵੀ ਨਿਰਾਸ਼ ਨਹੀਂ ਹੋਣਾ ਚਾਹੀਦਾ ਸਗੋਂ ਉਸ ਤੋਂ ਸਿੱਖਿਆ ਲੈ ਕੇ ਆਪਣੇ ਕੰਮ ਨੂੰ ਹੋਰ ਸੁੰਦਰ ਬਣਾਉਣਾ ਚਾਹੀਦਾ ਹੈ। ਅਸਫਲਤਾ ਨੂੰ ਦੇਖ ਕੇ ਕਦੇ ਨਿਰਾਸ਼ ਨਾ ਹੋਵੋ ਇਸ ਨਾਲ ਸਾਡੀ ਮਾਨਸਿਕ ਅਤੇ ਸਰੀਰਕ ਸ਼ਕਤੀ ਨੂੰ ਧੱਕਾ ਲੱਗਦਾ ਹੈ। ਸਿਰਫ਼ ਉਹੀ ਮਨੁੱਖ ਕਾਮਯਾਬ ਹੁੰਦਾ ਹੈ ਜੋ ਚੰਗੇ-ਮਾੜੇ ਨੂੰ ਪ੍ਰਮਾਣ ਕਰੇ ਤੇ ਸਾਰਥਿਕ ਹੱਲ ਸੋਚੇ। ਆਪਣੇ ਆਪ ਨੂੰ ਵਾਤਾਵਰਨ ਅਨੁਸਾਰ ਢਾਲਣ ਦੀ ਕੋਸ਼ਿਸ਼ ਕਰੇ। ਜਿਹੜੇ ਵਿਅਕਤੀ ਅਸਫਲਤਾਵਾਂ ਦੀ ਹਿੱਕ 'ਤੇ ਬੈਠੇ ਹਨ ਜਿੱਤ ਹਮੇਸ਼ਾ ਉਨ੍ਹਾਂ ਦੀ ਹੀ ਹੋਈ ਹੈ।

ਕਹਿੰਦੇ ਹਨ ਕਿ ਧੁੱਪ ਨਾਲ ਛਾਂ, ਉਚਾਈ ਨਾਲ ਡੂੰਘਾਈ, ਪਹਾੜ ਨਾਲ ਖੱਡਾਂ, ਦੁੱਖ ਦੇ ਨਾਲ ਸੁੱਖ, ਤੇਜ਼ ਤੂਫ਼ਾਨ ਤੋਂ ਬਾਅਦ ਸ਼ਾਂਤੀ, ਰਾਤ ਤੋਂ ਬਾਅਦ ਸਵੇਰਾ ਹਨ। ਉਸੇ ਤਰ੍ਹਾਂ ਖ਼ੂਬੀਆਂ ਦੇ ਨਾਲ ਹਰੇਕ ਵਿਅਕਤੀ 'ਚ ਕੁਝ-ਕੁ ਕਮਜ਼ੋਰੀਆਂ ਵੀ ਹੁੰਦੀਆਂ ਹਨ। ਗ਼ਰੀਬੀ, ਛੋਟਾ ਕੱਦ, ਕਾਲਾ ਰੰਗ, ਘੱਟ ਸੋਹਣਾ ਚਿਹਰਾ, ਮਾਨਸਿਕ ਜਾਂ ਸਰੀਰਕ ਪੱਖੋਂ ਕੋਈ ਵੀ ਦੋਸ਼ ਆਦਿ ਦੇ ਬਾਵਜੂਦ ਜੇ ਸਾਡਾ ਆਤਮ ਵਿਸ਼ਵਾਸ ਤੇ ਦ੍ਰਿੜ ਇਰਾਦੇ ਹੋਣ ਤਾਂ ਇਹ ਕੁਝ-ਕੁ ਕਮਜ਼ੋਰੀਆਂ ਸਾਨੂੰ ਆਪਣੇ ਮਨੋਰਥ ਪ੍ਰਾਪਤ ਕਰਨ 'ਚ ਰੋਕ ਨਹੀਂ ਸਕਦੀਆਂ। ਚਾਹੇ ਸਾਨੂੰ ਸਮਾਜ 'ਚੋਂ ਜਿੰਨੇ ਮਰਜ਼ੀ ਤਾਹਨੇ-ਮਿਹਣੇ ਮਿਲਦੇ ਰਹਿਣ। ਜੇ ਸਾਡੇ ਦੋਸਤ-ਮਿੱਤਰ ਸਾਡੀਆਂ ਖ਼ੂਬੀਆਂ ਅਤੇ ਸਮਰੱਥਾਵਾਂ ਤੋਂ ਸਾਨੂੰ ਜਾਣੂ ਕਰਵਾਉਂਦੇ ਰਹਿੰਦੇ ਹਨ ਤਾਂ ਇਹ ਤਾਹਨੇ-ਮਿਹਣੇ ਵੀ ਸਾਡੇ ਲਈ ਪ੍ਰੇਰਨਾ ਦਾ ਦਰਿਆ ਬਣਦੇ ਰਹਿੰਦੇ ਹਨ।

ਹੌਸਲਾ , ਜੋ ਕਿ ਮਨੁੱਖ ਲਈ ਇਕ ਸ਼ਕਤੀ ਵਧਾਉਣ ਦਾ ਜ਼ਰੀਆ ਹੈ । ਜਿਵੇਂ ਕਿਸੇ ਬਿਮਾਰ ਵਿਅਕਤੀ ਲਈ ਦਿੱਤਾ ਗਿਆ ਹੌਸਲਾ , ਦਵਾਈਆਂ ਨਾਲੋਂ ਕਈ ਗੁਣਾਂ ਵੱਧ ਫ਼ਾਇਦੇਮੰਦ ਹੁੰਦਾ ਹੈ, ਉਸੇ ਤਰ੍ਹਾਂ ਦੋਸਤਾਂ-ਮਿੱਤਰਾਂ ਦੁਆਰਾ ਦਿੱਤਾ ਗਿਆ ਹੌਸਲਾ ਸਾਨੂੰ ਉੱਚੀਆਂ ਮੰਜ਼ਲਾਂ 'ਤੇ ਲੈ ਜਾਂਦਾ ਹੈ। ਸੋ ਸਾਨੂੰ ਦੋ-ਚਾਰ ਦੋਸਤ ਇਹੋ ਜਿਹੇ ਜ਼ਰੂਰ ਬਣਾਉਣੇ ਚਾਹੀਦੇ ਹਨ ਜੋ ਸਾਡੀਆਂ ਖ਼ੂਬੀਆਂ ਸਮਝ ਕੇ ਉਨ੍ਹਾਂ ਨੂੰ ਉਭਾਰਨ 'ਚ ਸਾਡਾ ਸਾਥ ਦੇਣ। ਇਸ ਦੇ ਨਾਲ ਇਹ ਵੀ ਜ਼ਰੂਰੀ ਹੈ ਕਿ ਅਸੀਂ ਆਪਣਾ ਹੌਸਲਾ ਤੇ ਆਤਮ ਵਿਸ਼ਵਾਸ ਕਾਇਮ ਰੱਖੀਏ ਤਾਂ ਜੋ ਸਾਡੇ ਦੋਸਤ-ਮਿੱਤਰ ਵੀ ਸਾਡਾ ਸਾਥ ਦਿੰਦੇ ਰਹਿਣ।

ਸੋ ਕਦੇ ਵੀ ਆਪਣੀਆਂ ਕਮਜ਼ੋਰੀਆਂ ਦਾ ਰੋਣਾ ਨਾ ਰੋਵੋ। ਸਿਰਫ਼ ਖ਼ੂਬੀਆਂ ਵੱਲ ਧਿਆਨ ਕੇਂਦਰਤ ਰੱਖੋ। ਆਤਮ-ਵਿਸ਼ਵਾਸ, ਦ੍ਰਿੜ ਇਰਾਦੇ, ਸਖ਼ਤ ਮਿਹਨਤ ਦਾ ਪੱਲਾ ਫੜ ਕੇ ਪੂਰੀ ਲਗਨ ਨਾਲ ਆਪਣੇ ਕਾਰਜ 'ਚ ਰੁੱਝੇ ਰਹੋ। ਆਪਣੇ ਆਪ ਬਾਰੇ ਹਮੇਸ਼ਾ ਚੰਗਾ ਸੋਚੋ ਕਿਉਂਕਿ ਜੇ ਅਸੀਂ ਹੀ ਆਪਣੇ ਬਾਰੇ ਮਾੜਾ ਸੋਚਾਂਗੇ ਤਾਂ ਸਾਡੇ ਬਾਰੇ ਦੂਜਾ ਚੰਗਾ ਨਹੀਂ ਸੋਚੇਗਾ। •



---

# ਮੀਡੀਆ ਜਗਤ ਦੀ ਖ਼ਬਰ ਲੈਂਦੀ ਪੁਸਤਕ

## ਪ੍ਰੈੱਸ ਰੂਮ

• ਬਿੰਦਰ ਬਸਰਾ

ਜਗਤਾਰ ਸਿੰਘ ਭੁੱਲਰ ਖੋਜੀ ਤੇ ਸਿਰੜੀ ਬਿਰਤੀ ਵਾਲਾ ਨੌਜਵਾਨ ਮੀਡੀਆ ਕਰਮੀ ਹੈ। ਉਸ ਕੋਲ ਪ੍ਰਿੰਟ ਅਤੇ ਇਲੈਕਟ੍ਰੋਨਿਕ ਮੀਡੀਆ ਦਾ ਨੇੜਲਾ, ਤਿੱਖਾ ਤੇ ਅਮੀਰ ਅਨੁਭਵ ਹੈ। ਇਹੀ ਅਨੁਭਵ ਉਸ ਦੀ ਨਵੀਂ ਪੁਸਤਕ 'ਪ੍ਰੈੱਸ ਰੂਮ' ਨੂੰ ਪੜ੍ਹਨ ਤੇ ਗੌਲਣਯੋਗ ਬਣਾਉਂਦਾ ਹੈ। ਹੱਥਲੀ ਪੁਸਤਕ 'ਚ ਭੁੱਲਰ ਨੇ ਭਾਰਤੀ ਮੀਡੀਆ ਅਤੇ ਵਿਸ਼ੇਸ਼ ਕਰ ਕੇ ਪੰਜਾਬੀ ਮੀਡੀਆ ਦੇ ਤਾਣੇ-ਬਾਣੇ ਦੀਆਂ ਲਸਰਾਂ 'ਚੋਂ ਹਰ ਰੰਗ ਨੂੰ ਉਭਾਰਿਆ ਹੈ। ਜਗਤਾਰ ਸਿੰਘ ਭੁੱਲਰ ਇਸ ਪੁਸਤਕ ਰਾਹੀ ਦੁਨੀਆ ਭਰ ਦੀ ਖ਼ਬਰ ਰੱਖਣ ਵਾਲੇ ਮੀਡੀਏ ਦੀ ਖ਼ਬਰ ਲੈਂਦਾ ਹੈ। ਇਸ ਤਰ੍ਹਾਂ ਕਰਦਿਆਂ ਉਹ ਨਿਡਰਤਾ ਤੇ ਬੇਬਾਕੀ ਦਾ ਲੜ ਨਹੀਂ ਛੱਡਦਾ ਜਿਸ ਸਦਕਾ ਉਹ ਜ਼ਿੰਦਗੀ ਦੇ ਹਰ ਪਹਿਲੂ ਨਾਲ ਜੁੜੇ ਸਰੋਕਾਰਾਂ 'ਤੇ ਪੱਤਰਕਾਰੀ ਦੇ ਪੈ ਰਹੇ ਚੰਗੇ-ਮਾੜੇ ਪ੍ਰਭਾਵਾਂ ਨੂੰ ਬੜੀ ਬਾਰੀਕੀ ਨਾਲ ਫੜਦਾ ਹੈ।

ਕਦੇ ਪੱਤਰਕਾਰੀ ਇਕ ਮਿਸ਼ਨ ਹੁੰਦਾ ਸੀ। ਇਸ ਮਿਸ਼ਨਰੀ ਭਾਵਨਾ ਕਰਕੇ ਇਸ ਨੂੰ ਸਤਿਕਾਰ ਦੀ ਨਜ਼ਰ ਨਾਲ ਦੇਖਿਆ ਜਾਂਦਾ ਸੀ। ਉਹ ਦੌਰ ਭਾਵੇਂ ਆਜ਼ਾਦੀ ਸੰਗਰਾਮ ਦਾ ਰਿਹਾ ਹੋਵੇ ਜਾਂ ਉਸ ਤੋਂ ਬਾਅਦ ਦਾ। ਪਰ ਅੱਜ-ਕੱਲ੍ਹ ਮੀਡੀਆ ਇਕ ਪ੍ਰੋਡਕਟ ਬਣ ਗਿਆ ਹੈ। ਜਿਸ ਦਾ ਮੁੱਖ ਉਦੇਸ਼ ਹੁਣ ਲੋਕ ਭਲਾਈ ਨਾਲੋਂ ਵਧ ਕੇ ਮੁਨਾਫ਼ਾਮੁਖੀ ਹੈ। 'ਵੇਜ ਬੋਰਡ', ਪ੍ਰੈੱਸ ਕੌਂਸਲ ਆਫ ਇੰਡੀਆ-ਭਾਰਤੀ ਪ੍ਰੈੱਸ ਪ੍ਰੀਸ਼ਦ' ਲੇਖਾਂ 'ਚ ਭੁੱਲਰ ਨੇ ਮੀਡੀਆ ਦੇ ਸਿਧਾਂਤਾਂ ਦੀਆਂ ਧੱਜੀਆਂ ਉਡਾਉਣ ਵਾਲੇ ਵਰਤਾਰੇ ਨੂੰ ਨੰਗਾ ਕੀਤਾ ਹੈ।

'ਜਾਤ-ਪਾਤ ਦਾ ਡੰਗ' 'ਚ ਭਾਰਤੀ ਸਿਸਟਮ ਦੀ ਵਰਗ ਤੇ ਜਾਤ ਵੰਡ ਮੀਡੀਆ 'ਚ ਵੀ ਜਿਉਂ ਦੀ ਤਿਉਂ ਦਿਖਾਈ ਦਿੰਦੀ ਹੈ। ਇਥੇ ਮਿਹਨਤ ਨਾਲ ਕੀਤੀ ਪ੍ਰਾਪਤੀ ਨੂੰ ਵੀ ਜਾਤ ਨਾਲ ਜੋੜ ਕੇ ਪ੍ਰਚਾਰਿਆ ਜਾਂਦਾ ਹੈ। ਇਸ ਲੇਖ 'ਚ ਲੇਖਕ ਵੱਲੋਂ ਇਕ ਚਰਚਿਤ ਪੰਜਾਬੀ ਅਖ਼ਬਾਰ ਵੱਲੋਂ ਆਪਣੇ ਐਡੀਟੋਰੀਅਲ ਸਟਾਫ 'ਚ ਇਕ ਖ਼ਾਸ ਦਿੱਖ ਵਾਲਿਆਂ ਨੂੰ ਹੀ ਪਹਿਲ ਦੇਣ ਦੇ ਮੁੱਦੇ ਨੂੰ ਵੀ ਵਿਚਾਰਿਆ ਜਾਂਦਾ ਤਾਂ ਇਸ ਡੰਗ ਦੀ ਤੀਬਰਤਾ ਨੂੰ ਹੋਰ ਚੰਗੀ ਤਰ੍ਹਾਂ ਸਮਝਿਆ ਜਾ ਸਕਦਾ ਸੀ। 'ਖਾੜਕੂਵਾਦ ਅਤੇ ਮੀਡੀਆ' ਲੇਖ 'ਚ ਪੱਤਰਕਾਰਾਂ ਦੇ ਦੋ ਪੁੜਾਂ ਵਿਚਾਲੇ ਪਿਸਣ ਦੀ ਗਾਥਾ ਹੈ। ਲੇਖਕ ਨੇ ਹਰ 'ਕਾਂਡ' ਨੂੰ ਬਹੁਤ ਨੀਝ ਨਾਲ ਫੜਨ ਦੀ ਕੋਸ਼ਿਸ਼ ਕੀਤੀ ਹੈ। ਇਸ ਲੇਖ 'ਚ ਉਹ ਸੁਮੀਤ ਸਿੰਘ ਨੂੰ ਗੁਰਬਖ਼ਸ਼ ਸਿੰਘ ਪ੍ਰੀਤਲੜੀ ਦਾ ਪੁੱਤਰ ਲਿਖਣ ਦਾ ਟਪਲਾ ਖਾ ਗਿਆ ਜਦ ਕਿ ਉਹ ਨਵਤੇਜ ਸਿੰਘ ਦਾ ਪੁੱਤਰ ਹੈ। 'ਖ਼ੁਫ਼ੀਆ ਏਜੰਸੀਆਂ ਦੀ ਸਾਂਝ' 'ਖੋਜੀ ਪੱਤਰਕਾਰੀ ਤੇ ਸੂਚਨਾ ਕਮਿਸ਼ਨ','ਸੁਪਰਕਾਪ (ਕੇ.ਪੀ.ਐੱਸ ਗਿੱਲ) ਨਾਲ ਅੱਧੀ ਰਾਤ' ਆਦਿ ਲੇਖਾਂ ਵਿਚ ਪੱਤਰਕਾਰਾਂ, ਪੁਲਿਸ ਅਤੇ ਏਜੰਸੀਆਂ ਦੀਆਂ ਆਪਸੀ ਸਾਂਝਾਂ ਦਾ ਜ਼ਿਕਰ ਕੀਤਾ ਗਿਆ ਹੈ ਜੋ ਪੰਜਾਬ ਪ੍ਰਤੀ ਪੁਲਿਸ ਅਤੇ ਏਜੰਸੀਆਂ ਦੀ 'ਪਹੁੰਚ' ਨੂੰ ਬਾਖ਼ੂਬੀ ਬਿਆਨਦੇ ਹਨ।

'ਸ਼੍ਰੋਮਣੀ ਪੱਤਰਕਾਰ ਐਵਾਰਡ' ਲੇਖ ਵੀ ਤਲਖ਼ ਸਚਾਈ ਬਿਆਨਦਾ ਹੈ। ਪਰ ਇਸ 'ਚ ਲੇਖਕ ਇਕ ਵਾਰ ਫੇਰ ਟਪਲਾ ਖਾਂਦਾ ਹੈ। ਜਿਸ 'ਚ ਉਸ ਨੇ ਇਕ ਸੰਪਾਦਕ ਨੂੰ 'ਸ਼੍ਰੋਮਣੀ ਪੱਤਰਕਾਰ' ਦਾ ਸਨਮਾਨ ਮਿਲਣ ਤੋਂ ਪਹਿਲਾਂ ਸ਼੍ਰੋਮਣੀ ਸਾਹਿਤਕਾਰ ਦਾ ਸਨਮਾਨ ਮਿਲਣ ਦਾ ਜ਼ਿਕਰ ਕੀਤਾ ਹੈ ਜਦ ਕਿ ਉਨ੍ਹਾਂ ਨੂੰ ਇਹ ਐਵਾਰਡ ਕਾਫ਼ੀ ਬਾਅਦ 'ਚ ਉਦੋਂ ਮਿਲਿਆ ਜਦੋਂ ਉਹ ਪੰਜਾਬੀ ਯੂਨੀਵਰਸਿਟੀ ਪਟਿਆਲਾ 'ਚ ਅਧਿਆਪਨ ਕਾਰਜ ਨਿਭਾ ਰਹੇ ਸਨ। ਮੀਡੀਆ ਜਗਤ ਦੀਆਂ ਮੌਜੂਦਾ ਨਿੱਗਰ ਕੜੀਆਂ ਦੇ ਨਾਲ-ਨਾਲ ਅੰਦਰੂਨੀ ਕਮਜ਼ੋਰੀਆਂ ਅਤੇ ਘਾਟਾਂ ਵਾਲੀ ਤਸਵੀਰ ਨੂੰ ਰੇਖਾਂਕਿਤ ਕਰਦੀਆਂ ਅਤੇ ਇਸ ਸਭ ਲਈ ਜ਼ਿੰਮੇਵਾਰ ਧਿਰਾਂ ਬਾਰੇ ਟਿੱਪਣੀਆਂ ਪੁਸਤਕ 'ਚ ਬਹੁਤ ਥਾਈਂ ਪਈਆਂ ਹਨ। ਇਸ ਖੇਤਰ 'ਚ ਵਿਕਾਊ ਪੱਤਰਕਾਰਾਂ ਅਤੇ ਆਪਣੀ ਜ਼ਮੀਰ ਦੀ ਆਵਾਜ਼ ਸੁਣਨ ਵਾਲਿਆਂ ਬਾਰੇ ਇਹ ਮੁੱਲਵਾਨ ਟਿੱਪਣੀ ਦੇਖੀ ਜਾ ਸਕਦੀ ਹੈ :

'ਗ਼ਰੀਬ ਤੇ ਮ੍ਰਾਤੜ ਪੱਤਰਕਾਰ ਓਹੀ ਹਨ ਜੋ ਆਪਣੀ ਜ਼ਮੀਰ, ਇਖਲਾਕ, ਇਮਾਨਦਾਰੀ ਤੇ ਨੈਤਿਕਤਾ ਉੱਤੇ ਪਹਿਰਾ ਦੇ ਰਹੇ ਹਨ, ਬਾਕੀ ਤਾਂ ਬਹੁਤ ਅਮੀਰ ਹੋ ਗਏ। ਲੱਖਾਂ-ਕਰੋੜਾਂ ਰੁਪਏ ਦੀਆਂ ਕੋਠੀਆਂ ਜਾਇਦਾਦਾਂ ਦੇ ਮਾਲਕ ਬਣ ਗਏ ਹਨ।' ਭਾਵੇਂ ਇਹ ਸਭ ਕੁਝ ਮਾਲਕ ਧਿਰਾਂ ਵਲੋਂ ਪੱਤਰਕਾਰਤਾ ਦੇ ਸਿਧਾਂਤਾਂ ਨੂੰ ਤਿਲਾਂਜਲੀ ਦੇਣ ਤੇ ਗ਼ੈਰ ਪੇਸ਼ੇਵਰ ਲੋਕਾਂ ਦੀ ਇਸ ਖੇਤਰ 'ਚ ਘੁਸਪੈਠ ਕਾਰਨ ਹੋਇਆ ਹੈ। ਪੁਸਤਕ ਦੇ ਅਹਿਮ ਹਿੱਸੇ 'ਪ੍ਰੈੱਸ ਰੂਮ' 'ਚ ਪੰਜਾਬੀ ਪੱਤਰਕਾਰੀ, ਪੰਜਾਬ ਦੇ ਮਸਲਿਆਂ ਅਤੇ ਉੱਥੇ ਹੁੰਦੇ ਹਾਸੇ ਠੱਠੇ ਦੀਆਂ ਝਲਕੀਆਂ ਕਮਾਲ ਦੀਆਂ ਹਨ। ਸਿਵਲ ਸਕੱਤਰੇਤ ਚੰਡੀਗੜ੍ਹ ਦੀ ਦੂਜੀ ਮੰਜ਼ਿਲ 'ਤੇ ਪੰਜਾਬ ਸਰਕਾਰ ਵਲੋਂ ਪੱਤਰਕਾਰਾਂ ਨੂੰ ਅਲਾਟ ਕੀਤਾ ਕਮਰਾ ਨੰਬਰ 31 ਨਵੇਂ ਪੱਤਰਕਾਰਾਂ ਲਈ ਬਹੁਤ ਖ਼ਾਸ ਥਾਂ ਹੈ ਜਿੱਥੇ ਉਹ ਮੀਡੀਆ ਖੇਤਰ ਵਿਚ ਵਿਚਰਨ ਲਈ ਦਾਅ ਪੇਚ ਸਿੱਖਦੇ ਹਨ। ਸੀਨੀਅਰ ਪੱਤਰਕਾਰਾਂ ਦੀਆਂ ਟਿੱਪਣੀਆਂ ਅਤੇ ਹਾਸਾ ਮਜ਼ਾਕ ਇਸ ਪੁਸਤਕ ਨੂੰ ਰੋਚਕਤਾ ਪ੍ਰਦਾਨ ਕਰਦੇ ਹਨ। ਅਧਿਕਾਰੀ ਲੇਖਕਾਂ ਦੀ ਸੂਚੀ 'ਚ ਜੀ.ਕੇ ਸਿੰਘ ਆਈਏਐੱਸ, ਐੱਨ.ਐੱਸ ਰਤਨ, ਡਾ. ਮਨਮੋਹਨ ਅਤੇ ਬਲਰਾਜ ਸਿੰਘ ਸਿੱਧੂ ਐੱਸਐੱਸਪੀ ਦੇ ਨਾਂ ਵੀ ਸ਼ਾਮਲ ਕੀਤੇ ਜਾ ਸਕਦੇ ਸਨ।

'ਮਲਵਈਆਂ ਦੀ ਸਰਦਾਰੀ' ਵਾਲੇ ਲੇਖ 'ਚ 'ਅੱਜ ਦੀ ਆਵਾਜ਼' ਦੇ ਸੰਸਥਾਪਕ ਸੰਪਾਦਕ ਭਰਪੂਰ ਸਿੰਘ ਬਲਬੀਰ, ਗੁਰਦੀਪ ਸਿੰਘ ਬਰਾੜ ਅਤੇ ਬਲਜੀਤ ਸਿੰਘ ਬਰਾੜ ਦੇ ਨਾਂ ਵੀ ਸ਼ਾਮਲ ਕੀਤੇ ਜਾਣੇ ਚਾਹੀਦੇ ਸਨ, ਜਿਨ੍ਹਾਂ ਨੂੰ ਅਣਗੌਲਿਆ ਕੀਤਾ ਗਿਆ ਹੈ। ਪੱਤਰਕਾਰੀ ਜਗਤ 'ਚ ਜਗਤਾਰ ਨਾਂ ਦੇ ਚਰਚੇ ਵਾਲਾ ਵਿਸ਼ਾ ਨਿਵੇਕਲਾ ਅਤੇ ਦਿਲਚਸਪ ਹੈ। ਪੱਤਰਕਾਰੀ 'ਚ ਨਾਮਣਾ ਖੱਟ ਰਹੀਆਂ ਔਰਤ ਪੱਤਰਕਾਰਾਂ ਦਾ ਜ਼ਿਕਰ ਵੀ ਔਰਤ ਸ਼ਕਤੀ ਪ੍ਰਤੀ ਸੰਜੀਦਗੀ ਦਾ ਨਮੂਨਾ ਹੈ। ਕੈਂਚੀ ਚੱਪਲਾਂ ਵਾਲਿਆਂ ਦੇ ਪੰਜਾਬ ਦੀ ਰਾਜਨੀਤੀ 'ਚ ਪ੍ਰਵੇਸ਼ ਨੂੰ ਜਿਸ ਢੰਗ ਨਾਲ ਪੇਸ਼ ਕੀਤਾ ਗਿਆ ਹੈ ਨੂੰ ਪੜ੍ਹਕੇ ਇਸ ਪੁਸਤਕ ਦੇ ਇਕ ਚੰਗੀ ਗਲਪ ਰਚਨਾ ਹੋਣ ਦਾ ਭੁਲੇਖਾ ਪੈਂਦਾ ਹੈ।

ਪੁਸਤਕ ਨੂੰ ਪੜ੍ਹਦਿਆਂ ਕਿਤੇ ਵੀ ਅਕੇਵਾਂ ਮਹਿਸੂਸ ਨਹੀਂ ਹੁੰਦਾ। ਹਰ ਲੇਖ ਜਾਣਕਾਰੀ ਭਰਪੂਰ ਹੈ। ਪਰੂਫ਼ ਰੀਡਿੰਗ ਅਤੇ ਵਾਕ ਬਣਤਰ ਦੀਆਂ ਕੁਝ ਉਕਾਈਆਂ ਰੜਕਦੀਆਂ ਹਨ ਪਰ ਮੀਡੀਆ ਜਗਤ ਬਾਰੇ ਸਿਧਾਂਤਕ ਅਤੇ ਵਿਹਾਰਕ ਜਾਣਕਾਰੀ ਪ੍ਰਦਾਨ ਕਰਦੀ ਇਹ ਪੁਸਤਕ ਜਰਨਲਿਜ਼ਮ ਐਂਡ ਮਾਸ ਕਮਿਊਨੀਕੇਸ਼ਨ ਦੇ ਵਿਦਿਆਰਥੀਆਂ ਅਤੇ ਖੋਜਾਰਥੀਆਂ ਲਈ ਇਕ ਅਨਮੋਲ ਤੋਹਫ਼ਾ ਹੈ। ਸਪਤਰਿਸ਼ੀ ਪਬਲੀਕੇਸ਼ਨਜ਼ ਚੰਡੀਗੜ੍ਹ ਵਲੋਂ ਪ੍ਰਕਾਸ਼ਤ 308 ਪੰਨਿਆਂ ਦੀ ਇਸ ਪੁਸਤਕ ਦੀ ਕੀਮਤ 300 ਰੁਪਏ ਹੈ। ਮੀਡੀਆ ਨਾਲ ਜੁੜੇ ਲੋਕਾਂ ਲਈ ਇਹ ਪੁਸਤਕ ਪੜ੍ਹਨ ਤੇ ਸਾਂਭਣਯੋਗ ਹੈ। •




ਪੱਤਰਕਾਰੀ ਕਦੇ ਮਿਸ਼ਨ ਹੁੰਦਾ ਸੀ। ਮਿਸ਼ਨਰੀ ਭਾਵਨਾ ਕਰਕੇ ਇਸ ਨੂੰ ਸਤਿਕਾਰ ਦੀ ਨਜ਼ਰ ਨਾਲ ਦੇਖਿਆ ਜਾਂਦਾ ਸੀ। ਦੌਰ ਭਾਵੇਂ ਆਜ਼ਾਦੀ ਸੰਗਰਾਮ ਦਾ ਰਿਹਾ ਹੋਵੇ ਜਾਂ ਉਸ ਤੋਂ ਬਾਅਦ ਦਾ। ਪਰ ਅੱਜ ਮੀਡੀਆ ਇਕ ਪ੍ਰੋਡਕਟ ਬਣ ਗਿਆ ਹੈ...

---

# ਪੁਸਤਕ ਚਰਚਾ

'ਪੈਰਾਂ ਹੇਠ ਮਿੱਧੇ ਰਿਸ਼ਤੇ' ਸੁਖਵਿੰਦਰ ਸਿੰਘ ਮੁੱਲਾਂਪੁਰ ਦਾ ਪਲੇਠਾ ਕਹਾਣੀ ਸੰਗ੍ਰਹਿ ਹੈ ਜਿਸ ਵਿਚ ਉਸ ਨੇ ਕੁੱਲ ਨੌਂ ਕਹਾਣੀਆਂ ਸ਼ਾਮਲ ਕੀਤੀਆਂ ਹਨ। ਲੇਖਕ ਨੂੰ ਕਿਰਸਾਨੀ ਜੀਵਨ ਦਾ ਨੇੜਲਾ ਅਤੇ ਬਹੁਮੁਖੀ ਅਨੁਭਵ ਹੈ। ਵਿਸ਼ਵ ਮੰਡੀ ਦੀਆਂ ਫੈਲਦੀਆਂ ਹੋਈਆਂ ਬਿਮਾਰੀਆਂ ਕਿਵੇਂ ਪੰਜਾਬੀ ਕਿਸਾਨ ਦੇ ਦੁਖਾਂਤ ਵਿਚ ਵਾਧਾ ਕਰ ਰਹੀਆਂ ਹਨ। ਕਿਵੇਂ ਪੰਜਾਬ ਦਾ ਕਿਸਾਨ ਦਿਨੋ ਦਿਨ ਅਧੋਗਤੀ ਵੱਲ ਵੱਧ ਰਿਹਾ ਹੈ, ਕਿਵੇਂ ਉਸ ਦੇ ਦੁੱਖਾਂ ਸੰਤਾਪਾਂ ਵਿਚ ਦਿਨੋ ਦਿਨ ਵਾਧਾ ਹੋ ਰਿਹਾ ਹੈ। ਇਹ ਸਾਰੀਆਂ ਮੁਸੀਬਤਾਂ ਅਤੇ ਰੁਕਾਵਟਾਂ ਦਾ ਇਨ੍ਹਾਂ ਕਹਾਣੀਆਂ ਵਿਚ ਜ਼ਿਕਰ ਕੀਤਾ ਗਿਆ ਹੈ।

'ਗੁਆਚੇ ਵਾਰਿਸ' ਇੰਦਰ ਸਿੰਘ ਜਿਹੇ ਕਿਸਾਨ ਦੀ ਕਹਾਣੀ ਹੈ ਜਿਸ ਦੇ ਬੱਚੇ ਪੜ੍ਹ ਲਿਖਕੇ ਆਪਣੇ ਜੱਦੀ ਕਿੱਤੇ ਕਿਰਸਾਨੀ ਤੋਂ ਬੇਮੁੱਖ ਹੋ ਜਾਂਦੇ ਹਨ ਤੇ ਦੁੱਖ ਭੋਗਦੇ ਹਨ ਤੇ ਆਪਣੇ ਮਾਪਿਆਂ ਲਈ ਵੀ ਸੰਤਾਪ ਦਾ ਕਾਰਨ ਬਣਦੇ ਹਨ। ਆਪਣੇ ਸੱਭਿਆਚਾਰ ਤੋਂ ਟੁੱਟੀ ਔਲਾਦ ਕਿਸੇ ਤਣ-ਪੱਤਣ ਨਹੀ ਲੱਗਦੀ। 'ਪੈਰਾਂ ਹੇਠ ਮਿੱਧੇ ਰਿਸ਼ਤੇ' ਦੀ ਦੀਪੀ ਵਾਰ-ਵਾਰ ਵਿਆਹ ਕਰਵਾ ਕੇ, ਥਾਂ ਪਰ ਥਾਂ ਦੁੱਖ ਭੋਗਦੀ ਹੈ। ਸਾਰੇ ਰਿਸ਼ਤੇਦਾਰ ਹੀ ਉਸ ਲਈ ਕੰਡੇ ਬੀਜਣ ਵਾਲੇ ਸਿੱਧ ਹੁੰਦੇ ਹਨ। ਉਸ ਦੇ ਆਪਣੇ ਢਿੱਡੋਂ ਕੱਢੇ ਬੱਚੇ ਵੀ ਉਸ ਨਾਲ ਧੋਖਾ ਤੇ ਬੇਰਹਿਮੀ ਦਾ ਵਰਤਾਓ ਕਰਦੇ ਹਨ। ਇਸ ਕਹਾਣੀ ਦੀ ਬਣਤਰ ਨਾਵਲਿਟ ਜਾਂ ਨਾਵਲ ਵਾਲੀ ਭਾਸਦੀ ਹੈ। ਪੰਜ 'ਡਾਲਰ ਦਾ ਨੋਟ' ਦੀ ਕੁੜੀ ਪਾਤਰ ਵਿਦੇਸ਼ਾਂ 'ਚ ਪੈਸਾ ਤਾਂ ਕਮਾ ਲੈਂਦੀ ਹੈ ਪਰ ਆਪਣੇ ਸਭਿਆਚਾਰ ਤੋਂ ਹੀਣੀ ਹੋ ਜਾਂਦੀ ਹੈ। ਉਹ ਇਕ ਪ੍ਰਸ਼ਨ ਵੀ ਖੜ੍ਹਾ ਕਰਦੀ ਹੈ ਕਿ ਸਾਡੇ ਮੁਲਕਾਂ ਵਿਚ ਕੰਮ ਮਿਲ ਜਾਂਦਾ ਤਾਂ ਪੱਛਮੀ ਮੁਲਕਾਂ ਵਿਚ ਕਾਹਤੋਂ ਆਉਣਾ ਸੀ।

'ਸੁੱਕੇ ਖੂਹ ਦਾ ਪਾਣੀ' ਦੀ ਇੰਦਰ ਕੌਰ ਆਪਣੇ ਪੁਰਾਣੇ ਦੇਸੀ ਜੀਵਨ ਵਿਚ ਰਹਿ ਕੇ ਹੀ ਖ਼ੁਸ਼ੀ ਮਹਿਸੂਸ ਕਰਦੀ ਹੈ, ਉਸ ਨੂੰ ਨਵੀਆਂ ਰਹੁ ਰੀਤਾਂ ਵਿਚ ਆਨੰਦ ਨਹੀਂ ਆਉਂਦਾ। 'ਜ਼ਹਿਰੀਲਾ ਨਾਗ' ਕਹਾਣੀ ਪਿੰਡਾਂ ਵਿਚ ਪ੍ਰਚਲਿਤ ਇਸ ਮਣੌਤ ਨੂੰ ਸਾਕਾਰ ਕਰਦੀ ਹੈ ਕਿ ਨਾਗ ਬਦਲਾਖ਼ੋਰ ਹੁੰਦੇ ਹਨ। । 'ਬੇਰ ਵਾਲਾ ਜਿੰਨ' ਪੇਂਡੂ ਅੰਧ ਵਿਸ਼ਵਾਸ ਵਿਚ ਫਸੇ ਲੋਕਾਂ ਦਾ ਸੰਤਾਪ ਜ਼ਾਹਿਰ ਕਰਦੀ ਹੈ। ਵਿਗਿਆਨਕ ਸੋਚ ਹੀ ਉਨ੍ਹਾਂ ਨੂੰ ਇਸ ਮਕੜ ਜਾਲ 'ਚੋਂ ਕੱਢ ਸਕਦੀ ਹੈ।

• ਕੇ. ਐੱਲ. ਗਰਗ




ਸ਼ਾਇਰ ਮਦਨ ਵੀਰਾ ਬਾਗ਼ੀ ਸੁਰ ਵਾਲਾ ਕਵੀ ਹੈ। ਉਹ ਸਮਾਜ 'ਚ ਵਾਪਰ ਰਹੀਆਂ ਘਟਨਾਵਾਂ ਦੀ ਨਿਸ਼ਾਨਦੇਹੀ ਕਰਦਾ ਹੈ ਅਤੇ ਬਾਰੀਕੀ ਨਾਲ ਉਨ੍ਹਾਂ 'ਤੇ ਕਟਾਖਸ਼ ਕਰਦਾ ਹੈ। ਮਦਨ ਵੀਰਾ ਸਮਾਜਕ, ਰਾਜਸੀ ਤੇ ਆਰਥਿਕ ਪਹਿਲੂਆਂ ਨੂੰ ਕੰਨੋਂ ਫੜਦਾ ਹੈ। ਉਹ ਹੋ ਰਹੇ ਵਾਕਿਆ ਨੂੰ ਹੋਣੀ ਨਹੀਂ, ਸਾਜ਼ਿਸ਼ ਆਖਦਾ ਹੈ। ਕਾਵਿ ਸੰਗ੍ਰਹਿ ਦਾ ਨਾਂ ਵੀ ਇਹੀ ਦੱਸਦਾ ਹੈ ਕਿ ਇਹ ਨਾਬਰਾਂ ਦੀ ਲਿਖਤ ਹੈ, ਜਿਨ੍ਹਾਂ ਦੀ ਪੈੜ ਉਲਟੀ ਹੈ। ਮਦਨ ਵੀਰਾ ਪਹਿਲੀ ਕਵਿਤਾ 'ਚ ਹੀ ਘਰ, ਸਮਾਜ ਤੇ ਦੇਸ਼ ਦੇ ਕੌੜੇ ਸੱਚ 'ਤੇ ਬੇਬਾਕੀ ਨਾਲ ਉਂਗਲ ਧਰਦਾ ਹੈ। ਉਹ ਬਾਗ਼ੀ ਹੈ ਉਨ੍ਹਾਂ ਸਾਰੀਆਂ ਅਖੌਤੀ ਬੰਦਸ਼ਾਂ ਤੋਂ ਜੋ ਮਾਨਵੀ ਵਿਕਾਸ 'ਚ ਅੜਿੱਕਾ ਬਣਦੀਆਂ ਹਨ। ਉਸ ਦੀ ਹਰ ਕਵਿਤਾ ਸਿਆਸੀ ਹੈ, ਉਹ ਸਿਆਸੀ ਵਰਤਾਰਿਆਂ ਨੂੰ ਚਿਤਾਵਨੀ ਦਿੰਦਾ ਹੈ, ਚੁਣੌਤੀ ਦਿੰਦਾ ਹੈ। ਉਸ ਨੂੰ ਆਪਣੇ ਨਾਲ ਹੋ ਰਹੇ ਦੀ 'ਪਛਾਣ' ਹੈ। ਉਹ 'ਖ਼ਰਾਜ' ਕਰ ਬੇਦਾਵਾ ਲਿਖਦਾ ਹੈ, ਦੇਸ਼ ਦੇ ਜਾਅਲੀ ਨਿਜ਼ਾਮ ਨੂੰ। ਬਨਾਵਟੀ ਧਾਰਮਿਕ ਰਿਵਾਜਾਂ ਦੇ ਜੋ 'ਗੁਰ' ਨੇ ਕਵੀ ਉਨ੍ਹਾਂ ਨੂੰ ਭੰਡਦਾ ਹੈ।

ਉਸ ਦੀ ਕਵਿਤਾ ਕਿਰਤੀ ਨਾਲ ਮਿਲਾਪ ਕਰਵਾਉਂਦੀ ਹੈ। ਕਵੀ 'ਪਥੇਰੇ' ਨੂੰ ਮਿਲਦਾ ਹੈ, ਪਥੇਰਾ ਹੋ ਜਾਂਦਾ ਹੈ। ਕਵਿਤਾ ਲਿਖਦਾ ਹੈ, ਕਵਿਤਾ ਪਥੇਰਾ ਹੋ ਜਾਂਦੀ ਹੈ। ਪਥੇਰਾ ਹੋਣਾ ਕੀ ਹੈ, ਕਵਿਤਾ ਪੜ੍ਹ ਪਾਠਕ ਵੀ ਪਥੇਰਾ ਹੋ ਜਾਂਦਾ ਹੈ। ਨਵ-ਪੂੰਜੀਵਾਦ ਨੇ ਦੁਨੀਆ ਨੂੰ ਇਕ ਮੰਡੀ ਬਣਾ ਦਿੱਤਾ ਹੈ। ਜਿੱਥੇ ਹਰ ਸ਼ੈਅ ਵਸਤੂ ਦੇ ਰੂਪ 'ਚ ਦੇਖੀ ਜਾਂਦੀ ਹੈ, ਅਜਿਹੇ ਮਾਹੌਲ 'ਚ ਕਵੀ ਚੁਣੌਤੀ ਦਿੰਦਾ ਹੈ। ਨਿੱਜੀਕਰਨ ਨੇ ਕਿੰਝ ਪਰਿਵਾਰਾਂ ਨੂੰ ਖੇਰੂੰ-ਖੇਰੂੰ ਕਰ ਦਿੱਤਾ ਹੈ ਤੇ ਘਰਾਂ 'ਚ ਬਜ਼ੁਰਗਾਂ ਦੀ ਹੋਣੀ ਨੂੰ ਕਵੀ ਭਾਂਪਦਾ ਹੈ। ਉਹ ਲੋਰੀਆਂ, ਕਹਾਣੀਆਂ ਤੇ ਹੁੰਗਾਰਿਆਂ ਨੂੰ ਲੱਭ ਰਿਹਾ ਲਿਖਦਾ ਹੈ-

*...ਤਿੜਕ ਰਹੇ ਨੇ*
*ਭਾਵੁਕ ਰਿਸ਼ਤਿਆਂ ਦੇ*
*ਪੀਲ-ਪਾਵੇ*
*ਤੇ ਮੇਰੇ ਸ਼ਹਿਰ 'ਚ ਵੀ*
*ਬਣ ਗਿਆ ਹੈ 'ਓਲਡ ਏਜ ਹੋਮ'*
*ਤਾਂ ਦੱਸੋ*
*ਲੋਰੀਆਂ ਕੌਣ ਸੁਣਾਉਂਦਾ ਏ?*

• ਅਕਾਸ਼ਦੀਪ




ਬਹੁਵਿਧਾਵੀ ਲੇਖਕ ਬਲਜਿੰਦਰ ਮਾਨ ਨੇ ਬਾਲ ਸਾਹਿਤ ਸਿਰਜਣਾ, ਬਾਲ ਰਸਾਲੇ ਦੀ ਸੰਪਾਦਨਾ, ਅਨੁਵਾਦ, ਸੱਭਿਆਚਾਰਕ ਮੇਲੇ ਤੇ ਬਾਲ ਲੇਖਕ ਮੁਕਾਬਲੇ ਆਦਿ ਖੇਤਰਾਂ ਵਿਚ ਆਪਣੇ ਆਪ ਨੂੰ ਸਮਰਪਿਤ ਕਰ ਕੇ ਨਾਮਣਾ ਖੱਟਿਆ ਹੈ। ਦਰਜਨਾਂ ਪੁਸਤਕਾਂ ਦੇ ਰਚੇਤਾ ਬਲਜਿੰਦਰ ਮਾਨ ਨੇ ਪੰਜਾਬ ਸਿੱਖਿਆ ਦੇ ਸਮਰਪਿਤ, ਪੁਰਸਕਾਰਿਤ ਅਤੇ ਸਨਮਾਨਜਨਕ ਚਾਨਣ ਦੇ ਵਣਜਾਰਿਆਂ ਦੀਆਂ ਸਿੱਖਿਆ, ਸਾਹਿਤ ਅਤੇ ਹੋਰ ਖੇਤਰਾਂ ਵਿਚ ਪ੍ਰਾਪਤੀਆਂ ਨੂੰ ਪੁਸਤਕ 'ਪੰਜਾਬ ਦੇ ਰੌਸ਼ਨ ਚਿਰਾਗ਼' ਵਿਚ ਸ਼ਾਮਲ ਕਰ ਕੇ ਇਕ ਨਵਾਂ ਮੀਲ ਪੱਥਰ ਗੱਡਿਆ ਹੈ।

ਇਸ ਪੁਸਤਕ ਵਿਚ ਸ਼ਾਮਲ 61 ਸਿੱਖਿਆ ਸ਼ਾਸਤਰੀਆਂ ਵਿੱਚੋਂ ਅਮਰੀਕ ਸਿੰਘ ਤਲਵੰਡੀ. ਡਾ. ਅਰਮਨਪ੍ਰੀਤ, ਗਿਆਨੀ ਹਰਕੰਵਲ ਸਿੰਘ ਸੈਲਾਨੀ, ਅਵਤਾਰ ਲੰਗੇਰੀ, ਪ੍ਰਿੰ. ਵਿਜੈ ਕੁਮਾਰ, ਡਾ. ਸਿਮਰਤ ਸੁਮੈਰਾ ਅਤੇ ਡਾ. ਧਰਮਪਾਲ ਸਾਹਿਲ ਵਰਗੇ ਕਿੰਨੇ ਹੀ ਹੋਰ ਸਾਹਿਤਕ ਖੇਤਰ ਵਿਚ ਵੀ ਆਪਣੀ ਜ਼ਿਕਰਯੋਗ ਥਾਂ ਬਣਾਈ ਬੈਠੇ ਹਨ। ਬਲਜਿੰਦਰ ਨੇ ਨੈਸ਼ਨਲ ਅਵਾਰਡੀ ਅਤੇ ਹੋਰ ਖੇਤਰਾਂ ਵਿਚ ਰਾਸ਼ਟਰੀ ਪੱਧਰ 'ਤੇ ਮੱਲ੍ਹਾਂ ਮਾਰਨ ਵਾਲੇ ਅਧਿਆਪਕਾਂ ਦੇ ਜੀਵਨ, ਉਨ੍ਹਾਂ ਦੀ ਕਾਰਜ ਸ਼ੈਲੀ, ਨਿਵੇਕਲੀਆਂ ਉਪਲਬਧੀਆਂ ਅਤੇ ਸਿੱਖਿਆ ਤੇ ਸਮਾਜ 'ਤੇ ਪੈਂਦੇ ਉਨ੍ਹਾਂ ਦੀ ਸ਼ਖ਼ਸੀਅਤ ਦੇ ਪ੍ਰਭਾਵ ਨੂੰ ਪੁਸਤਕ ਰੂਪ ਵਿਚ ਪਾਠਕਾਂ ਸਾਹਮਣੇ ਰੱਖਣ ਦਾ ਉਪਰਾਲਾ ਕੀਤਾ ਹੈ ਤਾਂ ਜੋ ਸਿੱਖਿਆ ਖੇਤਰ ਵਿਚ ਇਨ੍ਹਾਂ ਰੌਸ਼ਨ ਚਿਰਾਗ਼ਾਂ ਤੋਂ ਹੋਰ ਨਵੇਂ-ਪੁਰਾਣੇ ਅਧਿਆਪਕ ਪ੍ਰੇਰਨਾ ਲੈ ਸਕਣ। ਬਲਜਿੰਦਰ ਮਾਨ ਦੀ ਇਸ ਕਿਰਤ ਨੇ ਉਨ੍ਹਾਂ ਲੋਕਾਂ ਨੂੰ ਆਪਣੇ ਦੰਦਾਂ ਹੇਠ ਉਂਗਲ ਦੱਬਣ ਲਈ ਮਜਬੂਰ ਕਰ ਦਿੱਤਾ ਹੈ, ਜਿਨ੍ਹਾਂ ਦੀ ਉਂਗਲ ਹਰ ਸਮੇਂ ਅਧਿਆਪਕਾਂ ਦੇ ਕੰਮਕਾਰ 'ਤੇ ਉੱਠਦੀ ਰਹਿੰਦੀ ਸੀ। ਇਨ੍ਹਾਂ ਮੁਖੀਆਂ ਤੇ ਅਧਿਆਪਕਾਂ ਨੇ ਇਸ ਤਰ੍ਹਾਂ ਸਾਧਨਹੀਣ ਤੇ ਅਣਸੁਖਾਵੀਆਂ ਹਾਲਤਾਂ ਵਿਚ ਪ੍ਰਸ਼ਾਸਨ ਵਲੋਂ ਪੜ੍ਹਾਉਣ ਤੋਂ ਇਲਾਵਾ ਹੋਰ ਕਈ ਤਰ੍ਹਾਂ ਦੇ ਸਰੀਰਕ ਤੇ ਮਾਨਸਿਕ ਦਬਾਵਾਂ-ਤਣਾਵਾਂ ਹੇਠ ਨਵੀਆਂ ਲੀਹਾਂ ਪਾਈਆਂ ਹਨ। ਪੁਸਤਕ ਦੀ ਸ਼ੈਲੀ ਸਰਲ, ਸਪਸ਼ਟ ਤੇ ਰੌਚਕ ਹੈ।




ਅਜੋਕੇ 'ਗਲੋਬਲਾਈਜੇਸ਼ਨ' ਨੇ ਜਿੱਥੇ ਵਿਸ਼ਵ ਭਰ ਦੇ ਮਨੁੱਖਾਂ ਦੀ ਆਰਥਿਕਤਾ ਅਤੇ ਜੀਵਨ ਸ਼ੈਲੀ ਨੂੰ ਪ੍ਰਭਾਵਿਤ ਕੀਤਾ ਹੈ, ਉੱਥੇ ਇਸ ਵਿਸ਼ਵ ਵਰਤਾਰੇ ਦਾ ਪ੍ਰਭਾਵ ਸਾਡੀਆਂ ਕੋਮਲ ਕਲਾਵਾਂ ਅਤੇ ਵਿਸ਼ੇਸ਼ ਕਰ ਕੇ 'ਪੰਜਾਬੀ ਨਾਟਕ' ਨੇ ਵੀ ਕਬੂਲਿਆ ਹੈ। ਪੁਸਤਕ 'ਪੰਜਾਬੀ ਨਾਟ ਮੰਚ ਦੇ ਗਲੋਬਲੀ ਪਸਾਰ' ਵਿਚ ਪੰਜਾਬੀ ਨਾਟਕ ਨਾਲ ਜੁੜੀਆਂ 40 ਪ੍ਰਸਿੱਧ ਹਸਤੀਆਂ ਵਲੋਂ ਲਿਖੇ ਗਏ ਲੇਖਾਂ ਦੀ ਸੰਪਾਦਨਾ ਪ੍ਰੋ. ਰਵਿੰਦਰ ਕੌਰ ਵਲੋਂ ਕੀਤੀ ਗਈ ਹੈ। ਇਸ ਵੱਡਅਕਾਰੀ ਤੇ ਮਹੱਤਵਪੂਰਨ ਪੁਸਤਕ ਦੀ ਸੰਪਾਦਨਾ ਵਿਚ ਡਾ. ਜਸਪ੍ਰੀਤ ਕੌਰ ਗੁਲਾਟੀ, ਪ੍ਰੋ. ਅਮਨਦੀਪ ਕੌਰ, ਪ੍ਰੋ. ਮਨਪ੍ਰੀਤ ਕੌਰ ਅਤੇ ਪ੍ਰੋ. ਸੰਦੀਪ ਕੌਰ ਵਲੋਂ ਵੀ ਸੰਪਾਦਕੀ ਸਹਿਯੋਗ ਦਿੱਤਾ ਗਿਆ ਹੈ।

'ਪੰਜਾਬੀ ਨਾਟ-ਮੰਚ ਦੇ ਗਲੋਬਲੀ ਪਸਾਰਾਂ ਨੂੰ ਵੱਖੋ ਵੱਖਰੇ ਦ੍ਰਿਸ਼ਟੀਕੋਣ ਅਤੇ ਸਰੋਕਾਰਾਂ ਦੇ ਜਾਵੀਏ ਤੋਂ ਡਾ. ਪਰਮਜੀਤ ਵਰਮਾ, ਪ੍ਰੋ. ਗੁਰਜੀਤ ਕੌਰ, ਡਾ, ਰਵਿੰਦਰ ਕੌਰ, ਪ੍ਰੋ. ਮਨਪ੍ਰੀਤ ਕੌਰ ਭੱਟੀ, ਪ੍ਰੋ. ਸੀਮਾ, ਵੀਰਪਾਲ ਕੌਰ, ਪ੍ਰੋ. ਅਮਨਦੀਪ ਕੌਰ, ਸੁਖਵਿੰਦਰ ਕੌਰ, ਰਾਜਵਿੰਦਰ ਕੌਰ, ਡਾ. ਵੰਦਨਾ ਕਪੂਰ, ਪ੍ਰੋ. ਹਰਪ੍ਰੀਤ ਕੌਰ ਕਾਹਲੋਂ, ਪ੍ਰੋ. ਨਵਜੋਤ ਕੌਰ, ਪਿੰਕੀ ਨਾਗਰਾ, ਸਰਬਜੀਤ ਸਿੰਘ, ਪ੍ਰੋ. ਹਰਪ੍ਰੀਤ ਸਿੰਘ, ਸਤਵੀਰ ਕੌਰ, ਡਾ. ਮੋਨਿਕਾ ਸਾਹਨੀ, ਪ੍ਰੋ. ਸੰਦੀਪ ਕੌਰ, ਬਲਜਿੰਦਰ ਕੌਰ, ਗੁਰਤੇਜ ਸਿੰਘ, ਕਮਲਪ੍ਰੀਤ ਕੌਰ, ਡਾ. ਸੁਖਵੀਰ ਕੌਰ, ਸੁਰਿੰਦਰ ਕੌਰ ਨਰੂਲਾ, ਡਾ. ਸੰਦੀਪ ਕੌਰ ਸੇਖੋਂ, ਡਾ. ਛਿੰਦਰਪਾਲ ਕੌਰ, ਡਾ. ਨਰਿੰਦਰ ਜੀਤ ਕੌਰ, ਡਾ. ਸਵਰਨਜੀਤ ਕੌਰ. ਡਾ. ਮਨਜੀਤ ਕੌਰ, ਜਿਓਤੀ, ਡਾ. ਵੰਦਨਾ, ਪ੍ਰੋ. ਰੇਨੂੰ, ਡਾ. ਦਮਨਜੀਤ ਕੌਰ ਬਾਗਾ, ਡਾ. ਰਜਿੰਦਰ ਪਾਲ ਕੌਰ, ਪ੍ਰੋ. ਵੀਨਾ ਅਰੋੜਾ, ਪ੍ਰੋ. ਅਮਨਿੰਦਰ ਪ੍ਰੀਤ ਚਹਿਲ ਅਤੇ ਡਾ. ਸੁਖਵੀਰ ਕੌਰ ਸ਼ੇਰਗਿੱਲ ਨੇ ਸੂਖਮ ਵਿਸ਼ਲੇਸ਼ਣ ਅਤੇ ਨਵੀਆਂ ਜਾਣਕਾਰੀਆਂ ਨਾਲ ਪੁਸਤਕ ਨੂੰ ਗਿਆਨਵਰਧਕ ਬਣਾ ਦਿੱਤਾ ਹੈ ਜੋ ਵਿਸ਼ੇਸ਼ ਕਰ ਕੇ ਪੰਜਵੀਂ ਪੀੜ੍ਹੀ ਦੇ ਨਾਟਕਕਾਰਾਂ ਲਈ ਇਕ ਇਨਸਾਈਕਲੋਪੀਡੀਆ ਦਾ ਕੰਮ ਕਰੇਗੀ। ਉਨ੍ਹਾਂ ਨੂੰ ਪੰਜਾਬੀ ਨਾਟ ਮੰਚ ਨੂੰ ਇਤਿਹਾਸਕ ਅਤੇ ਆਧੁਨਿਕ ਪਰਿਪੇਖ ਵਿਚ ਸਮਝਣ ਲਈ ਰਾਹ ਦਸੇਰੇ ਦਾ ਕੰਮ ਕਰੇਗੀ।

ਇਹ ਪੁਸਤਕ ਨਾਟ ਮੰਚ ਦੀ ਗਤੀਸ਼ੀਲਤਾ ਨੂੰ ਜਾਰੀ ਰੱਖਦੇ ਹੋਏ ਨਵੀਨਤਾ ਨੂੰ ਅਪਣਾਉਂਦੇ ਹੋਏ ਆਪਣੀਆਂ ਜੜ੍ਹਾਂ ਨਾਲ ਜੁੜੇ ਰਹਿਣ ਲਈ ਪ੍ਰੇਰਦੀ ਹੈ। ਪੰਜਾਬੀ ਨਾਟ ਮੰਚ ਨਾਲ ਸਬੰਧ ਰੱਖਣ ਵਾਲੇ ਵਿਅਕਤੀ ਲਈ ਉਸਾਰੂ ਤੇ ਵਿਆਪਕ ਸੋਚ ਪੈਦਾ ਕਰਨ ਵਿਚ ਸਹਾਇਕ ਸਿੱਧ ਹੁੰਦੀ ਹੈ ਅਤੇ ਵਿਸ਼ਵ ਪੱਧਰ 'ਤੇ ਪੰਜਾਬੀ ਨਾਟ ਮੰਚ ਨੂੰ ਪ੍ਰਫੁਲਤ ਕਰਨ ਵਿਚ ਮਹੱਤਵਪੂਰਨ ਯੋਗਦਾਨ ਪਾਉਣ ਦੀ ਸਮਰਥਾ ਰੱਖਦੀ ਹੈ। ਪ੍ਰੋ. ਰਵਿੰਦਰ ਕੌਰ ਅਤੇ ਉਨ੍ਹਾਂ ਦੇ ਸਹਿਯੋਗੀ ਸੰਪਾਦਕਾਂ ਵਲੋਂ ਪੰਜਾਬੀ ਨਾਟ ਮੰਚ ਲਈ ਕੀਤੇ ਗਏ ਇਸ ਵੱਡਮੁੱਲੇ ਕਾਰਜ ਦਾ ਸੁਆਗਤ ਕਰਨਾ ਬਣਦਾ ਹੈ।

• ਧਰਮਪਾਲ ਸਾਹਿਲ

# ਸਤਿਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ ਕਿਉਂ ਹੋਈ ? : ਠਾਕੁਰ ਦਲੀਪ ਸਿੰਘ ਜੀ



**ਲੁਧਿਆਣਾ, 2 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**

ਅਸਾਡੇ ਪੰਜਵੇਂ ਗੁਰੂ, ਸਤਿਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ ਕਿਉਂ ਹੋਈ ? ਸੱਚੇ ਪਾਤਸ਼ਾਹ ਨੂੰ ਇੰਨੇ ਕਸ਼ਟ ਕਿਉਂ ਆਏ ? ਸਿੱਖ ਵੀਰੋ, ਵਿਚਾਰ ਨਾਲ ਸੋਚੋ !

ਸਤਿਗੁਰੂ ਜੀ ਦੀ ਸ਼ਹੀਦੀ ਪਿੱਛੇ ਸਭ ਤੋਂ ਵੱਡਾ ਕਾਰਨ ਸੀ: ਬਾਦਸ਼ਾਹ ਜਹਾਂਗੀਰ ਕੱਟੜ-ਪੰਥੀ ਮੁਸਲਮਾਨ ਰਾਜਾ, ਜੋ ਸਤਿਗੁਰੂ ਜੀ ਨੂੰ 'ਮੁਸਲਮਾਨ' ਬਣਾਉਣਾ ਚਾਹੁੰਦਾ ਸੀ।ਜਹਾਂਗੀਰ ਦੇ ਮੁਤਾਬਕ: ਸਤਿਗੁਰੂ ਅਰਜਨ ਦੇਵ ਜੀ ਹਿੰਦੂ ਸਨ; ਜੋ ਉਸ ਨੇ ਸਪੱਸ਼ਟ ਰੂਪ ਵਿੱਚ ਆਪਣੀ ਜੀਵਨੀ 'ਤੁਜ਼ਕ-ਏ-ਜਹਾਂਗੀਰੀ' ਵਿੱਚ ਲਿਖਿਆ ਹੈ। ਅਤੇ, ਉਸੇ ਪੁਸਤਕ ਵਿੱਚ ਜਹਾਂਗੀਰ ਲਿਖਦਾ ਹੈ ਕਿ ਮੈਂ ਸਤਿਗੁਰੂ ਅਰਜਨ ਦੇਵ ਜੀ ਦਾ ਕਤਲ ਕਰਨ ਦਾ ਹੁਕਮ ਦਿੱਤਾ ਹੈ। ਚੰਦੂ ਦੀ ਲੜਕੀ ਦਾ ਸਤਿਗੁਰੂ ਜੀ ਦੇ ਪੁੱਤਰ ਸ਼੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਨਾਲ ਹੋ ਰਿਹਾ ਰਿਸ਼ਤਾ ਵੀ ਬਾਦਸ਼ਾਹ ਜਹਾਂਗੀਰ ਨੇ ਹੀ ਰੁਕਵਾਇਆ ਸੀ ਅਤੇ ਫਿਰ ਚੰਦੂ ਨੂੰ ਸਤਿਗੁਰੂ ਜੀ ਦੇ ਵਿਰੁੱਧ ਕਰ ਦਿੱਤਾ। ਕਿਉਂਕਿ ਜਹਾਂਗੀਰ, ਦੋ ਹਿੰਦੂ ਤਾਕਤਾਂ ਨੂੰ ਆਪਸੀ ਰਿਸ਼ਤੇਦਾਰੀ ਬਣ ਕੇ, ਇੱਕ ਵੱਡੀ ਤਾਕਤ ਨਹੀਂ ਬਣਨ ਦੇਣਾ ਚਾਹੁੰਦਾ ਸੀ। ਚੰਦੂ ਨੂੰ ਜਹਾਂਗੀਰ ਨੇ ਇੱਕ ਮੋਹਰਾ ਬਣਾ ਕੇ, ਬਦਨਾਮ ਕਰ ਦਿੱਤਾ ਅਤੇ ਸਤਿਗੁਰੂ ਜੀ ਦੀ ਸ਼ਹੀਦੀ ਕਰਵਾ ਦਿੱਤੀ। ਇਹ ਉਹ ਸੱਚਾਈ ਹੈ, ਜੋ ਕੋਈ ਦੱਸਦਾ ਨਹੀਂ ਹੈ। ਸੋ ਆਪਾਂ ਨੂੰ ਇਹ ਸਮਝਣ ਦੀ ਲੋੜ ਹੈ ਕਿ ਸਤਿਗੁਰੂ ਜੀ ਦੀ ਸ਼ਹੀਦੀ ਦਾ ਕਾਰਨ ਬਾਦਸ਼ਾਹ ਜਹਾਂਗੀਰ ਸੀ; ਚੰਦੂ ਨਹੀਂ ਸੀ।

ਸਤਿਗੁਰੂ ਜੀ ਦੀ ਸ਼ਹੀਦੀ ਦਾ ਦੂਸਰਾ ਕਾਰਨ ਹੈ ਕਿ ਸਾਡਾ ਸਿੱਖਾਂ ਦਾ ਰਾਜ ਨਹੀਂ ਸੀ। ਇਸ ਕਰ ਕੇ, ਮੇਰੀ ਸਾਰੇ ਸਿੱਖ ਵੀਰਾਂ ਨੂੰ ਬੇਨਤੀ ਹੈ: ਆਪਸੀ ਮੱਤ-ਭੇਦ ਭੁਲਾ ਕੇ, ਰਾਜਨੀਤੀ ਵਿੱਚ ਆਓ, ਰਾਜ ਲਓ ਅਤੇ ਰਾਜ ਕਰੋ। ਰਾਜ ਕੇਵਲ ਨੈਤਿਕਤਾ ਜਾਂ ਧਰਮ ਕਾਰਜਾਂ ਨਾਲ ਲੈਣਾ ਅਤੇ ਕਰਨਾ ਸੰਭਵ ਨਹੀਂ। ਇਹ ਵੀ ਕੌੜੀ ਸੱਚਾਈ ਹੈ ਕਿ ਰਾਜ ਰਾਜਨੀਤੀ ਨਾਲ ਮਿਲਦਾ ਹੈ, ਰਾਜਨੀਤੀ ਨਾਲ ਹੀ ਚੱਲਦਾ ਹੈ। ਅਤੇ, ਰਾਜਨੀਤੀ ਵਿੱਚ ਘੱਟ ਤੋਂ ਘੱਟ 50% ਅਨੈਤਿਕ ਅਤੇ ਕੁਕਰਮ ਕਰਨੇ ਹੀ ਪੈਂਦੇ ਹਨ; ਤਾਂ ਹੀ ਰਾਜ ਮਿਲਦਾ ਹੈ ਅਤੇ ਚੱਲਦਾ ਹੈ; ਭਾਵੇਂ ਸਮਾਜ ਇਸ ਢੰਗ ਨੂੰ ਕਿੰਨਾ ਵੀ ਅਨੈਤਿਕ ਅਤੇ ਅਪਰਾਧਿਕ ਮੰਨਦਾ ਹੋਵੇ। ਇਸ ਕਰ ਕੇ ਸਿੱਖ ਵੀਰੋ, ਰਾਜਨੀਤੀ ਵਿੱਚ ਆਓ, ਰਾਜ ਲਓ ਅਤੇ ਰਾਜ ਕਰੋ; ਤਾਂ ਕਿ ਐਸੇ ਕਸ਼ਟ ਮੁੜ ਕੇ ਕਿਸੇ ਨੂੰ ਵੀ ਨਾ ਆਉਣ।

# ਲਾਪਤਾ ਪੰਜਾਬੀਆਂ ਦੀ ਭਾਲ ਲਈ ਇਰਾਨੀ ਅਧਿਕਾਰੀਆਂ ਦੇ ਸੰਪਰਕ 'ਚ: ਵਿਦੇਸ਼ ਮੰਤਰਾਲਾ

**ਨਵੀਂ ਦਿੱਲੀ, 2 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**



ਵਿਦੇਸ਼ ਮੰਤਰਾਲੇ ਦੇ ਤਰਜਮਾਨ ਰਣਧੀਰ ਜੈਸਵਾਲ ਨੇ ਵੀਰਵਾਰ ਨੂੰ ਕਿਹਾ ਕਿ ਭਾਰਤ ਸਰਕਾਰ ਇਰਾਨ ਵਿੱਚ ਲਾਪਤਾ ਤਿੰਨ ਭਾਰਤੀ ਨਾਗਰਿਕਾਂ ਦਾ ਪਤਾ ਲਗਾਉਣ ਅਤੇ ਇਰਾਨੀ ਪੱਖ ਤੋਂ ਚੰਗਾ ਸਹਿਯੋਗ ਪ੍ਰਾਪਤ ਕਰਨ ਲਈ ਇਰਾਨੀ ਅਧਿਕਾਰੀਆਂ ਦੇ ਸੰਪਰਕ ਵਿੱਚ ਹੈ। ਵੀਰਵਾਰ ਨੂੰ ਇੱਕ ਪ੍ਰੈਸ ਬ੍ਰੀਫਿੰਗ ਨੂੰ ਸੰਬੋਧਨ ਕਰਦਿਆਂ ਜੈਸਵਾਲ ਨੇ ਕਿਹਾ ਕਿ ਉਹ ਲਾਪਤਾ ਤਿੰਨ ਵਿਅਕਤੀਆਂ ਦੇ ਪਰਿਵਾਰਕ ਮੈਂਬਰਾਂ ਨੂੰ ਹਰ ਸੰਭਵ ਮਦਦ ਦੇ ਰਹੇ ਹਨ।

ਜਦੋਂ ਉਨ੍ਹਾਂ ਤੋਂ ਪੁੱਛਿਆ ਗਿਆ ਕਿ ਭਾਰਤ ਸਰਕਾਰ ਨੂੰ ਇਰਾਨ ਵਿੱਚ ਲਾਪਤਾ ਹੋਏ ਤਿੰਨ ਭਾਰਤੀਆਂ ਦੇ ਨਾਲ ਹੀ ਕੀ ਇਸ ਗੱਲ ਦੀ ਜਾਣਕਾਰੀ ਹੈ ਕਿ ਪਿਛਲੇ ਕੁਝ ਮਹੀਨਿਆਂ ਤੋਂ ਲਗਾਤਾਰ ਇਸ ਤਰ੍ਹਾਂ ਦੀਆਂ ਘਟਨਾਵਾਂ ਹੋ ਰਹੀਆਂ ਹਨ ਅਤੇ ਲੋਕਾਂ ਨੂੰ ਪਾਕਿਸਤਾਨ ਤੋਂ ਫਿਰੌਤੀ ਦੇ ਫੋਨ ਆ ਰਹੇ ਹਨ।

ਉਨ੍ਹਾਂ ਜਵਾਬ ਦਿੱਤਾ, ਤੁਸੀਂ ਇਰਾਨ ਵਿੱਚ ਸਾਡੇ ਦੂਤਾਵਾਸ ਦੁਆਰਾ ਦਿੱਤਾ ਗਿਆ ਬਿਆਨ ਵੀ ਦੇਖਿਆ ਹੋਵੇਗਾ। ਕੁਝ ਸਮਾਂ ਪਹਿਲਾਂ ਉੱਥੇ ਪਹੁੰਚੇ ਤਿੰਨ ਭਾਰਤੀ ਨਾਗਰਿਕ ਲਾਪਤਾ ਹਨ ਅਤੇ ਅਸੀਂ ਉਨ੍ਹਾਂ ਦੀ ਸੁਰੱਖਿਆ ਅਤੇ ਅਖ਼ੀਰ ਘਰ ਵਾਪਸੀ ਲਈ ਉਨ੍ਹਾਂ ਨੂੰ ਲੱਭਣ ਲਈ ਇਰਾਨੀ ਅਧਿਕਾਰੀਆਂ ਦੇ ਸੰਪਰਕ ਵਿੱਚ ਹਾਂ। ਅਸੀਂ ਉੱਥੇ ਦੇ ਅਧਿਕਾਰੀਆਂ ਨਾਲ ਰੋਜ਼ਾਨਾ ਸੰਪਰਕ ਵਿੱਚ ਹਾਂ।"

ਜੈਸਵਾਲ ਨੇ ਕਿਹਾ, "ਸਾਨੂੰ ਇਰਾਨੀ ਪਾਸੇ ਤੋਂ ਚੰਗਾ ਸਹਿਯੋਗ ਮਿਲ ਰਿਹਾ ਹੈ। ਅਤੇ ਅਸੀਂ ਪਰਿਵਾਰਾਂ ਦੇ ਸੰਪਰਕ ਵਿੱਚ ਵੀ ਹਾਂ। ਸਪੱਸ਼ਟ ਤੌਰ 'ਤੇ, ਅਜਿਹੀਆਂ ਸਥਿਤੀਆਂ ਵਿੱਚ ਪਰਿਵਾਰਕ ਮੈਂਬਰਾਂ ਦੀ ਆਪਣੀ ਚਿੰਤਾ ਆਦਿ ਹੁੰਦੀ ਹੈ। ਇਸ ਲਈ, ਅਸੀਂ ਹਰ ਸੰਭਵ ਮਦਦ ਕਰ ਰਹੇ ਹਾਂ। ਉਮੀਦ ਹੈ ਕਿ, ਅਸੀਂ ਇਸ ਸਥਿਤੀ ਵਿੱਚ ਆਪਣੀ ਪੂਰੀ ਕੋਸ਼ਿਸ਼ ਕਰ ਸਕਾਂਗੇ।

# ਵਿਧਾਇਕ ਗੁਰਲਾਲ ਘਨੌਰ ਵੱਲੋਂ ਸਰਕਾਰੀ ਸਕੂਲਾਂ 'ਚ ਹੋਏ ਵਿਕਾਸ ਕਾਰਜ ਵਿਦਿਆਰਥੀਆਂ ਨੂੰ ਸਮਰਪਿਤ

## ਸਰਕਾਰੀ ਸਕੂਲਾਂ 'ਤੇ ਲੱਗੀ ਕਰੋੜਾਂ ਰੁਪਏ ਦੀ ਰਾਸ਼ੀ ਵਿਦਿਆਰਥੀਆਂ ਦਾ ਭਵਿੱਖ ਸੁਰੱਖਿਅਤ ਕਰੇਗੀ : ਗੁਰਲਾਲ ਘਨੌਰ



**ਘਨੌਰ/ਰਾਜਪੁਰਾ 2 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**

ਹਲਕਾ ਘਨੌਰ ਦੇ ਵਿਧਾਇਕ ਗੁਰਲਾਲ ਘਨੌਰ ਵੱਲੋਂ ਸਰਕਾਰੀ ਪ੍ਰਾਇਮਰੀ ਸਕੂਲ ਫਰੀਦਪੁਰ ਜੱਟਾਂ ਅਤੇ ਸਰਕਾਰੀ ਪ੍ਰਾਇਮਰੀ ਸਕੂਲ ਜੰਡ ਮੰਗੌਲੀ 'ਚ ਲਗਭਗ 20 ਲੱਖ ਰੁਪਏ ਦੀ ਗ੍ਰਾਂਟ ਨਾਲ ਬਣੇ ਵਿਕਾਸ ਕਾਰਜ ਵਿਦਿਆਰਥੀਆਂ ਨੂੰ ਸਮਰਪਿਤ ਕੀਤੇ ਗਏ।

ਜ਼ਿਕਰਯੋਗ ਹੈ ਕਿ ਸਕੂਲ ਫਰੀਦਪੁਰ ਜੱਟਾਂ ਵਿੱਚ 9.47 ਲੱਖ ਰੁਪਏ ਦੀ ਲਾਗਤ ਨਾਲ ਸਮਾਰਟ ਫ਼ਰਨੀਚਰ ਅਤੇ ਚਾਰਦੀਵਾਰੀ ਬਣਾਈ ਗਈ, ਜਦਕਿ ਸਕੂਲ ਜੰਡ ਮੰਗੌਲੀ ਵਿੱਚ 10.70 ਲੱਖ ਰੁਪਏ ਦੀ ਲਾਗਤ ਨਾਲ ਸਮਾਰਟ ਕਲਾਸਰੂਮ ਅਤੇ ਚਾਰਦੀਵਾਰੀ ਦੀ ਨਿਰਮਾਣ ਹੋਇਆ ਹੈ। ਸਮਾਰੋਹ ਦੀ ਸ਼ੁਰੂਆਤ ਵਿਦਿਆਰਥੀਆਂ ਵੱਲੋਂ ਭੰਗੜਾ, ਗਿੱਧਾ ਤੇ ਹੋਰ ਸਭਿਆਚਾਰਕ ਪ੍ਰਸਤੁਤੀਆਂ ਨਾਲ ਹੋਈ। ਸਕੂਲ ਮੁਖੀ ਸੰਦੀਪ ਕੁਮਾਰ ਅਤੇ ਸਲੀਮ ਖਾਂ ਨੇ ਮੁੱਖ ਮਹਿਮਾਨਾਂ ਅਤੇ ਪਤਵੰਤੇ ਸੱਜਣਾਂ ਦਾ ਸਵਾਗਤ ਕਰਦਿਆਂ ਉਨ੍ਹਾਂ ਨੂੰ ਯਾਦਗਾਰੀ ਚਿੰਨ੍ਹ ਭੇਟ ਕੀਤੇ।

ਵਿਧਾਇਕ ਗੁਰਲਾਲ ਘਨੌਰ ਨੇ ਆਪਣੇ ਸੰਬੋਧਨ ਵਿੱਚ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਅਤੇ ਸਿੱਖਿਆ ਮੰਤਰੀ ਹਰਜੋਤ ਸਿੰਘ ਬੈਂਸ ਦੀ ਅਗਵਾਈ ਹੇਠ ਪੰਜਾਬ ਸਰਕਾਰ ਗੁਣਵੱਤਾਪੂਰਨ ਸਿੱਖਿਆ ਨੂੰ ਤਰਜੀਹ ਦੇ ਰਹੀ ਹੈ।

ਉਨ੍ਹਾਂ ਕਿਹਾ ਕਿ ਸਰਕਾਰੀ ਸਕੂਲਾਂ 'ਤੇ ਲੱਗੀ ਕਰੋੜਾਂ ਰੁਪਏ ਦੀ ਰਾਸ਼ੀ ਵਿਦਿਆਰਥੀਆਂ ਦਾ ਭਵਿੱਖ ਸੁਰੱਖਿਅਤ ਕਰੇਗੀ।

ਉਨ੍ਹਾਂ ਨੇ ਚੰਗੇ ਨਤੀਜੇ ਲਿਆਉਣ ਵਾਲੇ ਵਿਦਿਆਰਥੀਆਂ ਦੀ ਸ਼ਲਾਘਾ ਵੀ ਕੀਤੀ। ਇਸ ਮੌਕੇ ਹਲਕਾ ਸਿੱਖਿਆ ਕੋਆਰਡੀਨੇਟਰ ਦੌਲਤ ਰਾਮ, ਬੀ. ਐਨ. ਓ. ਹਰਪ੍ਰੀਤ ਸਿੰਘ, ਬੀ. ਪੀ. ਈ. ਓ. ਸੁਰਜੀਤ ਸਿੰਘ, ਸਕੂਲ ਹੈੱਡ ਟੀਚਰ, ਸਰਪੰਚਾਂ, ਕੌਂਸਲਰਾਂ ਅਤੇ ਇਲਾਕੇ ਦੇ ਪਤਵੰਤੇ ਸੱਜਣ ਵੀ ਹਾਜ਼ਰ ਰਹੇ।

# ਸਿੱਖਿਆ ਵਿਭਾਗ ਨੇ ਰਾਜ ਪੱਧਰੀ ਵਿਗਿਆਨ ਪ੍ਰਦਰਸ਼ਨੀ ਲਗਾਈ

## ਵਿਦਿਆਰਥੀਆਂ ਦੀ ਵਿਗਿਆਨਕ ਸੋਚ ਨੂੰ ਹੋਰ ਵਿਕਸਤ ਕਰਨ 'ਚ ਸਹਾਈ ਹੁੰਦੀਆਂ ਨੇ ਪ੍ਰਦਰਸ਼ਨੀਆਂ : ਸਹਾਇਕ ਡਾਇਰੈਕਟਰ

**ਪਟਿਆਲਾ, 2 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**



ਸਿੱਖਿਆ ਵਿਭਾਗ ਵੱਲੋਂ ਵਿਦਿਆਰਥੀਆਂ ਦੀ ਵਿਗਿਆਨਕ ਸੋਚ ਨੂੰ ਹੋਰ ਵਿਕਸਤ ਕਰਨ ਦੇ ਮਕਸਦ ਨਾਲ ਪਟਿਆਲਾ ਦੇ ਮੈਰੀਟੋਰੀਅਸ ਸਕੂਲ ਵਿਖੇ ਇੰਸਪਾਇਰ ਐਵਾਰਡ ਰਾਜ ਪੱਧਰੀ ਪ੍ਰਦਰਸ਼ਨੀ ਅਤੇ ਪ੍ਰੋਜੈਕਟ ਪ੍ਰਤੀਯੋਗਤਾ ਕਰਵਾਈ ਗਈ।

ਸਕੱਤਰ ਸਕੂਲ ਸਿੱਖਿਆ ਅਨਿੰਦਿਤਾ ਮਿੱਤਰਾ ਦੀ ਦੇਖ-ਰੇਖ ਹੇਠ ਇਸ ਪ੍ਰਤੀਯੋਗਤਾ ਵਿੱਚ ਪੰਜਾਬ ਦੇ ਵੱਖ-ਵੱਖ ਜ਼ਿਲ੍ਹਿਆਂ ਤੋਂ ਚੁਣੇ ਗਏ 42 ਵਿਦਿਆਰਥੀਆਂ ਨੇ ਆਪਣੇ ਵਿਗਿਆਨਕ ਮਾਡਲਾਂ ਦੀ ਪ੍ਰਦਰਸ਼ਨੀ ਲਗਾ ਕੇ ਆਪਣੀ ਸੋਚ, ਰਚਨਾਤਮਕਤਾ ਅਤੇ ਤਕਨੀਕੀ ਹੁਨਰ ਦਾ ਪ੍ਰਦਰਸ਼ਨ ਕੀਤਾ।

ਸਮਾਗਮ ਦੀ ਸ਼ੁਰੂਆਤ ਸਹਾਇਕ ਡਾਇਰੈਕਟਰ ਰਾਜ ਵਿੱਦਿਅਕ ਖੋਜ ਅਤੇ ਸਿਖਲਾਈ ਪ੍ਰੀਸ਼ਦ ਪੰਜਾਬ ਰਾਜੀਵ ਕੁਮਾਰ ਵੱਲੋਂ ਕੀਤੀ ਗਈ, ਜਿਨ੍ਹਾਂ ਨੇ ਆਪਣੇ ਭਾਸ਼ਣ ਦੌਰਾਨ ਇੰਸਪਾਇਰ ਅਵਾਰਡ ਮੁਕਾਬਲਿਆਂ ਨੂੰ ਵਿਦਿਆਰਥੀਆਂ ਦੀ ਵਿਗਿਆਨਕ ਸੋਚ ਅਤੇ ਨਵੀਨ ਆਵਿਸ਼ਕਾਰਾਂ ਦਾ ਅਧਾਰ ਦੱਸਿਆ। ਉਨ੍ਹਾਂ ਕਿਹਾ ਕਿ ਅਜਿਹੀਆਂ ਪ੍ਰਤਿਯੋਗਤਾਵਾਂ ਰਾਹੀਂ ਨੌਜਵਾਨ ਵਿਗਿਆਨ ਦੀ ਦੁਨੀਆ ਵੱਲ ਆਕਰਸ਼ਿਤ ਹੋ ਰਹੇ ਹਨ ਅਤੇ ਭਵਿੱਖ ਵਿੱਚ ਉੱਚ ਪੱਧਰ ਦੇ ਖੋਜਕਾਰ ਬਣਨ ਦੇ ਸਹੀ ਰਾਹ 'ਤੇ ਹਨ।

ਜ਼ਿਲ੍ਹਾ ਸਿੱਖਿਆ ਅਫ਼ਸਰ ਸੈਕੰਡਰੀ ਸਿੱਖਿਆ ਪਟਿਆਲਾ ਸੰਜੀਵ ਸ਼ਰਮਾ ਨੇ ਵੀ ਵਿਦਿਆਰਥੀਆਂ ਦਾ ਉਤਸ਼ਾਹ ਵਧਾਉਂਦਿਆਂ ਕਿਹਾ ਕਿ ਵਿਗਿਆਨ ਨੂੰ ਸਿਰਫ਼ ਕਿਤਾਬਾਂ ਤੱਕ ਸੀਮਤ ਨਾ ਰੱਖੀਏ, ਬਲਕਿ ਇਸ ਨੂੰ ਵਰਤੋ ਯੋਗ ਅਤੇ ਸਮਾਜਿਕ ਮਸਲਿਆਂ ਦੇ ਹੱਲ ਵਜੋਂ ਵਿਕਸਤ ਕਰੀਏ।

ਪ੍ਰਿੰਸੀਪਲ ਡਾਈਟ ਨਾਭਾ ਸੰਦੀਪ ਨਾਗਰ ਨੇ ਜੇਤੂ ਵਿਦਿਆਰਥੀਆਂ ਨੂੰ ਵਧਾਈ ਦਿੱਤੀ ਅਤੇ ਸਾਰੇ ਭਾਗ ਲੈਣ ਵਾਲੇ ਵਿਦਿਆਰਥੀਆਂ ਨੂੰ ਕਿਹਾ ਕਿ ਉਹਨਾਂ ਇਸ ਪ੍ਰਤੀਯੋਗਤਾ ਵਿੱਚ ਭਾਗ ਲੈ ਕੇ ਆਪਣੇ ਜੀਵਨ ਵਿੱਚ ਹੋਰ ਜ਼ਿਆਦਾ ਸਿੱਖਣ ਦਾ ਯਤਨ ਕੀਤਾ ਹੈ।

ਪ੍ਰਤੀਯੋਗਤਾ ਦੇ ਦੌਰਾਨ ਜੱਜਮੈਂਟ ਦੀ ਭੂਮਿਕਾ ਅਨੰਤ ਗੁਪਤਾ, ਅਮਰਦੀਪ ਸਿੰਘ ਅਤੇ ਸੁਖਪਾਲ ਸਿੰਘ ਨੇ ਨਿਭਾਈ। ਉਨ੍ਹਾਂ ਨੇ ਵਿਦਿਆਰਥੀਆਂ ਦੇ ਮਾਡਲਾਂ ਨੂੰ ਨਿਰਪੱਖਤਾ ਅਤੇ ਤਕਨੀਕੀ ਮਾਪਦੰਡਾਂ ਦੇ ਅਧਾਰ 'ਤੇ ਮੁਲਾਂਕਣ ਕਰਦਿਆਂ ਰਾਸ਼ਟਰੀ ਪੱਧਰ ਤੇ ਸ਼ਮੂਲੀਅਤ ਕਰਨ ਲਈ ਵਧੀਆ ਮਾਡਲਾਂ ਦੀ ਚੋਣ ਕੀਤੀ। ਇਹਨਾਂ ਵਿੱਚ ਕਰਮਵੀਰ ਸਿੰਘ ਅੰਮ੍ਰਿਤਸਰ, ਅਰਪਿਤ ਕਪੂਰ ਅਤੇ ਹਰਜਿੰਦਰ ਸਿੰਘ ਦੋਵੇਂ ਲੁਧਿਆਣਾ, ਮਨਮੀਤ ਕੌਰ ਬਠਿੰਡਾ ਅਤੇ ਖੁਸ਼ੀ ਪਟਿਆਲਾ ਸ਼ਾਮਲ ਹਨ। ਇਹਨਾਂ ਵਿੱਚ ਜ਼ਿਲ੍ਹਾ ਪਟਿਆਲਾ ਦੇ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਘਨੌਰ ਦਾ ਮਾਡਲ ਵੀ ਰਾਸ਼ਟਰੀ ਇੰਸਪਾਇਰ ਅਵਾਰਡ ਮੁਕਾਬਲੇ ਲਈ ਚੁਣਿਆ ਗਿਆ।

ਇਸ ਮੌਕੇ ਗੁਰਵੀਰ ਕੌਰ, ਪ੍ਰਿੰਸੀਪਲ ਦੀਪ ਮਾਲਾ ਗੋਇਲ, ਮਨਦੀਪ ਕੌਰ, ਸੁਨੀਲ ਕੁਮਾਰ, ਗਗਨਦੀਪ ਕੌਰ, ਜੀਵਨ ਕੁਮਾਰ, ਰਾਜਿੰਦਰ ਸਿੰਘ ਖਹਿਰਾ, ਜਸਵਿੰਦਰ ਸਿੰਘ, ਲਲਿਤ ਮੌਦਗਿਲ, ਰਾਜਿੰਦਰ ਸਿੰਘ ਚਾਨੀ, ਜਸਪਾਲ ਸ਼ਰਮਾ ਅਤੇ ਨਤਾਲੀਆ ਸੂਦ ਸਮੇਤ ਵੱਖ-ਵੱਖ ਸਕੂਲਾਂ ਦੇ ਅਧਿਆਪਕ ਅਤੇ ਪ੍ਰਿੰਸੀਪਲ ਵੀ ਮੌਜੂਦ ਰਹੇ।

# ਸ਼ਹੀਦਾਂ ਦੇ ਸਿਰਤਾਜ ਸ਼੍ਰੀ ਗੁਰੂ ਅਰਜਨ ਦੇਵ ਜੀ ਦੇ ਸ਼ਹੀਦੀ ਦਿਹਾੜੇ ਤੇ ਪੰਛੀਆਂ ਲਈ ਡੋਂਗੇ ਵੰਡਣ ਦਾ ਫੈਸਲਾ



**ਬਠਿੰਡਾ, 2 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**

ਅੱਜ ਦੇ ਇਸ ਦਿਖਾਵੇ ਅਤੇ ਚਕਾਚੌਂਧ ਵਾਲੇ ਯੁੱਗ ਵਿੱਚ ਹਰ ਇਨਸਾਨ ਚਾਹੁੰਦਾ ਹੈ ਕਿ ਸਮਾਜ ਵਿੱਚ ਉਸ ਦਾ ਇੱਕ ਨਾਮ ਅਤੇ ਇੱਕ ਸਮਾਜ ਸੇਵੀ ਦੇ ਤੌਰ ਤੇ ਪਹਿਚਾਣ ਬਣੇ ਆਪਣੇ ਇਸੇ ਆਸੇ ਦੀ ਪੂਰਤੀ ਲਈ ਇਨਸਾਨ ਉਹਨਾਂ ਵੱਡੀਆਂ ਵੱਡੀਆਂ ਥਾਵਾਂ ਤੇ ਜਾ ਕੇ ਮੋਟਾ ਦਾਨ ਚੜਾਵਾ ਅਤੇ ਸੋਨਾ ਭੇਟ ਕਰਦਾ ਹੈ ਜਿੱਥੇ ਪਹਿਲਾਂ ਹੀ ਵੱਡੇ ਵੱਡੇ ਮਹਿਲ ਉਸਰੇ ਪਏ ਹਨ। ਪਰ ਕਿਸੇ ਲੋੜਵੰਦ, ਲਾਚਾਰ ਜਾਂ ਬੇਜੁਬਾਨ ਪਸ਼ੂ ਪੰਛੀਆਂ ਲਈ ਖਾਣਾ ਪਾਣੀ ਮੁਹਈਆ ਕਰਾਉਣਾ, ਜਿਹੜੀ ਕਿ ਅਸਲ ਦੇ ਵਿੱਚ ਸੱਚੀ ਸੇਵਾ ਹੈ ਇਸ ਤੋਂ ਜਿਆਦਾਤਰ ਇਨਸਾਨ ਮੁਨਕਰ ਹੁੰਦੇ ਜਾ ਰਹੇ। ਪਰ ਅੱਜ ਵੀ ਕੁਝ ਅਜਿਹੀਆਂ ਸੰਸਥਾਵਾਂ ਹਨ ਜਿਹੜੀਆਂ ਕਿ ਅਸਲ ਲੋੜਵੰਦ ਵਿਅਕਤੀਆਂ ਜਾਂ ਫਿਰ ਬੇਜੁਬਾਨ ਪਸ਼ੂ ਪੰਛੀਆਂ ਦੀ ਸੇਵਾ ਲਈ ਤਤਪਰ ਰਹਿੰਦੀਆਂ ਹਨ। ਐਸੀ ਹੀ ਇੱਕ ਸੰਸਥਾ ਹੈ ਆਸ ਵੈਲਫੇਅਰ ਸੋਸਾਇਟੀ।

ਆਸ ਵੈਲਫੇਅਰ ਸੋਸਾਇਟੀ ਬਠਿੰਡਾ ਦੀ ਪ੍ਰਧਾਨ ਗੀਤੂ ਸਵੇਰਾ ਵੱਲੋਂ ਸਮਾਜਸੇਵੀ ਕੰਮਾਂ ਵਿੱਚ ਆਪਣੇ ਸਹਿਯੋਗੀਆਂ ਦੀ ਮੱਦਦ ਨਾਲ ਵੱਧ-ਚੜ੍ਹਕੇ ਹਿੱਸਾ ਪਾਇਆ ਜਾਂਦਾ ਹੈ। ਸ਼ਹਿਰ ਬਠਿੰਡਾ ਵਿੱਚ ਉਸਨੂੰ ਬਹੁਤਾ ਫਰੀ ਟਿਊਸ਼ਨ ਵਾਲੀ ਮੈਡਮ ਦੇ ਨਾਉਂ ਨਾਲ ਵੀ ਜਾਣਿਆ ਜਾਂਦਾ ਹੈ। ਕਿਉਂਕਿ ਕਾਫੀ ਸਮਾਂ ਪਹਿਲਾਂ ਉਸਨੇ ਸਿਰਫ ਦੋ ਬੱਚਿਆਂ ਨੂੰ ਟਿਊਸ਼ਨ ਪੜਾਉਣ ਦੇ ਸਿਲਸਿਲੇ ਤੋਂ ਸਮਾਜਸੇਵਾ ਸ਼ੁਰੂ ਕਰਕੇ ਹੁਣ ਉਸ ਕੋਲ ਬੱਚਿਆਂ ਦੀ ਤਾਦਾਦ ਕਾਫੀ ਵੱਧ ਗਈ ਹੈ। ਜਿਨ੍ਹਾਂ ਵਿੱਚ ਜਿਆਦਾਤਰ ਮਜਦੂਰ ਤੇ ਲੋੜਵੰਦ ਵਰਗ ਦੇ ਬੱਚੇ - ਬੱਚੀਆਂ ਸ਼ਾਮਿਲ ਹਨ। ਸੋਸਾਇਟੀ ਵੱਲੋਂ ਇਹਨਾਂ ਬੱਚਿਆਂ ਦੇ ਭਵਿੱਖ ਲਈ ਕੀਤੇ ਜਾਂਦੇ ਉਪਰਾਲੇ ਦੇ ਨਾਲ - ਨਾਲ ਹਰੇਕ ਨੂੰ ਆਪਣੀ ਸਿਹਤ ਸੰਭਾਲ ਪ੍ਰਤੀ ਜਾਗਰੂਕ ਕਰਨ ਲਈ ਮੈਡੀਕਲ ਕੈਂਪ ਵੀ ਲਾਏ ਜਾਂਦੇ ਹਨ। ਬੀਤੇ ਦਿਨੀਂ ਆਸ ਵੈਲਫੇਅਰ ਸੋਸਾਇਟੀ ਦੀ ਇੱਕ ਅਹਿਮ ਮੀਟਿੰਗ ਸਥਾਨਕ ਟੀਚਰਜ਼ ਹੋਮ ਵਿਖੇ ਉੱਘੇ ਗਾਇਕ ਅਤੇ ਆਮ ਆਦਮੀ ਪਾਰਟੀ ਐਸ.ਸੀ. ਵਿੰਗ ਦੇ ਜਿਲ੍ਹਾ ਪ੍ਰਧਾਨ ਬਲਵੀਰ ਚੋਟੀਆਂ ਦੀ ਪ੍ਰਧਾਨਗੀ ਹੇਠ ਕੀਤੀ ਗਈ। ਜਿਸ ਵਿੱਚ ਸੋਸਾਇਟੀ ਪ੍ਰਧਾਨ ਗੀਤੂ ਸਵੇਰਾ ਤੋਂ ਇਲਾਵਾ ਪ੍ਰਿੰਸੀਪਲ ਸ਼ਾਰਧਾ ਚੌਪੜਾ , ਕਵਿੱਤਰੀ ਸੋਨੀ ਸੰਧੂ , ਅਮਨਦੀਪ ਸਿੰਘ ਸਿਵੀਆਂ , ਅਜੀਤ ਕੁਮਾਰ ਮਹਿਤਾ , ਬੂਟਾ ਸਿੰਘ , ਗੁਰਨਾਮ ਸਿੰਘ , ਸੱਤਪਾਲ ਮਾਨ ਅਤੇ ਲੇਖਕ ਰਣਬੀਰ ਰਾਣਾ ਨੇ ਸ਼ਮੂਲੀਅਤ ਕਰਕੇ ਸੋਸਾਇਟੀ ਦੀਆਂ ਗਤੀਵਿਧੀਆਂ ਸਬੰਧੀ ਵਿਚਾਰ ਵਟਾਂਦਰਾ ਕੀਤਾ ਗਿਆ।

ਇਸ ਮੀਟਿੰਗ ਵਿੱਚ ਸਭਨਾਂ ਵੱਲੋਂ ਸ਼੍ਰੀ ਗੁਰੂ ਅਰਜਨ ਦੇਵ ਜੀ ਦੇ ਸ਼ਹੀਦੀ ਦਿਹਾੜੇ ਤੇ ਬਠਿੰਡਾ ਦੇ ਸ਼੍ਰੀ ਕਿਲਾ ਸਾਹਿਬ ਵਿਖੇ ਪੰਛੀਆਂ ਲਈ ਡੋਂਗੇ ਵੰਡਣ ਦਾ ਫੈਸਲਾ ਕੀਤਾ ਗਿਆ ਅਤੇ ਜਲਦ ਹੀ ਇਨ੍ਹਾਂ ਕਾਰਜਾਂ 'ਚ ਹੋਰ ਵਧਕੇ ਸੇਵਾ ਕਰਨ ਸਬੰਧੀ ਵਿਉਂਤਬੰਦੀ ਵੀ ਕੀਤੀ ਗਈ। ਇਸ ਮੀਟਿੰਗ ਵਿੱਚ ਪ੍ਰਿੰਸੀਪਲ ਸ਼ਾਰਧਾ ਚੌਪੜਾ ਨੇ ਵਾਇਦਾ ਕੀਤਾ ਕਿ ਇਸ ਸੰਸਥਾ ਦੇ ਉੱਚ ਵਿੱਦਿਆ ਪ੍ਰਾਪਤ ਕਰਨ ਵਾਲੇ ਵਿਦਿਆਰਥੀਆਂ ਨੂੰ ਉਹ ਖੁਦ ਆਪਣੇ ਸਾਰੇ ਖਰਚੇ ਤੇ ਉਹਨਾਂ ਨੂੰ ਸਿੱਖਿਆ ਮੁਹੱਈਆ ਕਰੇਗੀ। ਤਾਂ ਜੋ ਇਹ ਬੱਚੇ ਆਉਣ ਵਾਲੇ ਸਮੇਂ ਲਈ ਸਾਡਾ ਭਵਿੱਖ ਬਣ ਸਕਣ। ਇਸੇ ਤਰ੍ਹਾਂ ਹੋਰਨਾਂ ਮੈਂਬਰਾਂ ਨੇ ਵੀ ਅਜਿਹੇ ਸ਼ੁਭ ਕੰਮਾਂ ਵਿੱਚ ਆਪਣਾ - ਆਪਣਾ ਯੋਗਦਾਨ ਪਾਉਣ ਲਈ ਵਾਇਦਾ ਕੀਤਾ।

# ਆਈ.ਟੀ.ਆਈ ਵਿਖੇ ਲੱਗੇ ਪਲੇਸਮੈਂਟ ਕੈਂਪ 'ਚ 286 ਉਮੀਦਵਾਰਾਂ ਦੀ ਪਹਿਲੇ ਰਾਊਂਡ 'ਚ ਹੋਈ ਚੋਣ




**ਪਟਿਆਲਾ, 2 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**

ਡਿਪਟੀ ਕਮਿਸ਼ਨਰ ਡਾ. ਪ੍ਰੀਤੀ ਯਾਦਵ ਦੀ ਅਗਵਾਈ ਹੇਠ ਜ਼ਿਲ੍ਹਾ ਰੋਜ਼ਗਾਰ ਅਤੇ ਕਾਰੋਬਾਰ ਬਿਊਰੋ ਵੱਲੋਂ ਸਰਕਾਰੀ ਆਈ.ਟੀ.ਆਈ ਨਾਭਾ ਰੋਡ ਪਟਿਆਲਾ ਵਿਖੇ ਇੱਕ ਮੈਗਾ ਪਲੇਸਮੈਂਟ ਕੈਂਪ ਲਗਾਇਆ ਗਿਆ। ਇਸ ਮੈਗਾ ਕੈਂਪ ਵਿੱਚ ੪੦ ਤੋਂ ਵੱਧ ਨਾਮਵਰ ਕੰਪਨੀਆਂ ਨੇ ਭਾਗ ਲਿਆ। ਇਸ ਕੈਂਪ ਵਿੱਚ ਪਟਿਆਲਾ ਜ਼ਿਲ੍ਹੇ ਦੇ ੩੧੩ ਪ੍ਰਾਰਥੀਆਂ ਵੱਲੋਂ ਭਾਗ ਲੈ ਕੇ ਵੱਖ-ਵੱਖ ਅਸਾਮੀਆਂ ਲਈ ਇੰਟਰਵਿਊ ਦਿੱਤੀ ਗਈ ਅਤੇ ਕੰਪਨੀਆਂ ਵੱਲੋਂ ੨੮੬ ਪ੍ਰਾਰਥੀਆਂ ਦੀ ਪਹਿਲੇ ਰਾਊਂਡ ਵਿੱਚ ਚੋਣ ਕੀਤੀ ਗਈ।

ਇਸ ਬਾਰੇ ਵਧੇਰੇ ਜਾਣਕਾਰੀ ਦਿੰਦੇ ਹੋਏ ਡਿਪਟੀ ਡਾਇਰੈਕਟਰ ਮੇਜਰ ਹਰਪ੍ਰੀਤ ਸਿੰਘ ਮਾਨਸ਼ਾਹੀਆ ਨੇ ਦੱਸਿਆ ਕਿ ਵਿਭਾਗ ਵੱਲੋਂ ਵੱਧ ਤੋਂ ਵੱਧ ਬੇਰੁਜ਼ਗਾਰ ਨੌਜਵਾਨਾਂ ਨੂੰ ਨੌਕਰੀਆਂ ਦਿਵਾਉਣ ਜਾਂ ਉਨ੍ਹਾਂ ਵੱਲੋਂ ਆਪਣਾ ਕੋਈ ਕਾਰੋਬਾਰ ਸ਼ੁਰੂ ਕਰਨ ਦਾ ਉਪਰਾਲਾ ਕੀਤਾ ਜਾ ਰਿਹਾ ਹੈ। ਇਸ ਲਈ ਜ਼ਿਲ੍ਹੇ ਵਿੱਚ ਵੱਖ-ਵੱਖ ਥਾਵਾਂ ਤੇ ਰੋਜ਼ਗਾਰ ਕੈਂਪ ਲਗਾਏ ਜਾ ਰਹੇ ਹਨ।

ਇਸ ਮੌਕੇ ਤੇ ਦੇਸ਼ ਭਗਤ ਯੂਨੀਵਰਸਿਟੀ ਦੇ ਵਾਈਸ ਚਾਂਸਲਰ, ਸਰਕਾਰੀ ਆਈ.ਟੀ.ਆਈ ਲੜਕੇ ਦੇ ਪ੍ਰਿੰਸੀਪਲ ਅਤੇ ਜ਼ਿਲ੍ਹਾ ਰੋਜ਼ਗਾਰ ਅਤੇ ਕਾਰੋਬਾਰ ਬਿਊਰੋ ਪਟਿਆਲਾ ਦੇ ਅਧਿਕਾਰੀਆਂ ਵੱਲੋਂ ਕੰਪਨੀਆਂ ਦਾ ਇਸ ਮੇਲੇ ਵਿੱਚ ਭਾਗ ਲੈਣ ਲਈ ਧੰਨਵਾਦ ਕੀਤਾ ਗਿਆ ਅਤੇ ਪ੍ਰਾਰਥੀਆਂ ਨੂੰ ਉਤਸ਼ਾਹਿਤ ਕੀਤਾ ਗਿਆ।

# ਨਸ਼ਾ ਮੁਕਤੀ ਯਾਤਰਾ ਨੂੰ ਪਟਿਆਲਾ ਜ਼ਿਲ੍ਹੇ 'ਚ ਮਿਲ ਰਿਹੈ ਭਰਵਾਂ ਹੁੰਗਾਰਾ : ਡਾ. ਬਲਬੀਰ ਸਿੰਘ

**ਪਟਿਆਲਾ, 2 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**



ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਵੱਲੋਂ ਸ਼ੁਰੂ ਕੀਤੀ ਨਸ਼ਾ ਮੁਕਤੀ ਯਾਤਰਾ ਤਹਿਤ ਸਿਹਤ ਤੇ ਪਰਿਵਾਰ ਭਲਾਈ ਮੰਤਰੀ ਡਾ. ਬਲਬੀਰ ਸਿੰਘ ਵੱਲੋਂ ਅੱਜ ਪਿੰਡ ਸਿੱਧੂਵਾਲ, ਬਖਸ਼ੀਵਾਲਾ, ਕਾਠ ਮੱਠੀ, ਲਚਕਾਣੀ, ਲੰਗ ਤੇ ਸਿਊਣਾ ਵਿੱਚ ਬਣੀਆਂ ਵਿਲੇਜ ਡਿਫੈਂਸ ਕਮੇਟੀਆਂ ਤੇ ਪਿੰਡ ਵਾਸੀਆਂ ਨਾਲ ਮੀਟਿੰਗਾਂ ਕੀਤੀਆਂ ਗਈਆਂ ਅਤੇ ਉਨ੍ਹਾਂ ਨਾਲ ਨਸ਼ਿਆਂ ਦੇ ਖ਼ਾਤਮੇ ਦਾ ਅਹਿਦ ਲਿਆ ਗਿਆ।

ਇਸ ਮੌਕੇ ਸੰਬੋਧਨ ਕਰਦਿਆਂ ਡਾ. ਬਲਬੀਰ ਸਿੰਘ ਨੇ ਕਿਹਾ ਕਿ ਨਸ਼ਿਆਂ ਦੇ ਖ਼ਾਤਮੇ ਲਈ ਸੂਬਾ ਸਰਕਾਰ ਵੱਲੋਂ ਸ਼ੁਰੂ ਕੀਤੀ ਨਸ਼ਾ ਮੁਕਤੀ ਯਾਤਰਾ ਨੂੰ ਪਟਿਆਲਾ ਜ਼ਿਲ੍ਹੇ ਵਿੱਚ ਭਰਵਾਂ ਹੁੰਗਾਰਾ ਮਿਲ ਰਿਹਾ ਹੈ। ਲੋਕ ਆਪ ਮੁਹਾਰੇ ਅੱਗੇ ਆ ਕੇ ਇਸ ਯਾਤਰਾ ਦਾ ਹਿੱਸਾ ਬਣ ਰਹੇ ਹਨ ਅਤੇ ਪੰਜਾਬ ਵਿੱਚੋਂ ਨਸ਼ੇ ਦੀਆਂ ਜੜ੍ਹਾਂ ਪੁੱਟਣ ਲਈ ਦਿਨ ਰਾਤ ਇੱਕ ਕਰ ਕੇ ਕੰਮ ਵੀ ਕਰਨ ਲੱਗ ਪਏ ਹਨ, ਹੁਣ ਉਹ ਦਿਨ ਦੂਰ ਨਹੀਂ ਜਦੋਂ ਸੂਬੇ ਵਿੱਚੋਂ ਨਸ਼ਿਆਂ ਦਾ ਖ਼ਾਤਮਾ ਮੁਕੰਮਲ ਤੌਰ ਉੱਤੇ ਹੋ ਜਾਵੇਗਾ।

ਡਾ. ਬਲਬੀਰ ਸਿੰਘ ਨੇ ਪਿੰਡਾਂ ਦੀਆਂ ਡਿਫੈਂਸ ਕਮੇਟੀਆਂ ਨੂੰ ਕਿਹਾ ਕਿ ਸੂਬੇ ਵਿੱਚੋਂ ਨਸ਼ਿਆਂ ਦੇ ਖ਼ਾਤਮੇ ਲਈ ਸਰਕਾਰ ਵੱਲੋਂ ਕੀਤੇ ਜਾ ਰਹੇ ਉਪਰਾਲਿਆਂ ਵਿੱਚ ਵੱਧ ਤੋਂ ਵੱਧ ਸਹਿਯੋਗ ਦਿੱਤਾ ਜਾਵੇ ਅਤੇ ਪਿੰਡ ਵਾਸੀਆਂ ਨੂੰ ਨਿਰੰਤਰ ਨਸ਼ੇ ਖ਼ਿਲਾਫ਼ ਲੜੀ ਜਾ ਰਹੀ ਜੰਗ ਵਿੱਚ ਇੱਕਜੁੱਟ ਹੋ ਕੇ ਸਰਕਾਰ ਦਾ ਸਹਿਯੋਗ ਦੇਣ ਲਈ ਪ੍ਰੇਰਤ ਕੀਤਾ ਜਾਵੇ। ਉਨ੍ਹਾਂ ਲੋਕਾਂ ਨੂੰ ਅਪੀਲ ਕੀਤੀ ਕਿ ਨਸ਼ਿਆਂ ਦੇ ਆਦੀ ਵਿਅਕਤੀਆਂ ਦਾ ਨਸ਼ਾ ਛੁਡਵਾਉਣ ਲਈ ਉਨ੍ਹਾਂ ਨੂੰ ਸਰਕਾਰੀ ਨਸ਼ਾ ਛੁਡਾਊ ਕੇਂਦਰਾਂ ਵਿੱਚ ਲਿਆਂਦਾ ਜਾਵੇ, ਜਿੱਥੇ ਨਸ਼ਿਆਂ ਦੀ ਦਲਦਲ ਵਿੱਚ ਫਸੇ ਵਿਅਕਤੀਆਂ ਦਾ ਪੰਜਾਬ ਸਰਕਾਰ ਵੱਲੋਂ ਮੁਫ਼ਤ ਅਤੇ ਢੁਕਵਾਂ ਇਲਾਜ ਕੀਤਾ ਜਾਂਦਾ ਹੈ।

ਉਨ੍ਹਾਂ ਕਿਹਾ ਕਿ ਸੂਬੇ ਦੀ ਨੌਜਵਾਨੀ ਹੁਣ ਨਸ਼ਿਆਂ ਦੀ ਦਲਦਲ ਵਿੱਚੋਂ ਨਿਕਲ ਰਹੀ ਹੈ ਅਤੇ ਪੰਜਾਬ ਮੁੜ ਤੋਂ ਸਿਹਤਮੰਦ ਪੰਜਾਬ ਬਣਨ ਵੱਲ ਵਧ ਰਿਹਾ ਹੈ। ਉਨ੍ਹਾਂ ਕਿਹਾ ਕਿ ਨਸ਼ੇ ਦੇ ਸੌਦਾਗਰਾਂ ਨੂੰ ਹੁਣ ਕਿਸੇ ਦੀ ਵੀ ਸਿਆਸੀ ਸ਼ਹਿ ਪ੍ਰਾਪਤ ਨਹੀਂ ਹੈ। ਉਨ੍ਹਾਂ ਕਿਹਾ ਪੰਜਾਬ ਸਰਕਾਰ ਨੇ ਪੁਲਿਸ ਵਿਭਾਗ ਅਤੇ ਹੋਰ ਸਬੰਧਿਤ ਵਿਭਾਗਾਂ ਨੂੰ ਇਹ ਸਖ਼ਤ ਹਦਾਇਤ ਦਿੱਤੀ ਹੈ ਕਿ ਨਸ਼ਿਆਂ ਦਾ ਵਪਾਰੀ ਭਾਵੇਂ ਕਿਸੇ ਵੀ ਪਰਿਵਾਰ ਨਾਲ ਸਬੰਧ ਰੱਖਦਾ ਹੋਵੇ, ਉਸ ਨੂੰ ਬਖ਼ਸ਼ਿਆ ਨਾ ਜਾਵੇ। ਉਨ੍ਹਾਂ ਕਿਹਾ ਕਿ ਰਾਜ ਸਰਕਾਰ ਨਸ਼ਿਆਂ ਖ਼ਿਲਾਫ਼ ਇਹ ਫ਼ੈਸਲਾਕੁਨ ਯੁੱਧ ਅਵਾਮ ਦੇ ਸਹਿਯੋਗ ਨਾਲ ਜ਼ਰੂਰ ਜਿੱਤੇਗੀ। ਇਸ ਮੌਕੇ ਨਸ਼ਾ ਮੁਕਤੀ ਮੋਰਚੇ ਦੇ ਪਟਿਆਲਾ ਦਿਹਾਤੀ ਦੇ ਕੁਆਰਡੀਨੇਟਰ ਯਾਦਵਿੰਦਰ ਗੋਲਡੀ, ਹਰਪਾਲ ਸਿੰਘ ਵਿਰਕ, ਜੈ ਸ਼ੰਕਰ ਸਮੇਤ ਵੱਖੋ-ਵੱਖ ਵਿਭਾਗਾਂ ਦੇ ਅਧਿਕਾਰੀ, ਡਿਫੈਂਸ ਕਮੇਟੀਆਂ ਦੇ ਮੈਂਬਰ, ਪੰਚ ਸਰਪੰਚ ਅਤੇ ਵੱਡੀ ਗਿਣਤੀ ਵਿੱਚ ਇਲਾਕਾ ਵਾਸੀ ਹਾਜ਼ਰ ਸਨ।

# ਪੰਜਾਬ ਸਿੱਖਿਆ ਕ੍ਰਾਂਤੀ ਤਹਿਤ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਗੱਜੂਮਾਜਰਾ ਵਿਖੇ ਉਦਘਾਟਨ ਸਮਾਗਮ

**ਸਮਾਣਾ, 2 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**



ਸਕੂਲ ਸਿੱਖਿਆ ਮੰਤਰੀ ਹਰਜੋਤ ਸਿੰਘ ਬੈਂਸ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਜਿਲ੍ਹਾ ਸਿੱਖਿਆ ਅਫਸਰ ਸੈਕੰਡਰੀ ਸੰਜੀਵ ਕੁਮਾਰ ਸ਼ਰਮਾ, ਉਪ ਸਿੱਖਿਆ ਅਫਸਰ ਸੈਕੰਡਰੀ ਰਵਿੰਦਰ ਪਾਲ ਸ਼ਰਮਾ ਦੀ ਅਗਵਾਈ ਅਤੇ ਪ੍ਰਿੰਸੀਪਲ ਦਿਆਲ ਸਿੰਘ ਦੇ ਤਾਲਮੇਲ ਨਾਲ ਕਰਵਾਇਆ ਗਿਆ। ਇਸ ਸਮਾਗਮ ਦੌਰਾਨ ਸਕੂਲ ਵਿੱਚ ਬਣਾਈ ਗਈ ਚਾਰ ਦੀਵਾਰੀ ਅਤੇ ਕਿਚਨ ਸ਼ੈੱਡ ਦਾ ਉਦਘਾਟਨ ਹਲਕਾ ਸਮਾਣਾ ਦੇ ਵਿਧਾਇਕ ਚੇਤਨ ਸਿੰਘ ਜੌੜਾਮਾਜਰਾ ਅਤੇ ਚੇਅਰਮੈਨ ਮਾਰਕੀਟ ਕਮੇਟੀ ਸਮਾਣਾ ਬਲਕਾਰ ਸਿੰਘ ਗੱਜੂਮਾਜਰਾ ਨੇ ਕੀਤਾ । ਪ੍ਰਿੰਸੀਪਲ ਦਿਆਲ ਸਿੰਘ, ਗੁਰਪਿੰਦਰ ਕੌਰ, ਸੰਜੀਵ ਕੁਮਾਰ ਗੁਪਤਾ, ਸੁਖਰਾਜ ਕੁਮਾਰ ਲੱਕੀ, ਹਰਵਿੰਦਰ ਸਿੰਘ, ਜਸਵਿੰਦਰ ਕੌਰ, ਜਸਵਿੰਦਰ ਸਿੰਘ ਨੇ ਮੁੱਖ ਮਹਿਮਾਨ ਦਾ ਸਵਾਗਤ ਕੀਤਾ। ਉਦਘਾਟਨੀ ਸਮਾਰੋਹ ਮੌਕੇ ਚੇਤਨ ਸਿੰਘ ਜੌੜਾਮਾਜਰਾ ਨੇ ਕਿਹਾ ਕਿ ਮੌਜੂਦਾ ਸਮੇਂ ਪੰਜਾਬ ਦੇ ਸਰਕਾਰੀ ਸਕੂਲਾਂ ਅੰਦਰ ਕਿਸੇ ਵੀ ਤਰ੍ਹਾਂ ਦੀ ਕੋਈ ਘਾਟ ਨਹੀਂ ਹੈ।

ਸਕੂਲਾਂ ਅੰਦਰ ਬੁਨਿਆਦੀ ਢਾਂਚੇ ਸਮੇਤ ਪੂਰੀ ਗਿਣਤੀ ਵਿੱਚ ਅਧਿਆਪਕ ਤੈਨਾਤ ਹਨ, ਤਾਂ ਜੋ ਵਿਦਿਆਰਥੀ ਬਿਨਾਂ ਕਿਸੇ ਪਰੇਸ਼ਾਨੀ ਦੇ ਪੜਾਈ ਕਰ ਸਕਣ। ਉਨ੍ਹਾਂ ਨੇ ਕਿਹਾ ਕਿ ਪੰਜਾਬ ਸਰਕਾਰ ਸਿੱਖਿਆ ਵਿੱਚ ਸੁਧਾਰ ਕਰਨ ਨੂੰ ਵਿਸ਼ੇਸ਼ ਤਰਜੀਹ ਦੇ ਰਹੀ ਹੈ, ਇਸ ਦੇ ਤਹਿਤ ਸੂਬੇ ਭਰ ਚ ਪੰਜਾਬ ਸਿੱਖਿਆ ਕ੍ਰਾਂਤੀ ਮੁਹਿੰਮ ਆਰੰਭੀ ਗਈ ਹੈ ਅਤੇ ਹਰ ਸਕੂਲ ਵਿੱਚ ਜਾ ਕੇ ਹੱਲ ਕੀਤਾ ਜਾ ਰਿਹਾ ਹੈ ਤੇ ਸਕੂਲਾਂ ਵਿੱਚ ਵੱਡੇ ਪੱਧਰ 'ਤੇ ਵਿਕਾਸ ਕਾਰਜ ਕਰਵਾਏ ਜਾ ਰਹੇ ਹਨ।

# ਪਿੰਡ ਹਸਨਪੁਰ ਕੰਬੋਆ ਦੀ ਪੰਚਾਇਤ ਵਲੋਂ ਹਟਾਏ ਜਾ ਰਹੇ ਨਜਾਇਜ਼ ਕਬਜ਼ੇ

**ਸਨੌਰ, 2 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**

ਸਨੌਰ ਦੇ ਪਿੰਡ ਹਸਨਪੁਰ ਕੰਬੋਆ ਦੀ ਗ੍ਰਾਮ ਪੰਚਾਇਤ ਵਲੋਂ ਹਲਕਾ ਵਿਧਾਇਕ ਹਰਮੀਤ ਸਿੰਘ ਪਠਾਣਮਾਜਰਾ ਦੇ ਨਿਰਦੇਸ਼ ਅਤੇ ਡੀ ਡੀ ਪੀ ਓ ਪਟਿਆਲਾ ਵੱਲੋ ਜਾਰੀ ਕਬਜ਼ਾ ਵਾਰੰਟ ਤਹਿਤ ਪਿੰਡ ਦੀ ਪੰਚਾਇਤ ਦੇ ਸਰਪੰਚ ਜਸਬੀਰ ਸਿੰਘ ਜੱਸੀ ਅਤੇ ਆਪ ਆਗੂ ਮਨਜੀਤ ਸਿੰਘ ਜੀਤੂ, ਨੰਬਰਦਾਰ ਕ੍ਰਿਪਾਲ ਸਿੰਘ, ਮਲਕੀਤ ਸਿੰਘ ਮੱਲੀ ਰਜਿੰਦਰ ਸਿੰਘ ਥਿੰਦ, ਕ੍ਰਿਪਾਲ ਸਿੰਘ, ਗੁਰਮੁੱਖ ਸਿੰਘ, ਨਛਤਰ ਸਿੰਘ ਅਤੇ ਪਿੰਡ ਦੇ ਮੋਹਤਬਰਾਂ ਦੀ ਅਗਵਾਈ ਹੇਠ ਪਿੰਡ ਦੇ ਸ਼ਮਸ਼ਾਨ ਘਾਟ ਤੋਂ ਧਾਰਮਿਕ ਸਥਾਨ ਪੀਰ ਬਾਬਾ ਦੀ ਸਮਾਧ ਨੂੰ ਜਾਣ ਵਾਲੇ 24 ਫੁੱਟ ਚੋੜੇ ਰਸਤੇ ਤੇ 50 ਸਾਲਾ ਤੋਂ ਚਲ ਰਹੇ ਨਜਾਇਜ਼ ਕਬਜ਼ੇ ਤੇ ਉਸਰਿਆ ਨੂੰ ਬਿਨਾਂ ਕਿਸੇ ਭੇਦਭਾਵ ਤੋ ਜੇ ਸੀ ਬੀ ਅਤੇ ਟਰੈਕਟਰਾਂ ਨਾਲ ਹਟਾ ਕੇ ਰਸਤੇ ਤੋਂ ਰਸਤੇ ਤੇ ਮਿੱਟੀ ਪਾ ਕੇ ਰਸਤੇ ਨੂੰ ਚੋੜਾ ਕਰਵਾਇਆ ਗਿਆ। ਇਸ ਮੌਕੇ ਥਾਣਾ ਜੁਲਕਾ ਦੇ ਐਸ ਐਚ ਓ ਗੁਰਪ੍ਰੀਤ ਸਿੰਘ ਭਿੰਡਰ ਦੀ ਅਗਵਾਈ ਹੇਠ ਪੁਲਿਸ ਟੀਮ ਮੌਜੂਦ ਰਹੀ। ਦਸਣਯੋਗ ਹੈ ਕਿ ਪਹਿਲਾ ਵੀ ਪਿਛਲੀਆਂ ਪੰਚਾਇਤਾਂ ਇਸ ਰਸਤੇ ਤੋਂ ਨਜਾਇਜ਼ ਕਬਜ਼ੇ ਹਟਾਉਣ ਦੀ ਕੋਸ਼ਿਸ਼ ਕੀਤੀ ਗਈ ਸੀ ਲੇਕਿਨ ਉਹ ਨਜਾਇਜ਼ ਕਬਜ਼ੇ ਹਟਾਉਣ ਚ ਅਸਫ਼ਲ ਰਹੀ। ਪਿੰਡ ਦੇ ਸਰਪੰਚ ਜਸਬੀਰ ਸਿੰਘ ਜੱਸੀ ਨੇ ਕਿਹਾ ਪਿੰਡ ਵਾਸੀਆ ਦੇ ਸਹਿਯੋਗ ਨਾਲ ਸਰਕਾਰੀ ਅਤੇ ਪੰਚਾਇਤ ਦੀਆ ਥਾਵਾਂ ਤੋਂ ਕਬਜ਼ੇ ਹਟਾਏ ਜਾਣਗੇ।

# ਸੰਵਿਧਾਨ ਬਚਾਓ ਰੈਲੀ ਨੂੰ ਲੈ ਕੇ ਵਰਕਰਾਂ 'ਚ ਭਾਰੀ ਉਤਸ਼ਾਹ : ਗੁਰਸ਼ਰਨ ਕੌਰ ਰੰਧਾਵਾ



**ਪਟਿਆਲਾ, 2 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**

ਮੁਸਲਿਮ ਸਮਾਜ ਦੇ ਜ਼ਿਲ੍ਹਾ ਪਟਿਆਲਾ ਦੇ ਪ੍ਰਧਾਨ ਦਿਲਬਰ ਖਾਨ ਨੇ ਗੱਲਬਾਤ ਕਰਦਿਆਂ ਕਿਹਾ ਕਿ 31 ਮਈ ਦੀ ਪਟਿਆਲਾ ਵਿਖੇ ਕੀਤੀ ਜਾਣ ਵਾਲੀ ਸੰਵਿਧਾਨ ਬਚਾਓ ਰੈਲੀ ਨੂੰ ਲੈ ਕੇ ਵਰਕਰਾਂ 'ਚ ਭਾਰੀ ਉਤਸ਼ਾਹ ਦੇਖਣ ਨੂੰ ਮਿਲ ਰਿਹਾ ਹੈ।

ਉਨ੍ਹਾਂ ਕਿਹਾ ਕਿ ਕੇਂਦਰ ਸਰਕਾਰ ਸਾਡੇ ਸੰਵਿਧਾਨ ਨੂੰ ਜੋ ਕਿ ਲੋਕਤੰਤਰੀ ਤੇ ਜਮਹੂਰੀ ਕਦਰਾਂ ਕੀਮਤਾਂ, ਧਰਮ ਨਿਰਪੱਖਤਾ, ਸਮਾਜਿਕ ਬਰਾਬਰਤਾ ਅਤੇ ਭਾਈਚਾਰਕ ਸਦਭਾਵਨਾ ਦੀ ਗਾਰੰਟੀ ਅਤੇ ਆਪਣੇ ਨਾਗਰਿਕਾਂ ਨੂੰ ਨਿਆ ਸਮਾਨਤਾ ਅਤੇ ਆਜ਼ਾਦੀ ਦਾ ਭਰੋਸਾ ਦਿੰਦਾ ਹੈ ਅਤੇ ਮੂਲ ਭਾਵਨਾ ਨੂੰ ਕੇਂਦਰ ਦੀ ਮੋਦੀ ਸਰਕਾਰ ਨਸ਼ਟ ਕਰਨਾ ਚਾਹੁੰਦੀ ਹੈ ਪਰ ਕਾਂਗਰਸ ਅਜਿਹਾ ਨਹੀਂ ਹੋਣ ਦਵੇਗੀ।

ਦਿਲਬਰ ਖਾਨ ਬਾਦਸ਼ਾਹਪੁਰ ਨੇ ਕਿਹਾ ਕਿ ਕੇਂਦਰ ਸਰਕਾਰ ਦੀਆਂ ਇਨ੍ਹਾਂ ਕੋਝੀਆਂ ਚਾਲਾਂ ਨੂੰ ਨਕਾਮ ਬਣਾਉਣ ਲਈ ਕੁੱਲ ਹਿੰਦ ਕਾਂਗਰਸ ਵਰਕਿੰਗ ਕਮੇਟੀ ਵੱਲੋਂ ਦੇਸ਼ ਅੰਦਰ ਸੰਵਿਧਾਨ ਬਚਾਓ ਮੁਹਿੰਮ ਦਾ ਆਗਾਜ਼ ਕੀਤਾ ਗਿਆ ਹੈ।

ਇਸ ਤਹਿਤ ਪਟਿਆਲਾ ਵਿਖੇ ਹੋਣ ਵਾਲੀ ਰੈਲੀ ਮਹਿਲਾਂ ਕਾਂਗਰਸ ਦੀ ਸੂਬਾ ਪ੍ਰਧਾਨ ਗੁਰਸ਼ਰਨ ਕੌਰ ਰੰਧਾਵਾ ਜੀ ਦੀ ਅਗਵਾਈ ਵਿੱਚ ਰੰਧਾਵਾ ਟੀਮ ਦਿਲੋ ਜਾਨ ਲਾ ਕੇ ਰੈਲੀ ਕਾਮਯਾਬ ਕਰੇਗੀ।

# ਮੇਅਰ ਕੁੰਦਨ ਗੋਗੀਆ ਨੇ ਲੋਕਾਂ ਨੂੰ ਤੰਦਰੁਸਤ, ਸਿਹਤਯਾਬੀ ਅਤੇ ਦੇਹ ਅਰੋਗਤਾ ਦੇ ਉਪਰਾਲੇ ਕਰਨੇ ਕਲੱਬ ਦੀ ਟੀਮ ਵਰਕਿੰਗ ਦੀ ਕੀਤੀ ਪ੍ਰਸੰਸਾ

**ਪਟਿਆਲਾ, 2 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**




ਬਾਰਾਦਰੀ ਗਾਰਡਨ ਪਟਿਆਲਾ ਵਿੱਚ ਫਿਟਨੈਸ ਕਲੱਬ ਪਟਿਆਲਾ ਵੱਲੋਂ ਇਕ ਸਾਲ ਤੋਂ ਲਗਾਤਾਰ ਤੰਦਰੁਸਤ ਰਹਿਣ ਦੀਆਂ ਵਿਧੀਆਂ ਰਾਹੀਂ ਸੇਵਾ ਨਿਭਾ ਰਿਹਾ ਹੈ। ਫਿਟਨੈਸ ਕਲੱਬ ਪਟਿਆਲਾ ਵੱਲੋਂ ਸਾਲਗਿਰਾਹ ਧੂੰਮ ਧਾਮ ਨਾਲ ਕੇਕ ਕੱਟਣ ਦੀ ਰਸਮ ਵਿੱਚ ਮੇਅਰ ਕੁੰਦਨ ਗੋਗੀਆਂ, ਡਿਪਟੀ ਡਾਇਰੈਕਟਰ ਬਾਗਬਾਨੀ ਸ੍ਰੀ ਸੰਦੀਪ ਸਿੰਘ ਗਰੇਵਾਲ, ਡਾ. ਜੀ.ਐਸ. ਆਨੰਦ ਵਲ ਡਾਇਰੈਕਟਰ ਐਨ.ਆਈ.ਐਸ., ਜ਼ਸਵੰਤ ਸਿੰਘ ਕੌਲੀ, ਪ੍ਰਧਾਨ ਹੈਲਥ ਅਵੇਅਰਨੈਸ ਸੁਸਾਇਟੀ ਰਜਿ:, ਹੈਪੀ ਵਰਮਾ ਫਿਟਨੈਸ ਕਲੱਬ ਪਟਿਆਲਾ, ਪ੍ਰਧਾਨ ਤਰਨਜੋਤ ਸਿੰਘ, ਸੋਨੀਆ ਵਰਮਾ, ਨੀਲਮ, ਪਰਮਿੰਦਰ ਸਿੰਘ, ਸੰਜੀਵ , ਨੀਲੂ, ਰਾਜੇਸ਼ ਵਰਮਾ ਆਦਿ ਹਾਜਰ ਸਨ। ਇਸ ਸਮਾਗਮ ਵਿੱਚ ਮੁੱਖ ਮਹਿਮਾਨ ਸ੍ਰੀ ਕੁੰਦਨ ਗੋਗੀਆ ਮੇਅਰ ਪਟਿਆਲਾ ਸਨ। ਜਿਹਨਾਂ ਨੇ ਇਸ ਕਲੱਬ ਦੀਆਂ ਗਤੀਵਿਧੀਆਂ ਨੂੰ ਦੇਖ ਕੇ ਸਾਰੀ ਟੀਮ ਦੀ ਹੌਸਲਾ ਅਫਜਾਈ ਕੀਤੀ ਅਤੇ ਵਧਾਈ ਦਿੱਤੀ। ਲੋਕਾਂ ਨੂੰ ਤੰਦਰੁਸਤ, ਸਿਹਤਯਾਬੀ ਅਤੇ ਦੇਹ ਅਰੋਗਤਾ ਦੇ ਉਪਰਾਲੇ ਕਰਨੇ ਕਲੱਬ ਦੀ ਟੀਮ ਵਰਕਿੰਗ ਦੀ ਪ੍ਰਸੰਸਾ ਕੀਤੀ। ਇਸ ਸਮਾਗਮ ਦੇ ਵਿਸ਼ੇਸ਼ ਮਹਿਮਾਨ ਡਾ. ਸੰਦੀਪ ਸਿੰਘ ਗਰੇਵਾਲ ਡਿਪਟੀ ਡਾਇਰੈਕਟਰ ਬਾਗਬਾਨੀ ਵਿਭਾਗ ਪਟਿਆਲਾ ਸਨ। ਉਹਨਾਂ ਨੇ ਟੀਮ ਦੀ ਵਰਕਿੰਗ ਦੇਖਦਿਆ ਟੀਮ ਨੂੰ ਵਧਾਈ ਦਿੱਤੀ ਅਤੇ ਚੰਗੀ ਸਿਹਤ ਰਖਣ ਸਬੰਧੀ ਕੀਤੇ ਜਾ ਰਹੇ ਕਾਰਜ ਸਬੰਧੀ ਹੌਸਲਾ ਅਫਜਾਈ ਕੀਤੀ ਇਸ ਟੀਮ ਵੱਲੋਂ ਬਾਗਬਾਨੀ ਦੀ ਸਾਫ ਸਫਾਈ ਰੱਖਣ ਸਬੰਧੀ ਵੀ ਸਰਾਹਨਾ ਯੋਗ ਕੰਮ ਦੱਸਿਆ। ਵਿਸ਼ੇਸ਼ ਮਹਿਮਾਨ ਤੌਰ ਤੇ ਪਹੁੰਚੇ ਡਾ. ਜੀ.ਐਸ. ਆਨੰਦ ਸਾਬਕਾ ਡਾਇਰੈਕਟਰ ਐਨ.ਆਈ.ਐਸ. ਨੇ ਇਹਨਾਂ ਦੀਆਂ ਸਿਹਤ ਵਰਧਿਕ ਗਤੀਵਿਧੀਆਂ ਤੇ ਪ੍ਰਸੰਸਾ ਕੀਤੀ ਅਤੇ ਇੱਕ ਸਾਲ ਦੀ ਮਿਹਨਤ ਤੇ ਸਾਲਗਿਰਾਹ ਮਨਾਉਣ ਸਬੰਧੀ ਇੱਕ ਅੱਛੀ ਰਵਾਇਤ ਦੱਸਿਆ। ਆਨੰਦ ਸਾਹਿਬ ਨੇ ਸਾਰੀ ਟੀਮ ਨੂੰ ਵਧਾਈ ਦਿੱਤੀ ਅਤੇ ਇਸੇ ਕਾਰਜ ਨੂੰ ਲਗਾਤਾਰ ਇਕ ਮੁਹਿੰਮ ਦੀ ਤਰ੍ਹਾਂ ਚਲਾਉਣ ਦੀ ਪ੍ਰੇਰਣਾ ਦਿੱਤੀ। ਇਸ ਸਮਾਗਮ ਵਿੱਚ ਉਚੇਚੇ ਤੌਰਤੇ ਪਹੁੰਚੀ ਯੋਗਾ ਇੰਸਟਰੈਕਟਰ ਮਿਸ ਮੰਜੂ ਸਿੰਘ ਅਲਵਰ ਰਾਜਿਸਥਾਨ ਨੇ ਫਿਟਨੈਸ ਕਲੱਬ ਵੱਲੋਂ ਲਗਾਤਾਰ ਇੱਕ ਸਾਲ ਤੋਂ ਲੋਕਾਂ ਨੂੰ ਚੰਗੀ ਸਿਹਤ ਰੱਖਣ ਸਬੰਧੀ ਕਸਰਤਾਂ ਕਰਾਉਣੀਆਂ ਇਕ ਮਹਾਨ ਕਾਰਜ ਦੱਸਿਆ। ਕੁੰਦਨ ਗੋਗੀਆ ਜੀ ਦੀ ਮਿਸਿਜ਼ ਰਜਨੀ ਗੋਗੀਆ ਵੀ ਇਸ ਸਮਾਗਮ ਵਿੱਚ ਹਾਜਿਰ ਸਨ। ਉਨ੍ਹਾਂ ਨੇ ਫਿਟਨੈਸ ਕਲੱਬ ਪਟਿਆਲਾ ਦੀ ਟੀਮ ਮੈਂਬਰਾਂ ਨਾਲ ਉਹਨਾਂ ਦਾ ਵਿਚਾਰ ਜਾਣੇ ਅਤੇ ਮਹੱਤਵਪੂਰਨ ਵਿਚਾਰ ਵਟਾਂਦਰੇ ਕੀਤੇ। ਬਾਰਾਦਰੀ ਦੇ ਇਸ ਸਾਲਗਿਰਾਹ ਮੌਕੇ ਉਪਰ ਹੈਲਥ ਅਵੇਅਰਨੈਸ ਸੁਸਾਇਟੀ ਬਾਰਾਦਰੀ ਗਾਰਡਨਜ ਰਜਿ: ਪਟਿਆਲਾ ਤੋਂ ਜ਼ਸਵੰਤ ਸਿੰਘ ਕੌਲੀ ਪ੍ਰਧਾਨ, ਯੋਗਾ ਪਰਿਵਾਰ ਗਰੁਪ ਟੀ.ਐਸ. ਭਮਰਾ, ਹਰਜੀਤ ਕੌਰ ਰੋਜੀ, ਜ਼ੋਗਿੰਦਰ ਸਿੰਘ ਤੁਲੀ, ਫਰੈਂਡਜ਼ ਬਾਰਾਦਰੀ ਗਾਰਡਨਜ਼ ਜਸਜੀਤ ਰਾਜੂ, ਬਾਰਾਦਗੀ ਵਾਕ ਜੱਗੀ ਗਰੁੱਪ ਤੋਂ ਜਗਦੀਸ਼ ਆਹੂਜਾ, ਸਿੰਮੀ ਭਾਟੀਆ ਭੰਗੜਾ ਗਰੁੱਪ ਤੋਂ ਉਰਵਿੰਦਰ ਕੌਰ, ਨਿਸ਼ੁਲਕ ਯੋਗਾ ਗਰੁੱਪ ਤੋਂ ਐਨ.ਡੀ.ਗੋਇਲ, ਬਟਰ ਫਲਾਈ ਗਰੁੱਪ, ਆਲੀਸ਼ਾਨ ਗਰੁੱਪ ਤੋਂ ਜਨਕ ਰਾਜ ਗੁਪਤਾ, ਪ੍ਰਕਾਸ਼ ਰਾਮ, ਲਕਸ਼ਮੀ ਚੰਦ ਗੁਪਤਾ ਆਦਿ ਹਾਜ਼ਰ ਸਨ। ਇਸ ਸਮਾਗਮ ਵਿੱਚ ਲਗਭਗ 150 ਤੋਂ ਵੱਧ ਸੈਰ ਪ੍ਰੇਮੀਆਂ ਨੇ ਸ਼ਿਰਕਤ ਕੀਤੀ ਅੰਤ ਵਿੱਚ ਆਏ ਮਹਿਮਾਨਾਂ ਲਈ ਚਾਹ, ਲੱਸੀ, ਮਿਠਾਈ ਆਦਿ ਦਾ ਪ੍ਰਬੰਧ ਕੀਤਾ ਗਿਆ।





# ਦੁਨੀਆ 'ਚ ਖ਼ੁਸ਼ੀ ਦਾ ਗਰਾਫ਼

**ਕੁਦਰਤ ਨੇ ਚੁਫ਼ੇਰੇ ਜ਼ਿੰਦਗੀ ਜਿਊਣ ਦਾ ਢੰਗ ਸਮਝਾਉਣ ਦਾ ਜਤਨ ਕੀਤਾ ਹੈ। ਡੂੰਘਾ ਪਾਣੀ ਸ਼ਾਂਤ ਵਹਿੰਦਾ ਹੈ ਪਰ ਥੋੜ੍ਹਾ ਪਾਣੀ ਸ਼ੋਰ ਮਚਾਉਂਦਾ ਲੰਘਦਾ ਹੈ। ਇਹੀ ਵਧੀਆ ਸ਼ਖ਼ਸੀਅਤ ਵਾਲੇ ਇਨਸਾਨ ਦਾ ਗੁਣ ਹੋਣਾ ਚਾਹੀਦਾ ਹੈ। ਪਾਣੀ ਭਾਵੇਂ ਨਿਵਾਣ ਵੱਲ ਵਹੇ ਪਰ ਪੱਥਰ ਚੀਰ ਕੇ ਰਾਹ ਬਣਾ ਸਕਦਾ ਹੈ...**

• ਡਾ. ਹਰਸ਼ਿੰਦਰ ਕੌਰ
0175-2216783

ਅਮਰੀਕਾ ਦੀ ਜੀ.ਡੀ.ਪੀ. ਸਭ ਤੋਂ ਵੱਧ ਹੈ ਪਰ ਜੂਆ, ਇੰਟਰਨੈੱਟ ਦੀ ਹੱਦੋਂ ਵੱਧ ਵਰਤੋਂ, ਸ਼ਰਾਬ, ਵੀਡੀਓ ਗੇਮਾਂ, ਖ਼ਰੀਦੋ ਫਰੋਖ਼ਤ, ਫਾਸਟ ਫੂਡਜ਼, ਆਦਿ ਦੀ ਵੀ ਹੱਦੋਂ ਵੱਧ ਵਰਤੋਂ ਉਨ੍ਹਾਂ ਨੂੰ ਖ਼ੁਸ਼ੀ ਦਾ ਅਹਿਸਾਸ ਕਰਨ ਦਾ ਵਕਤ ਨਹੀਂ ਦਿੰਦੇ। ਇਹ ਲੱਭਿਆ ਗਿਆ ਕਿ ਜਿਹੜੇ ਖ਼ੁਸ਼ ਹੋਣ ਉਹ ਲੋਕਤੰਤਰ ਪਸੰਦ ਕਰਦੇ ਹਨ ਤੇ ਵੋਟ ਪਾਉਂਦੇ ਹਨ।

ਭਾਰਤ ਵਿਚ ਲੋਕ ਖ਼ੁਸ਼ ਕਿਉਂ ਨਹੀਂ ਹਨ? ਕਿਉਂ ਭਾਰਤੀ ਲੋਕਾਂ ਦੀ ਖ਼ੁਸ਼ੀ ਦਾ ਗ੍ਰਾਫ਼ ਹੇਠਾਂ ਜਾ ਰਿਹਾ ਹੈ?

ਭਾਰਤੀ ਸੱਭਿਆਚਾਰ ਵਿਚ ਟੱਬਰ ਨੂੰ ਰੁੰਦ ਕੇ ਰੱਖਣ ਅਤੇ ਜ਼ਿੰਮੇਵਾਰੀਆਂ ਲੱਦਣ ਦਾ ਬਹੁਤ ਵੱਡਾ ਨੁਕਤਾ ਸ਼ਾਮਲ ਹੈ। ਇਸ ਤੋਂ ਇਲਾਵਾ ਸਹੀ ਮੌਕੇ ਦੀ ਉਡੀਕ ਵਿਚ ਲਗਭਗ ਪੂਰੀ ਉਮਰ ਹੀ ਲੰਘਾ ਦਿੱਤੀ ਜਾਂਦੀ ਹੈ। ਇਹ ਸਹੀ ਸਮਾਂ ਜਦੋਂ ਪੜ੍ਹਲੇ ਹੋਵਾਂਗੇ, ਜਦੋਂ ਬੱਚੇ ਹੋਣਗੇ, ਜਦੋਂ ਦੀਵਾਲੀ ਆਏਗੀ, ਜਦੋਂ ਤਨਖ਼ਾਹ ਮਿਲੇਗੀ, ਜਦੋਂ ਗਰਮੀਆਂ ਦੀਆਂ ਛੁੱਟੀਆਂ ਹੋਣਗੀਆਂ ਆਦਿ ਨਾਲ ਸਾਡਾ ਦਿਮਾਗ਼ ਇਹ ਸੋਚ ਪਾਲ ਲੈਂਦਾ ਹੈ ਕਿ ਹਾਲੇ ਮੌਜ ਮਸਤੀ, ਵਿਹਲੇ ਹੋਣ ਜਾਂ ਖ਼ੁਸ਼ ਹੋਣ ਦਾ ਸਹੀ ਸਮਾਂ ਨਹੀਂ ਹੈ।

ਕਈ ਜਣੇ 'ਸਹੀ ਸਮਾਂ' ਰਿਟਾਇਰਮੈਂਟ ਤੋਂ ਬਾਅਦ ਦਾ ਮੰਨ ਲੈਂਦੇ ਹਨ। ਕੁਝ ਘਰ ਬਣ ਜਾਣ ਬਾਅਦ ਨੂੰ ਤੇ ਕੁੱਝ ਵਧੀਆ ਸਰਕਾਰੀ ਨੌਕਰੀ ਹਾਸਲ ਕਰਨ ਤਕ ਉਡੀਕਦੇ ਰਹਿੰਦੇ ਹਨ।

ਅਜਿਹੀ ਮੰਜ਼ਿਲ ਹਾਸਲ ਕਰਨ ਵੇਲੇ ਤਕ ਦਾ ਸਮਾਂ, ਆਪਣੇ ਆਪ ਦੀ ਕੰਮ ਕਰਦੇ ਰਹਿਣ, ਮਿਹਨਤ ਕਰਨ ਤੇ ਤਣਾਓ ਅਧੀਨ ਰਹਿਣ ਉੱਤੇ ਮਜਬੂਰ ਕਰ ਦਿੰਦਾ ਹੈ ਕਿਉਂਕਿ ਦਿਮਾਗ਼ ਸਿਰਫ਼ ਉਸੇ ਨੁਕਤੇ ਉੱਤੇ ਹੀ ਟਿਕ ਜਾਂਦਾ ਹੈ ਕਿ ਖ਼ੁਸ਼ੀ ਮਿਲਣ ਦਾ ਕਾਰਨ ਹਾਲੇ ਹਾਸਲ ਨਹੀਂ ਹੋਇਆ। ਸੋ ਹੋਰ ਨਿੱਠ ਕੇ ਕੰਮ ਕਰਦੇ ਰਹੋ, ਭਾਵੇਂ ਲੁੱਟਾਂ-ਖੋਹਾਂ ਹੀ ਕਿਉਂ ਨਾ ਕਰਨੀਆਂ ਪੈਣ!

ਕਈ ਵਾਰ 'ਉਹ ਸਮਾਂ' ਆਉਂਦਾ ਹੀ ਨਹੀਂ। ਅਜਿਹੀ ਜ਼ਿੰਦਗੀ ਸਿਰਫ਼ ਜੂਝਣ, ਢਹਿੰਦੀ ਕਲਾ ਸਮੇਟਣ ਤੇ ਕੰਮ ਕਾਰ ਕਰਦਿਆਂ ਹੀ ਮੁੱਕ ਜਾਂਦੀ ਹੈ।

'ਜਦੋਂ' ਦੇ ਚੱਕਰਵਿਊ ਵਿਚ ਮਨ ਆਪਣੇ ਆਲੇ-ਦੁਆਲੇ ਦੇ ਖ਼ੁਸ਼ੀ ਦੇ ਮੌਕਿਆਂ ਦਾ ਇਹਸਾਸ ਹੀ ਨਹੀਂ ਕਰ ਸਕਦਾ।

ਅਜਿਹੀ ਹੀ ਇਕ 'ਜਦੋਂ' ਹੁੰਦੀ ਹੈ, ਕਰੋੜਪਤੀ ਬਣਨ ਦੀ ਚਾਹ। ਇਹ ਲੋਕ ਬੱਚੇ ਨੂੰ ਵਿਆਹ ਦੇ ਸਮਾਗਮ ਉੱਤੇ ਵੀ ਆਪਣੇ ਮੋਬਾਈਲ ਉੱਤੇ ਆਪਣੇ ਅਧੀਨ ਕੰਮ ਕਰਦੇ ਲੋਕਾਂ ਨੂੰ ਨਸੀਹਤਾਂ ਦੇਣ, ਹੁਕਮ ਦੇਣ ਜਾਂ ਆਰਡਰ ਮੰਗਵਾਉਣ ਤਕ ਹੀ ਸੀਮਤ ਕਰ ਦਿੰਦੀ ਹੈ। ਆਲੇ-ਦੁਆਲੇ ਖਿੜਕੇ ਹਾਸੇ ਵੀ ਅਜਿਹੇ ਇਨਸਾਨ ਨੂੰ ਸ਼ੋਰ ਸ਼ਰਾਬਾ ਲੱਗਦੇ ਹਨ। ਫ਼ੋਨ ਸੁਣਨ ਲਈ ਦੂਜੇ ਕੰਨ ਉੱਤੇ ਉਂਗਲ ਰੱਖ ਕੇ ਹਾਸੇ ਦੀ ਆਵਾਜ਼ ਬੰਦ ਕਰਨ ਜਾਂ ਉਸ ਥਾਂ ਤੋਂ ਬਾਹਰ ਨਿਕਲਣਾ ਆਮ ਹੀ ਰੁਝਾਨ ਬਣ ਚੁੱਕਿਆ ਹੈ। ਵਿਰਲਾ ਹੀ ਕੋਈ ਵਿਆਹ ਦੇ ਸਮਾਗਮਾਂ ਜਾਂ ਦੋਸਤਾਂ ਵਿਚ ਬਹਿ ਕੇ ਆਪਣਾ ਮੋਬਾਈਲ ਬੰਦ ਕਰਦਾ ਹੈ।

ਬਿਲਕੁਲ ਇਸ ਹੀ ਢੰਗ ਮੁੜਦਿਆਂ ਬੱਚੇ ਨੂੰ ਜੱਫੀ ਪਾਉਂਦਿਆਂ ਫ਼ੋਨ ਵੱਲ ਧਿਆਨ ਤੇ ਬੱਚਾ ਪਰ੍ਹਾਂ ਧੱਕ ਕੇ, ਬੱਚੇ ਨੂੰ ਝਿੜਕ ਕੇ ਚੁੱਪ ਕਰਵਾ ਕੇ, ਆਪਣੇ ਫ਼ੋਨ ਉੱਤੇ ਹਦਾਇਤਾਂ ਦੇਣੀਆਂ ਜਾਂ ਸੁਣਨ ਨੂੰ ਤਰਜੀਹ ਦਿੱਤੀ ਜਾਂਦੀ ਹੈ।

ਜਦੋਂ ਵੀ ਕਰੋੜਪਤੀ ਵਾਲੀ ਸੋਚ ਪੂਰੀ ਹੋ ਜਾਵੇ ਤਾਂ ਹੋਰ ਕਮਾਉਣ ਦੀ ਚਾਹ ਜਕੜ ਲੈਂਦੀ ਹੈ। ਇਸੇ ਤਰ੍ਹਾਂ ਕਰਦਿਆਂ ਸਾਈਕਲ ਦੇ ਪਹੀਏ ਵਾਂਗ ਘੁੰਮਦਿਆਂ ਜ਼ਿੰਦਗੀ ਮੁੱਕ ਜਾਂਦੀ ਹੈ ਪਰ ਕਰੋੜਪਤੀ ਤੋਂ ਖ਼ਰਬਪਤੀ ਬਣਨ ਦਾ ਚੱਕਰ ਨਹੀਂ ਮੁੱਕਦਾ।

ਇਹੋ ਜਿਹੇ ਲੋਕਾਂ ਵੀ ਲੋਕ ਵੇਲੇ ਤਣਾਓ ਅਧੀਨ ਘੁੰਮ ਰਹੇ ਹਨ ਕਿਉਂਕਿ ਇਹ ਸਾਰੇ ਆਪਣੇ 'ਜਦੋਂ' ਦੀ ਸੋਚ ਪੂਰੀ ਕਰਨ ਨੂੰ ਕਾਹਲੇ ਜ਼ਿੰਦਗੀ ਜੀਊਣ ਭਾਰੇ ਭੁੱਲ ਚੁੱਕੇ ਹਨ।

ਇਹੀ ਤਣਾਓ ਤੇ ਹੋਰ ਪਾਉਣ ਦੀ ਚਾਹ ਜਨਮ ਦਿੰਦੀ ਹੈ ਮਾਨਸਿਕ ਤੇ ਸਰੀਰਕ ਰੋਗਾਂ ਨੂੰ। ਕੋਈ ਹਾਰਟ ਅਟੈਕ, ਕੋਈ ਬਲੱਡ ਪ੍ਰੈਸ਼ਰ, ਕੋਈ ਕੈਂਸਰ, ਐਲਰਜੀ, ਚਮੜੀ ਦੇ ਰੋਗ, ਜੋੜਾਂ ਦੇ ਦਰਦ, ਨਿਪੁੰਸਕਤਾ, ਦਮਾ, ਪਸਾ ਮਾਰਿਆ ਜਾਣਾ, ਐਨਜਾਈਨਾ, ਗੰਭੀਰ ਰੋਗ, ਆਦਿ ਨਾਲ ਜੂਝਦਾ ਤੇ ਆਪਣੇ ਨਸੀਬ ਨੂੰ ਕੋਸਦਾ ਹੌਲੀ-ਹੌਲੀ ਕੋਈ ਆਸਰਾ ਭਾਲਣ ਕਿਸੇ ਵੈਦ, ਹਕੀਮ, ਜੋਤਸ਼ੀ ਜਾਂ ਬਾਬੇ ਕੋਲ ਪਹੁੰਚ ਜਾਂਦਾ ਹੈ ਕਿ ਜ਼ਿੰਦਗੀ ਵਿਚ ਖ਼ੁਸ਼ੀ ਹੈ ਹੀ ਨਹੀਂ, ਨਿਰਾ ਕਲੇਸ਼ ਤੇ ਦੁੱਖ ਹੀ ਹੈ! ਫਿਰ ਉਸ ਤੋਂ ਨਿਜਾਤ ਪਾਉਣ ਲਈ ਹਰ ਕਿਸਮ ਦੇ ਢਕੋਸਲੇ ਸ਼ੁਰੂ ਹੋ ਜਾਂਦੇ ਹਨ।

ਕੋਈ ਕਾਲੀ ਦਾਲ ਵੰਡਣ ਦੇ ਚੱਕਰ ਵਿਚ, ਕੋਈ ਅਖੰਡ ਪਾਠ ਕਰਵਾਉਣ, ਕੋਈ ਹਰਿਦੁਆਰ ਜਾਣ ਤੇ ਕੋਈ ਕੀੜੀਆਂ ਨੂੰ ਚੌਲ ਪਾਉਣ ਵੱਲ ਰੁੱਝ ਜਾਂਦਾ ਹੈ। ਇਨ੍ਹਾਂ ਵਿੱਚੋਂ ਕੋਈ ਆਪਣੇ ਹੀ ਬੱਚੇ ਦਾ ਪਹਿਲਾ ਕਦਮ ਪੁੱਟਣ ਉੱਤੇ ਖ਼ੁਸ਼ੀ ਨਾਲ ਝੂਮ ਕੇ ਖਿੜਖਿੜਾ ਕੇ ਹੱਸਦਾ ਨਹੀਂ। ਨਾ ਹੀ ਇਨ੍ਹਾਂ ਵਿੱਚੋਂ ਕਿਸੇ ਨੂੰ ਇਹ ਪਤਾ ਹੁੰਦਾ ਹੈ ਕਿ ਅੱਜ ਉਨ੍ਹਾਂ ਦੇ ਬੱਚੇ ਨੇ ਪੈਨਸਿਲ ਨਾਲ ਪਹਿਲੀ ਟੇਢੀ ਮੇਢੀ ਲਕੀਰ ਕਾਗਜ਼ ਉੱਤੇ ਵਾਹੀ ਹੈ ਜਿਸ ਨੂੰ ਵਿਖਾਉਣ ਲਈ ਬੱਚਾ ਆਪਣੇ ਮਾਪਿਆਂ ਕੋਲ ਰਿੜ੍ਹਦਾ ਆਪਣੀ ਤੋਤਲੀ ਜ਼ਬਾਨ ਨਾਲ ਬੁਲਾਉਂਦਾ, ਮੋਹ ਜਤਾਉਂਦਾ ਘੁੰਮ ਰਿਹਾ ਹੈ।

ਆਪਣੇ ਹੀ ਫ਼ੋਨਾਂ ਵਿਚ ਰੁੱਝੇ, ਇਕ ਦੂਜੇ ਨੂੰ ਮਿਹਣੇ ਮਾਰਦੇ ਤੇ ਆਪਣੀ ਫੁੱਟੀ ਕਿਸਮਤ ਨੂੰ ਕੋਸਦੇ ਬਥੇਰੇ ਜਣੇ ਅਜਿਹੇ ਖ਼ੁਸ਼ੀ ਵਾਲੇ ਪਲ ਮਹਿਸੂਸ ਕਰ ਹੀ ਨਹੀਂ ਸਕਦੇ। ਇਸ ਦੇ ਨਾਲ ਜੁੜ ਜਾਂਦਾ ਹੈ ਦੂਜੇ ਨਾਲ ਆਪਣੇ ਆਪ ਨੂੰ ਮੇਚਣਾ! ਦੂਜੇ ਦੀ ਆਮਦਨ ਮੇਰੇ ਤੋਂ ਵੱਧ, ਦੂਜਾ ਮੇਰੇ ਤੋਂ ਵੱਧ ਖ਼ੁਸ਼, ਉਸ ਦੀ ਵਹੁਟੀ ਸੋਹਣੀ, ਉਸ ਦੀ ਬੇਟੀ ਵਧੀਆ ਨੌਕਰੀ 'ਤੇ, ਉਸ ਦਾ ਘਰ ਵੱਡਾ, ਉਸ ਦੀ ਕਾਰ ਵੱਡੀ, ਉਸ ਕੋਲ ਨੌਕਰ ਵੱਧ, ਰੁਤਬਾ ਵੱਡਾ, ਆਦਿ ਦੀ ਸੋਚ ਮਨ ਦੇ ਕਿਸੇ ਕੋਨੇ ਵਿਚ ਫਸੀ ਰਤਾ ਮਾਸਾ ਖ਼ੁਸ਼ੀ ਵੀ ਬਾਹਰ ਕੱਢ ਕੇ ਸਿਰਫ਼ ਨਿਰਾਸ਼ਾ ਭਰ ਦਿੰਦੇ ਹਨ। ਇੰਜ ਦੂਜੇ ਨੂੰ ਢਾਅ ਲਾਉਣ ਦਾ ਸਿਲਸਿਲਾ ਵੀ ਚਾਲੂ ਹੋ ਜਾਂਦਾ ਹੈ ਕਿ ਦੂਜੇ ਨੂੰ ਹੇਠਾਂ ਖਿੱਚਾਂਗੇ ਤਾਂ ਹੀ ਖ਼ੁਸ਼ੀ ਮਹਿਸੂਸ ਹੋਵੇਗੀ।

ਵੱਡੀ ਪੱਧਰ ਉੱਤੇ ਅਜਿਹੀ ਸੋਚ ਪਸਰੀ ਵੇਖ ਕੇ ਤਣਾਓ ਮੀਟਰ ਨੇ ਆਪਣੇ ਉੱਤੇ ਚੜ੍ਹ ਜਾਣਾ ਹੋਇਆ ਤੇ ਖ਼ੁਸ਼ੀ ਦੇ ਮੀਟਰ ਨੇ ਥੱਲੇ ਉੱਤੇ ਪਹੁੰਚ ਜਾਣਾ ਹੋਇਆ।

ਜਦੋਂ ਕਾਲੀ ਦਾਲ ਵੰਡਣ ਬਾਅਦ ਵੀ ਖ਼ੁਸ਼ੀ ਵਾਪਸ ਨਾ ਮਿਲੇ ਤਾਂ ਖਿਝ ਤੇ ਗੁੱਸੇ ਨਾਲ ਭਰੇ ਕੁਝ ਲੋਕ ਆਪਣੇ ਘਰ ਦੇ ਬੱਚਿਆਂ ਤੇ ਵਹੁਟੀ ਨੂੰ ਮਾਰਨ ਕੁੱਟਣ ਲੱਗ ਪੈਂਦੇ ਹਨ।

ਜਦੋਂ ਗੁੱਸੇ ਤੇ ਖਿਝ ਦੀ ਚਰਮ ਸੀਮਾ ਹੋਵੇ ਤਾਂ ਕਤਲ ਜਾਂ ਬਲਾਤਕਾਰ ਤਕ ਕਰ ਦਿੱਤਾ ਜਾਂਦਾ ਹੈ। ਇਹ ਸਭ ਕਰਨ ਬਾਅਦ ਵੀ ਖ਼ੁਸ਼ੀ ਨਦਾਰਦ! ਖ਼ੁਸ਼ੀ ਹੈ ਤਾਂ ਚੁਫ਼ੇਰੇ ਪਰ ਅਸੀਂ ਮਹਿਸੂਸ ਕਰਨਾ ਭੁੱਲ ਚੁੱਕੇ ਹਾਂ। 'ਹੋਰ' ਤੇ 'ਜਦੋਂ' ਦੇ ਚੱਕਰਵਿਊ ਵਿਚ ਸ਼ੁਕਰਾਨਾ ਕਿਧਰੇ ਗੁੰਮ ਹੋ ਗਿਆ ਹੈ। ਖ਼ੁਸ਼ੀ ਲੱਭਣ ਲਈ ਰਸਤਾ ਭਾਲਦਿਆਂ ਰਸਤੇ ਵਿਚ ਪਈ ਖ਼ੁਸ਼ੀ ਨੂੰ ਮਿੱਧ ਕੇ ਲੰਘ ਜਾਂਦੇ ਹਾਂ।

ਹਰ ਰੋਜ਼ ਸੂਰਜ ਦੀ ਪਹਿਲੀ ਕਿਰਨ ਨਾਲ ਸਾਰੇ ਘਰਾਂ ਵਿਚ ਖ਼ੁਸ਼ੀ ਵੜਦੀ ਹੈ, ਪਰ ਕਿੰਨੇ ਜਣੇ ਮਹਿਸੂਸ ਕਰ ਰਹੇ ਹਨ? ਲੱਖਾਂ ਅੱਜ ਦੇ ਦਿਨ ਦੁਨੀਆ ਭਰ ਵਿਚ ਕੂਚ ਕਰ ਚੁੱਕੇ ਹਨ ਜਾਂ ਜਾਣੇ ਹਨ, ਪਰ ਅਸੀਂ ਅੱਖਾਂ ਖੋਲ੍ਹ ਕੇ ਨਵਾਂ ਦਿਨ ਚੜ੍ਹਦੇ ਵੇਖਿਆ ਹੈ। ਹੋ ਗਏ ਨਾ ਅਸੀਂ ਵਿਲੱਖਣ! ਕਿੰਨੀ ਖ਼ੁਸ਼ੀ ਦੀ ਗੱਲ ਹੈ ਕਿ ਅਸੀਂ ਜ਼ਿੰਦਾ ਹਾਂ! ਜੇ ਜ਼ਿੰਦਾ ਹਾਂ, ਤਾਂ ਹੀ ਕੁਝ ਕਰ ਸਕਾਂਗੇ, ਵਰਨਾ ਤਾਂ ਘਰ ਵਿਚ ਮਾਤਮ ਹੁੰਦਾ! ਇਕ ਹੋਰ ਦਿਨ ਜ਼ਿੰਦਗੀ ਦਾ ਮਿਲ ਗਿਆ! ਜਸ਼ਨ ਦੀ ਗੱਲ ਹੋ ਗਈ। ਇਸ ਦਾ ਮਤਲਬ ਹੈ ਕਿ ਖ਼ੁਸ਼ੀ ਤਾਂ ਅੱਖਾਂ ਖੋਲ੍ਹਦੇ ਹੀ ਮਿਲ ਗਈ।

ਦੂਜੀ ਵੱਡੀ ਗੱਲ! ਅਸੀਂ ਵੇਖ ਸਕਦੇ ਹਾਂ! ਕਿੰਨੇ ਅੱਜ ਦੇ ਦਿਨ ਉੱਠ ਕੇ ਵੇਖ ਨਹੀਂ ਸਕੇ! ਕੁਝ ਸੁਣ ਨਹੀਂ ਸਕੇ, ਕੁਝ ਤੁਰ ਨਹੀਂ ਸਕੇ! ਅਸੀਂ ਵੇਖਿਆ ਵੀ, ਚਿੜੀਆਂ ਦਾ ਚਹਿਕਣਾ ਸੁਣਿਆ ਵੀ ਤੇ ਆਪਣੇ ਪੈਰਾਂ ਉੱਤੇ ਖੜ੍ਹੇ ਵੀ ਹੋ ਸਕੇ ਹਾਂ! ਫਿਰ ਭਲਾ ਹੱਥ ਜੋੜ ਕੇ ਕੁਦਰਤ ਦਾ ਧੰਨਵਾਦ ਕਿਉਂ ਨਹੀਂ ਕੀਤਾ?

ਇਹ ਧੰਨਵਾਦ ਤੇ ਸ਼ੁਕਰਾਨਾ ਹੀ ਖ਼ੁਸ਼ੀ ਦੇ ਮੀਟਰ ਵਿਚ ਵਾਧਾ ਕਰਦਾ ਹੈ। ਅੱਜ ਪੂਰਾ ਦਿਨ ਅਸੀਂ ਤੁਰ ਫਿਰ ਕੇ, ਕੰਮ ਕਰ ਕੇ, ਪੈਸਾ ਕਮਾ ਕੇ ਰਾਤ ਮੰਜੇ ਉੱਤੇ ਪੈ ਸਕੇ ਹਾਂ। ਇਸ ਦਾ ਮਤਲਬ ਹੈ ਅਨੇਕ ਖ਼ੁਸ਼ੀ ਦੇ ਪਲ ਅਸੀਂ ਵੇਖੇ ਹੋਣਗੇ ਪਰ ਮਹਿਸੂਸ ਨਹੀਂ ਕੀਤੇ। ਇਸ ਦਾ ਮਤਲਬ ਹੈ ਕਿ ਰਾਤ ਨੂੰ ਸੌਣ ਤੋਂ ਪਹਿਲਾਂ ਵੀ ਆਪਣੇ ਜ਼ਿੰਦਾ ਰਹਿਣ ਤੇ ਤੰਦਰੁਸਤ ਰਹਿਣ ਦਾ ਸ਼ੁਕਰਾਨਾ ਕਰਨਾ ਚਾਹੀਦਾ ਹੈ।

ਖ਼ੁਸ਼ੀ ਹਾਸਲ ਕਰਨ ਲਈ ਤਾਂ ਏਨਾ ਹੀ ਬਥੇਰਾ ਹੁੰਦਾ ਹੈ ਕਿ ਲੰਘਦੇ ਜਾਂਦੇ ਬੰਦਿਆਂ ਵੱਲ ਵੇਖ ਕੇ ਮੁਸਕਰਾ ਲਿਆ ਜਾਏ। ਜਿਹੜਾ ਫ਼ੋਨ ਤੋਂ ਪਰ੍ਹਾਂ ਹੋਏਗਾ ਤੇ ਖਿੜਦਾ ਖਿੜਦਾ ਨਾ ਲੰਘਿਆ ਹੋਵੇਗਾ, ਉਨ੍ਹਾਂ ਵਿੱਚੋਂ ਕੋਈ ਇਕ ਹੋ ਸਕਦਾ ਹੈ, ਮੁਸਕਾਨ ਦੇ ਬਦਲੇ ਚਿਹਰੇ ਉੱਤੇ ਮੁਸਕਾਨ ਲੈ ਆਵੇ! ਲਓ ਜੀ ਹੋ ਗਿਆ ਸਿਲਸਿਲਾ ਸ਼ੁਰੂ ਖ਼ੁਸ਼ੀ ਹਾਸਲ ਕਰਨ ਦਾ!

ਨਾ ਦਾਲ ਵੰਡਣੀ ਪਈ, ਨਾ ਡੇਰੇ ਦੇ ਗੇੜੇ ਤੇ ਖ਼ੁਸ਼ੀ ਆਪਣੇ ਆਪ ਹਾਸਲ ਹੋ ਗਈ। ਕੰਮ ਕੀ ਕੀਤਾ? ਸਿਰਫ਼ ਮੱਥੇ ਉੱਤੇ ਪਈਆਂ ਤਿਊੜੀਆਂ ਹਟਾ ਕੇ ਬੁੱਲ੍ਹਾਂ ਨੂੰ ਫਰਕਣ ਦੀ ਖੁੱਲ੍ਹ ਦਿੱਤੀ!

ਘਰ ਵਾਪਸ ਪਹੁੰਚ ਕੇ ਬੱਚਿਆਂ ਨੂੰ ਘੁੱਟ ਕੇ ਪਾਈ ਜੱਫੀ ਤੇ ਵਹੁਟੀ ਨਾਲ ਕੀਤੀਆਂ ਦੋ ਪਿਆਰ ਦੀਆਂ ਗੱਲਾਂ ਜਾਂ ਦੋਸਤ ਨਾਲ ਕੀਤਾ ਖ਼ੁਸ਼ੀ ਦਾ ਇਜ਼ਹਾਰ ਹੀ ਮਨ ਨੂੰ ਮਹਿਕਾਉਣ ਲਈ ਬਥੇਰਾ ਹੁੰਦਾ ਹੈ।

ਕੁਦਰਤ ਨੇ ਤਾਂ ਚੁਫ਼ੇਰੇ ਜ਼ਿੰਦਗੀ ਜੀਊਣ ਦਾ ਢੰਗ ਸਮਝਾਉਣ ਦਾ ਜਤਨ ਕੀਤਾ ਪਿਆ ਹੈ। ਡੂੰਘਾ ਪਾਣੀ ਸ਼ਾਂਤ ਵਹਿੰਦਾ ਹੈ ਪਰ ਥੋੜ੍ਹਾ ਪਾਣੀ ਸ਼ੋਰ ਮਚਾਉਂਦਾ ਲੰਘਦਾ ਹੈ। ਇਹੀ ਵਧੀਆ ਸ਼ਖ਼ਸੀਅਤ ਵਾਲੇ ਇਨਸਾਨ ਦਾ ਗੁਣ ਹੋਣਾ ਚਾਹੀਦਾ ਹੈ। ਪਾਣੀ ਭਾਵੇਂ ਨਿਵਾਣ ਵੱਲ ਵਹੇ, ਪਰ ਉਸ ਵਿਚ ਤਾਕਤ ਹੈ ਕਿ ਸਾਹਮਣੇ ਪਏ ਪੱਥਰ ਨੂੰ ਚੀਰ ਕੇ ਆਪਣਾ ਰਾਹ ਬਣਾ ਸਕਦਾ ਹੈ। ਮਿੱਟੀ ਵੀ ਤਾਂ ਹਰ ਤਰ੍ਹਾਂ ਦੇ ਰੂਪ ਵਿਚ ਢਲ ਜਾਂਦੀ ਹੈ, ਭਾਵੇਂ ਫ਼ਸਲ ਹੋਵੇ ਤੇ ਭਾਵੇਂ ਨਦੀਨ, ਆਪਣੇ ਵਿਚ ਉੱਗ ਲੈਣ ਦਿੰਦੀ ਹੈ। ਸਾਰੇ ਜਣੇ ਰਲ ਮਿਲ ਕੇ ਖੇੜਾ ਵੰਡਦੇ ਰਹਿਣ ਤੇ ਇਕ ਦੂਜੇ ਨਾਲ ਮਿਲਵਰਤਣ ਰੱਖਣ। ਇਕ ਜਣਾ ਗੁੱਸੇ ਵਿਚ ਹੈ ਤਾਂ ਦੂਜਾ ਕੁਝ ਪਲ ਸ਼ਾਂਤ ਰਹਿ ਜਾਵੇ! ਜਿਉਂ ਹੀ ਪਹਿਲੇ ਦਾ ਗੁੱਸਾ ਘਟਿਆ, ਉਸ ਆਪੇ ਨੇੜੇ ਆ ਜਾਣਾ ਹੈ। ਪਰ, ਇਕ ਗੱਲ ਦਾ ਧਿਆਨ ਰੱਖਣਾ ਜ਼ਰੂਰੀ ਹੈ। ਜੋ ਬੀਜਿਆ ਜਾਵੇ, ਉੱਗਦਾ ਉਹੀ ਹੈ। ਧਤੂਰਾ ਬੀਜ ਕੇ ਅੰਬ ਨਹੀਂ ਲਾਹੇ ਜਾ ਸਕਦੇ।

ਇੰਜ ਹੀ ਗੁੱਸਾ ਵੰਡਣ ਨਾਲ ਪਿਆਰ ਹਾਸਲ ਨਹੀਂ ਹੋ ਸਕਦਾ ਤੇ ਨਾ ਹੀ ਖ਼ੁਸ਼ੀ! ਸੋ ਖ਼ੁਸ਼ੀ ਹਾਸਲ ਕਰਨ ਲਈ ਵੰਡਣੀ ਵੀ ਖ਼ੁਸ਼ੀ ਹੀ ਪੈਂਦੀ ਹੈ, ਕਾਲੀ ਦਾਲ ਨਹੀਂ! ਔਖੇ ਸਮੇਂ ਵਿਚ ਵੀ ਜ਼ਿੰਦਾ ਰਹਿਣ ਦਾ ਸ਼ੁਕਰਾਨਾ ਕਰਦੇ ਸਾਰ ਉਹ ਸਮਾਂ ਜਰ ਜਾਣ ਦੀ ਹਿੰਮਤ ਮਿਲ ਜਾਂਦੀ ਹੈ। ਫਿਰ ਉਡੀਕ ਕਾਹਦੀ ਹੈ? ਚਲੋ ਸਾਰੇ ਰਲ ਮਿਲ ਕੇ ਭਾਰਤੀ ਲੋਕਾਂ ਦੇ ਖ਼ੁਸ਼ੀ ਦੇ ਮੀਟਰ ਨੂੰ ਉਤਾਂਹ ਚੁੱਕੀਏ ਤੇ ਦੁਨੀਆ ਦੇ ਚੋਟੀ ਦੇ 10 ਮੁਲਕਾਂ ਵਿਚ ਸ਼ਾਮਲ ਹੋ ਜਾਈਏ!

ਇਹ ਵੀ ਚੇਤੇ ਰੱਖਣ ਦੀ ਗੱਲ ਹੈ ਕਿ ਸੰਨ 1990 ਵਿਚ ਫਿਨਲੈਂਡ ਵਿਚ ਆਤਮ ਹੱਤਿਆ ਕਰਨ ਦਾ ਰੁਝਾਨ ਚਰਮ ਸੀਮਾ ਉੱਤੇ ਸੀ। ਪਰ, ਅੱਜ ਉਹੀ ਮੁਲਕ ਖ਼ੁਸ਼ੀ ਦੇ ਮੀਟਰ ਵਿਚ ਪਹਿਲਾ ਨੰਬਰ ਹਾਸਲ ਕਰ ਚੁੱਕਿਆ ਹੈ। ਕਾਰਨ ਇਹ ਕਿ ਪਹਿਲਾਂ ਉਹ ਲੋਕ ਮਨ ਅੰਦਰ ਮਾੜੀਆਂ ਗੱਲਾਂ ਡੂੰਘੀਆਂ ਵਸਾਈ ਰੱਖਦੇ ਸਨ, ਪਰ ਹੁਣ ਢਹਿੰਦੀ ਕਲਾ ਦਾ ਇਲਾਜ ਛੇਤੀ ਕਰਵਾ ਕੇ ਪੈਸੇ ਵੱਧ ਕਮਾਉਣ ਨਾਲੋਂ ਖ਼ੁਸ਼ੀ ਵੱਧ ਮਹਿਸੂਸ ਕਰਨ ਨੂੰ ਤਰਜੀਹ ਦੇਣ ਲੱਗ ਪਏ ਹਨ। ਸਾਨੂੰ ਵੀ ਇਹੀ ਸਿੱਖਣ ਦੀ ਲੋੜ ਹੈ ਕਿ ਪੈਸੇ ਕਮਾਉਂਦਿਆਂ ਜ਼ਿੰਦਗੀ ਖ਼ਤਮ ਕਰਨ ਨਾਲੋਂ ਜਿੰਨੀ ਵੀ ਬਚੀ ਹੈ, ਉਸ ਜ਼ਿੰਦਗੀ ਨੂੰ ਜੀਅ ਕੇ ਵੇਖ ਲਈਏ! •

**ਵਰਲਡ ਇਕਨੋਮਿਕ ਫੋਰਮ ਵੱਲੋਂ '2019 ਵਰਲਡ ਹੈਪੀਨੈੱਸ' ਰਿਪੋਰਟ ਵਿਚ 156 ਮੁਲਕਾਂ ਉੱਤੇ ਕੀਤੇ ਸਰਵੇਖਣ ਅਨੁਸਾਰ :-**

| | |
|---|---|
| ਫਿਨਲੈਂਡ-ਪਹਿਲਾ ਨੰਬਰ | ਕਨੇਡਾ |
| ਡੈਨਮਾਰਕ | ਆਸਟ੍ਰੀਆ |
| ਨਾਰਵੇ | ਯੂ.ਕੇ. 15ਵੇਂ ਨੰਬਰ |
| ਆਈਸਲੈਂਡ | ਆਇਰਲੈਂਡ 16ਵੇਂ |
| ਨੀਦਰਲੈਂਡ/ਹੌਲੈਂਡ | ਯੂ.ਐਸ.ਏ. 19ਵੇਂ ਨੰਬਰ |
| ਸਵਿਟਜ਼ਰਲੈਂਡ | ਪਾਕਿਸਤਾਨ 67ਵੇਂ |
| ਸਵੀਡਨ | ਭਾਰਤ 140ਵੇਂ |
| ਨਿਊਜ਼ੀਲੈਂਡ | |

**ਕਿਸ ਆਧਾਰ ਉੱਤੇ :-**

1. ਜੀ.ਡੀ.ਪੀ
2. ਸਰਕਾਰੀ ਮਦਦ ਤੇ ਇਕ ਦੂਜੇ ਦਾ ਸਹਾਰਾ ਬਣਨਾ
3. ਲੰਮੀ ਉਮਰ ਭੋਗਣਾ
4. ਆਪਣੀ ਜ਼ਿੰਦਗੀ ਨੂੰ ਜਿਊਣ ਦਾ ਢੰਗ ਆਪਣੇ ਹਿਸਾਬ ਨਾਲ
5. ਭ੍ਰਿਸ਼ਟਾਚਾਰ
6. ਖੁੱਲ੍ਹਦਿਲੀ



# ਹੱਸਣ ਦੀ ਆਦਤ ਪਾ ਸੱਜਣਾ

• ਇਕਵਾਕ ਸਿੰਘ ਪੱਟੀ

ਖ਼ੁਸ਼ ਰਹਿਣ ਨੂੰ ਇਕ ਕਲਾ ਮੰਨਿਆ ਗਿਆ ਪਰ ਇਹ ਵੀ ਸੱਚ ਹੈ ਕਿ ਅਜੋਕੇ ਦੌਰ ਵਿਚ ਇਹ ਕਲਾ ਕਿਸੇ ਵਿਰਲੇ ਦੇ ਹੀ ਵੱਸ ਵਿਚ ਹੈ। ਜਿਸ ਦਾ ਮੁੱਖ ਕਾਰਨ ਪਦਾਰਥਵਾਦ ਵਿਚ ਮਨੁੱਖਤਾ ਦਾ ਖਚਿੱਤ ਹੋ ਜਾਣਾ, ਪੈਸੇ ਦੀ ਦੌੜ, ਚਮਕ-ਦਮਕ ਵਾਲੀ ਜ਼ਿੰਦਗੀ ਦੇ ਪਿੱਛੇ ਭੱਜਣਾ, ਰਿਸ਼ਤਿਆਂ ਵਿਚ ਖਟਾਸ ਪੈਦਾ ਹੋ ਜਾਣਾ, ਤਕਨਾਲੋਜੀ ਵਿਚ ਵਿਅਸਤ ਹੋ ਜਾਣਾ, ਦਿਸਣ ਵਾਲੀਆਂ ਮਹਿੰਗੀਆਂ ਸ਼ੈਆਂ ਨੂੰ ਖ਼ਰੀਦਣ ਜਾਂ ਅਪਨਾਉਣ ਬਾਰੇ ਸੋਚਦੇ ਰਹਿਣਾ, ਦੌਲਤ-ਸ਼ੋਹਰਤ ਨੂੰ ਹੀ ਜ਼ਿੰਦਗੀ ਦਾ ਮਕਸਦ ਮੰਨ ਬੈਠਣਾ ਆਦਿ। ਪਾਵਨ ਗੁਰੂ-ਬਾਣੀ ਸਮਝਾਉਂਦੀ ਹੈ, 'ਦ੍ਰਿਸਟਿਮਾਨ ਸਭੁ ਬਿਨਸੀਐ' ਭਾਵ ਜੋ ਕੁਝ ਵੀ ਤੂੰ ਇਸ ਸੰਸਾਰ ਵਿਚ ਦੇਖ ਰਿਹਾ ਹਾਂ, ਇਹ ਸਭ ਕੁਝ ਬਿਨਸਣਹਾਰ ਭਾਵ ਨਾਸ਼ਮਾਨ ਹੈ ਅਤੇ ਰਹੀ ਗੱਲ ਇਕ ਵਾਰ ਇਨ੍ਹਾਂ ਚੀਜ਼ਾਂ/ਪਦਾਰਥਾਂ ਨੂੰ ਆਪਣਾ ਬਣਾਉਣ ਦੀ ਤਾਂ ਜਪੁਜੀ ਸਾਹਿਬ ਵਿਚ ਗੁਰੂ ਨਾਨਕ ਸਾਹਿਬ ਜੀ ਦੇ ਬਚਨ ਬੜੇ ਕਮਾਲ ਦੇ ਹਨ, 'ਭੁਖਿਆ ਭੁਖ ਨ ਉਤਰੀ ਜੇ ਬੰਨਾ ਪੁਰੀਆ ਭਾਰ' ਕਿ ਤ੍ਰਿਸ਼ਨਾ ਤਾਂ ਸਾਰੇ ਭਵਨਾਂ ਦੇ ਖ਼ਜ਼ਾਨੇ ਇਕੱਠੇ ਕਰਨ ਤੋਂ ਬਾਅਦ ਵੀ ਖ਼ਤਮ ਨਹੀਂ ਹੋਣੀ ਤਾਂ ਫਿਰ ਕਿਉਂ ਇਨ੍ਹਾਂ ਪਿੱਛੇ ਲੱਗ ਕੇ ਆਪ ਦੁਖੀ ਹੋਣਾ ਅਤੇ ਹੋਰਨਾਂ ਨੂੰ ਦੁਖੀ ਕਰਨਾ।

ਇਸ ਬਾਬਤ ਗੁਰਬਾਣੀ ਵਿਚ ਬਹੁਤ ਸੋਹਣਾ ਦ੍ਰਿਸ਼ਟਾਂਤ ਮਿਲਦਾ ਹੈ, 'ਵਿਣੁ ਤੁਧੁ ਹੋਰੁ ਜਿ ਮੰਗਣਾ ਸਿਰਿ ਦੁਖਾ ਕੈ ਦੁਖ॥ ਦੇਹਿ ਨਾਮੁ ਸੰਤੋਖੀਆ ਉਤਰੈ ਮਨ ਕੀ ਭੁਖ' ਕਿ ਸੰਸਾਰ ਵਿਚ ਜਨਮ ਲੈਣ ਤੋਂ ਬਾਅਦ ਰੱਬੀ ਗੁਣਾਂ ਦੇ ਨਾਲ ਸਾਂਝ ਪਾ ਲੈਣੀ ਹੀ ਅਸਲ ਸੁੱਖ ਹੈ ਅਤੇ ਇਹੋ ਇਕ ਢੰਗ ਹੈ ਜਿਸ ਨਾਲ ਅਸੀਂ ਪਰਮਾਤਮਾ ਨਾਲ ਸਾਂਝ ਪਾ ਕੇ ਐਸਾ ਰੱਜ, ਸਬਰ, ਸੰਤੋਖ ਅਤੇ ਸਹਿਨਸ਼ੀਲਤਾ ਆਪਣੇ ਮਨ ਅੰਦਰ ਪੈਦਾ ਕਰ ਸਕਦੇ ਹਾਂ ਜੋ ਦੁਨਿਆਵੀ ਤੌਰ 'ਤੇ ਨਾ ਤਾਂ ਖ਼ਰੀਦਿਆ ਜਾ ਸਕਦਾ ਹੈ ਨਾ ਹੀ ਹੱਟਾਂ 'ਤੇ ਵਿਕਦਾ ਹੈ।

ਮੈਂ ਅਕਸਰ ਇਹ ਕਹਿੰਦਾ ਹੁੰਦਾ ਕਿ ਹੱਸਦੇ ਰਹਿਣ ਵਾਲਾ ਮਨੁੱਖ ਆਪਣੀ ਜ਼ਿੰਦਗੀ ਦੀਆਂ ਔਖੀਆਂ ਘੜੀਆਂ ਨੂੰ ਵੀ ਬੜੇ ਸਬਰ, ਸਹਿਣਸ਼ੀਲਤਾ ਅਤੇ ਠਰੰਮੇ ਨਾਲ ਲੰਘਾ ਲੈਂਦਾ ਹੈ ਜਦਕਿ ਇਸ ਦੀ ਉਲਟ ਉਦਾਸ ਅਤੇ ਚਿੰਤਾਤੁਰ ਰਹਿਣ ਵਾਲਾ ਵਿਅਕਤੀ ਆਪਣੇ ਸਮੇਂ ਦੇ ਨਾਲ ਸਿਹਤ ਦਾ ਵੀ ਵੱਡਾ ਨੁਕਸਾਨ ਕਰ ਬੈਠਦਾ ਹੈ। ਸ਼ਾਇਦ ਇਸੇ ਕਰਕੇ ਕਿਹਾ ਗਿਆ 'ਹੱਸਦਿਆਂ ਦੇ ਘਰ ਵਸਦੇ'। ਇਸ ਲਈ ਜ਼ਰੂਰੀ ਹੈ ਕਿ ਜ਼ਿੰਦਗੀ ਵਿਚਲੇ ਉਦਾਸੀ ਦੇ ਹਨੇਰਿਆਂ ਨੂੰ ਚੀਰ ਕੇ, ਖਿੜਖਿੜਾ ਕੇ ਹੱਸਦੇ ਹੋਏ, ਅਨੰਦ ਮੰਗਲ ਜੀਵਨ ਜਿਊਣ ਕੋਸ਼ਿਸ਼ ਹੀ ਨਹੀਂ ਬਲਕਿ ਖ਼ੁਸ਼ੀਆਂ ਖੇੜਿਆਂ ਭਰੀ ਜ਼ਿੰਦਗੀ ਜੀਵਿਆ ਕਰੀਏ। ਕਿਹਾ ਜਾਂਦਾ ਹੈ ਕਿ, 'ਜਦੋਂ ਤੁਸੀ ਹੱਸਦੇ ਹੋ ਤਾਂ ਪਰਮਾਤਮਾ ਦੀ ਪ੍ਰਾਥਨਾ ਕਰਨ ਦੇ ਬਰਾਬਰ ਹੈ ਅਤੇ ਜਦੋਂ ਤੁਸੀਂ ਕਿਸੇ ਨੂੰ ਹਸਾਉਂਦੇ ਹੋ ਤਾਂ ਇਵੇਂ ਹੈ ਕਿ ਪਰਮਾਤਮਾ ਤੁਹਾਡੇ ਲਈ ਪ੍ਰਾਥਨਾ ਕਰ ਰਿਹਾ ਹੈ।' ਇਹ ਮੰਨਿਆ ਜਾਂਦਾ ਹੈ ਕਿ, 'ਹਾਸਾ ਇਕ ਇਹੋ ਜਿਹਾ ਹਾਂ-ਪੱਖੀ ਅਤੇ ਸ਼ਕਤੀਸ਼ਾਲੀ ਅਹਿਸਾਸ ਹੈ, ਜੋ ਸਾਨੂੰ ਨਿੱਜੀ ਤੌਰ 'ਤੇ ਅਤੇ ਦੁਨੀਆ ਨੂੰ ਬੜੇ ਹੀ ਆਨੰਦਮਈ, ਸ਼ਾਂਤੀ ਭਰੇ ਅਤੇ ਹਾਂ ਪੱਖੀ ਰਸਤੇ 'ਤੇ ਲਿਜਾਣ ਦੀ ਸਮਰੱਥਾ ਰੱਖਦਾ ਹੈ। ਹੱਸਣਾ ਅਤੇ ਹਸਾਉਣਾ ਇਕ ਕਲਾ ਹੈ। ਇਸੇ ਹੀ ਸੰਦਰਭ ਵਿਚ ਪੰਜਾਬੀ ਦੀ ਇਕ ਕਹਾਵਤ ਵੀ ਬੜੀ ਮਸ਼ਹੂਰ ਹੈ ਕਿ, 'ਹਾਸਾ ਨਿਰਾ ਪਤਾਸਾ, ਰੋਣਾ ਉਮਰਾਂ ਦਾ ਧੋਣਾ।' ਅਫ਼ਸੋਸ ਕਿ ਹੱਸਣ ਨੂੰ ਅੰਧਵਿਸ਼ਵਾਸ ਨਾਲ ਜੋੜ ਕੇ ਬੱਚਿਆਂ ਤੋਂ ਲੈ ਕੇ ਵੱਡਿਆਂ ਤਕ ਦੀ ਮਾਨਸਿਕਤਾ ਨੂੰ ਤਾਲਾ ਲਗਾ ਦਿੱਤਾ, ਅਖੇ, ਜ਼ਿਆਦਾ ਹੱਸਣ ਤੋਂ ਬਾਅਦ ਜ਼ਿਆਦਾ ਹੀ ਰੋਣਾ ਪੈਂਦਾ ਹੈ।

ਜ਼ਿਕਰਯੋਗ ਹੈ ਕਿ ਹੱਸਣ ਦਾ ਸਿੱਧਾ ਸਬੰਧ ਸਾਡੇ ਸੁਭਾਅ ਅਤੇ ਆਲੇ ਦੁਆਲੇ ਦੇ ਮਾਹੌਲ 'ਤੇ ਨਿਰਭਰ ਕਰਦਾ ਹੈ ਪਰ ਵਿਗਿਆਨਕ ਤੌਰ 'ਤੇ ਹੱਸਣ ਦੇ ਬਹੁਤ ਸਾਰੇ ਫ਼ਾਇਦੇ ਹੁੰਦੇ ਹਨ। ਮੈਰੀਲੈਂਡ ਯੂਨੀਵਰਸਿਟੀ ਦੇ ਡਾ. ਜੂਡੀ ਅਨੁਸਾਰ ਹੱਸਣ ਨਾਲ ਦਿਲ, ਫੇਫੜੇ ਤੇ ਜਿਗਰ ਦੀ ਕਸਰਤ ਹੁੰਦੀ ਹੈ ਅਤੇ ਖੁੱਲ੍ਹ ਕੇ ਹੱਸਣ ਨਾਲ ਸਾਡੇ ਸਰੀਰ ਅੰਦਰ ਊਰਜਾ ਪੈਦਾ ਹੁੰਦੀ ਹੈ ਤੇ ਪਾਚਣ ਸ਼ਕਤੀ ਨਾਲ ਸਬੰਧਤ ਰੋਗ ਠੀਕ ਹੁੰਦੇ ਹਨ, ਇਸ ਦੇ ਨਾਲ ਹੀ ਪੱਠਿਆਂ ਦਾ ਖਿਚਾਅ, ਤਣਾਅ ਵਾਲੇ ਹਾਰਮੋਨਜ਼, ਬੀ ਪੀ ਅਤੇ ਦਿਲ ਦੇ ਦੌਰੇ ਦਾ ਖ਼ਤਰਾ ਵੀ ਘੱਟ ਜਾਂਦਾ ਹੈ। ਇਕ ਖੋਜ ਅਨੁਸਾਰ 'ਹਾਸਾ ਸਾਡੇ ਤਣਾਅ ਨੂੰ ਘੱਟ ਕਰ ਕੇ ਮਾਨਸਿਕ ਤੌਰ 'ਤੇ ਸੰਤੁਸ਼ਟੀ ਦਿੰਦਾ ਹੈ।' ਪੰਜਾਬੀ ਲੋਕ ਗੀਤਾਂ ਅਤੇ ਬੋਲੀਆਂ ਵਿਚ ਤਾਂ ਹਾਸੇ ਦੀ ਵਿਸ਼ੇਸ਼ ਥਾਂ ਹੈ :

*-ਇਹ ਦੁਨੀਆ ਮੰਡੀ ਪੈਸੇ ਦੀ,*
*ਹਰ ਚੀਜ਼ ਵਿਕਦੀ ਏ ਭਾਅ ਸੱਜਣਾ*
*ਇੱਥੇ ਰੋਂਦੇ ਚਿਹਰੇ ਨਹੀਂ ਵਿਕਦੇ,*
*ਹੱਸਣ ਦੀ ਆਦਤ ਪਾ ਸੱਜਣਾ।'*
*-ਚਿੱਟੇ ਦੰਦ ਹੱਸਣੋਂ ਨਾ ਰਹਿੰਦੇ,*
*ਲੋਕੀ ਭੈੜੇ ਸ਼ੱਕ ਕਰਦੇ।*
*-ਹੱਸਦਿਆਂ ਦੇ ਘਰ ਵੱਸਦੇ।*
*-ਹਾਸਾ ਨਿਰਾ ਪਤਾਸਾ,*
*ਰੋਣਾ ਉਮਰਾਂ ਦਾ ਧੋਣਾ।*

ਪੁਰਾਣੇ ਸਮੇਂ ਵਿਚ ਸਿਆਣੇ ਬਜ਼ੁਰਗ 'ਹਮੇਸ਼ਾਂ ਹੱਸਦੇ ਵਸਦੇ ਰਹੋ' ਦੀ ਆਸੀਸ ਦਿਆ ਕਰਦੇ ਸਨ। ਵੈਸੇ ਵੀ ਹਸਮੁੱਖ ਇਨਸਾਨ ਹਰ ਇਕ ਨੂੰ ਚੰਗਾ ਲਗਦਾ ਤੇ ਹਰ ਕੋਈ ਖ਼ੁਸ਼ ਰਹਿਣਾ ਚਾਹੁੰਦਾ। ਉਤਰਾਅ-ਚੜ੍ਹਾਅ ਜ਼ਿੰਦਗੀ ਦਾ ਹਿੱਸਾ ਹਨ ਤੇ ਸੁੱਖ-ਦੁੱਖ ਇਕ ਜ਼ਰੂਰੀ ਅਹਿਸਾਸ ਹੈ। ਦੁੱਖਾਂ ਵਿਚ ਦੁਖੀ ਹੋਣਾ ਜਾਂ ਰੋਣਾ ਵੀ ਜ਼ਰੂਰੀ ਹੈ। ਇਕ ਛੋਟੀ ਜਿਹੀ ਮੁਸਕਰਾਹਟ ਦੁੱਖਾਂ ਦੇ ਵੱਡੇ-ਵੱਡੇ ਪਹਾੜਾਂ ਨੂੰ ਪਾਰ ਕਰਨ ਦੀ ਸਮਰੱਥਾ ਬਖ਼ਸ਼ਣ ਦਾ ਬਲ ਰੱਖਦੀ ਹੈ। ਦੁੱਖ ਦੀ ਗੱਲ ਕਰੀਏ ਤਾਂ ਹਰ ਮਨੁੱਖ ਦੇ ਜੀਵਨ ਵਿਚ ਕਿਸੇ ਨਾ ਕਿਸੇ ਰੂਪ ਵਿਚ ਮੌਜੂਦ ਹਨ, ਭਾਵੇਂ ਕਿ ਉਸਦਾ ਰੂਪ ਕਿਸੇ ਵੀ ਤਰ੍ਹਾਂ ਦਾ ਹੋਵੇ। ਦੁੱਖ ਤਾਂ ਦੁੱਖ ਹੈ, ਇਸ ਨੂੰ ਛੋਟਾ ਜਾਂ ਵੱਡਾ ਕਹਿ ਕੇ ਮਾਪਣਾ ਔਖਾ ਹੈ। ਇਸ ਗੱਲ ਦੀ ਗਵਾਹੀ ਬਾਬਾ ਫ਼ਰੀਦ ਜੀ ਨੇ ਗੁਰਬਾਣੀ ਅੰਦਰ ਬੜੀ ਕਮਾਲ ਦੀ ਦਿੱਤੀ ਹੈ 'ਫਰੀਦਾ ਮੈ ਜਾਨਿਆ ਦੁਖੁ ਮੁਝ ਕੂ ਦੁਖੁ ਸਬਾਇਐ ਜਗਿ॥ ਊਚੇ ਚੜਿ ਕੈ ਦੇਖਿਆ ਤਾਂ ਘਰਿ ਘਰਿ ਏਹਾ ਅਗਿ॥' (ਅੰਗ 1382) ਉੱਥੇ ਜਗਤ ਗੁਰੂ, ਗੁਰੂ ਨਾਨਕ ਪਾਤਸ਼ਾਹ ਦੇ ਸ਼ਬਦ, 'ਨਾਨਕ ਦੁਖੀਆ ਸਭੁ ਸੰਸਾਰ' ਵੀ ਸੰਸਾਰ ਦੇ ਅੰਦਰਲੇ ਹਾਲਾਤ ਦੇਖਕੇ ਅੱਜ ਵੀ ਬੜੇ ਵਾਜਬ ਲੱਗਦੇ ਹਨ। ਤਾਂ ਹੀ ਕਿਹਾ ਜਾਂਦਾ ਹੈ ਹਾਸਾ ਵੰਡੀਏ ਤਾਂ ਹਾਸਾ ਦੁੱਗਣਾ ਵੱਧਦਾ ਹੈ ਅਤੇ ਦੁੱਖ ਵੰਡੀਏ ਤਾਂ ਦੁੱਖ ਘੱਟਦਾ ਹੈ।

**ਹੱਸਣ ਦਾ ਸਿੱਧਾ ਸਬੰਧ ਸਾਡੇ ਸੁਭਾਅ ਅਤੇ ਆਲੇ ਦੁਆਲੇ ਦੇ ਮਾਹੌਲ 'ਤੇ ਨਿਰਭਰ ਕਰਦਾ ਹੈ ਪਰ ਵਿਗਿਆਨਕ ਤੌਰ 'ਤੇ ਹੱਸਣ ਦੇ ਬਹੁਤ ਸਾਰੇ ਫ਼ਾਇਦੇ ਹੁੰਦੇ ਹਨ। ਦੋਸਤੋ ਸਾਰ ਇਹ ਹੈ ਕਿ ਹੱਸਣਾ ਅਤੇ ਹਸਾਉਣਾ ਸਾਡੀ ਜ਼ਿੰਦਗੀ ਦਾ ਹਿੱਸਾ ਹੋਣਾ ਚਾਹੀਦਾ ਹੈ ਤੇ ਹੱਸਦੇ ਖੇਡਦੇ ਜ਼ਿੰਦਗੀ ਨੂੰ ਬਿਤਾਉਣਾ ਸਾਡਾ ਮਕਸਦ। ਪਰ ਯਾਦ ਰਹੇ ਸਾਡਾ ਹਾਸਾ ਕਿਸੇ ਹੋਰ ਵਿਅਕਤੀ ਦੇ ਦਿਲ ਨੂੰ ਰੁਆ ਨਾ ਗਿਆ ਹੋਵੇ। ਇਹ ਵੀ ਖਿਆਲ ਰੱਖਣਾ ਹੈ ਕਿ ਕਿਤੇ ਸਾਰੀ ਜ਼ਿੰਦਗੀ ਬਿਨਾਂ ਵਜ੍ਹਾ ਤੇ ਹੰਕਾਰ ਵਿਚ ਨਕਲੀ ਹਾਸਾ ਹੱਸਦਿਆਂ ਹੀ ਨਾ ਨਿਕਲ ਜਾਵੇ...**

ਗੁਰਬਾਣੀ ਅੰਦਰ ਜੀਵਨ ਜਾਚ ਸਮਝਾਉਂਦਿਆਂ ਪਰਮਾਤਮਾ ਦੀ ਪ੍ਰਾਪਤੀ ਕਰਨ ਹਿੱਤ ਬੜਾ ਖ਼ੂਬਸੂਰਤ ਜ਼ਿਕਰ ਕੀਤਾ ਹੈ ਕਿ, 'ਨਾਨਕ ਸਤਿਗੁਰਿ ਭੇਟੀਐ ਪੂਰੀ ਹੋਵੈ ਜੁਗਤਿ॥ ਹਸੰਦਿਆ ਖੇਲੰਦਿਆ ਪੈਨੰਦਿਆ ਖਾਵੰਦਿਆ ਵਿਚੇ ਹੋਵੈ ਮੁਕਤਿ॥' (ਅੰਗ 522) ਭਾਵ ਜੇ ਸੱਚੇ ਗੁਰੂ ਦੇ ਲੜ ਲੱਗ ਜਾਈਏ ਤਾਂ ਜੀਵਨ ਜਿਊਣ ਦੀ ਜਾਚ ਆ ਜਾਂਦੀ ਅਤੇ ਫਿਰ ਇਸ ਤਰ੍ਹਾਂ ਹੱਸਦਿਆਂ ਖੇਡਦਿਆਂ ਖਾਂਦਿਆਂ ਪਹਿਨਦਿਆਂ (ਭਾਵ ਦੁਨੀਆ ਦੇ ਸਾਰੇ ਕੰਮ ਕਾਰ ਕਰਦਿਆਂ) ਵਿਕਾਰਾਂ ਤੋਂ ਬਚੇ ਰਹੀਦਾ ਹੈ। ਸੋ ਇਹੀ ਉਪਦੇਸ਼ ਕਿ ਜ਼ਿੰਦਗੀ ਹੱਸ ਕੇ ਕੱਟਣੀ ਐਨੀ ਔਖੀ ਨਹੀਂ, ਜਿੰਨੀ ਦੁੱਖ ਤਕਲੀਫ਼ਾਂ ਦੀ ਨੁਮਾਇਸ਼ ਕਰ-ਕਰ ਕੇ ਝੂਠੀ ਹਮਦਰਦੀ ਹਾਸਲ ਕਰਦਿਆਂ ਕੱਟਣੀ ਔਖੀ ਹੈ। ਅੱਜ ਦੀ ਭੱਜ ਦੌੜ ਵਿਚ ਮਨੁੱਖ ਦੁਖੀ ਤਾਂ ਜ਼ਰੂਰ ਰਹਿੰਦਾ ਹੈ ਪਰ ਖ਼ੁਸ਼ ਰਹਿਣ ਲਈ ਕਦੇ ਉੱਦਮ ਨਹੀਂ ਕਰਦਾ। ਅਜੋਕੇ ਮਸ਼ੀਨੀ ਯੁੱਗ ਵਿਚ ਹਾਸਾ ਤਾਂ ਮਨੁੱਖੀ ਜੀਵਨ ਵਿੱਚੋਂ ਕਿਤੇ ਵਿਸਰ ਹੀ ਗਿਆ ਹੋਵੇ।

ਬਹੁਤ ਇਹ ਵਿਚਾਰ ਰੱਖਦੇ ਹਨ ਕਿ, 'ਜਦੋਂ ਬਹੁਤ ਪੈਸੇ ਹੋਣਗੇ ਤਾਂ ਅਸੀਂ ਘੁੰਮਣ ਫਿਰਨ ਜਾਵਾਂਗੇ' ਸਾਨੂੰ ਇਹ ਖ਼ਿਆਲ ਮੁੱਢ ਤੋਂ ਤਿਆਗ ਦੇਣਾ ਚਾਹੀਦਾ ਹੈ। ਬਿਨਾਂ ਜ਼ਿਆਦਾ ਪੈਸੇ ਖ਼ਰਚ ਕੀਤੇ, ਆਪਣੇ ਜਾਂ ਆਪਣੇ ਘਰ ਦੇ ਨੇੜਲੇ ਕਿਸੇ ਦੂਜੇ ਸ਼ਹਿਰ ਜਾ ਕੇ ਉੱਥੋਂ ਦੀ ਚਹਿਲ ਪਹਿਲ ਜਾਂ ਘੁੰਮਣ ਵਾਲੀਆਂ ਥਾਵਾਂ ਦਾ ਆਨੰਦ ਲਿਆ ਜਾ ਸਕਦਾ ਹੈ। ਨਹੀਂ ਤਾਂ ਖ਼ੁਸ਼ੀਆਂ ਨੂੰ ਨਜ਼ਰ ਅੰਦਾਜ਼ ਕਰਦੇ ਰਹਿਣ ਦੀ ਆਦਤ ਵੀ ਸਾਡੀ ਊਰਜਾ ਨੂੰ ਨਸ਼ਟ ਕਰ ਦਿੰਦੀ ਹੈ।

ਇਕ ਸਰਵੇ ਅਨੁਸਾਰ ਲਗਪਗ 65 ਫ਼ੀਸਦੀ ਤੋਂ ਜ਼ਿਆਦਾ ਲੋਕਾਂ ਕੋਲ ਹੱਸਣ ਦਾ ਸਮਾਂ ਹੀ ਨਹੀਂ ਹੈ। ਸ਼ਾਇਦ ਇਸੇ ਕਰਕੇ ਸ਼ੂਗਰ, ਦਿਲ ਦਾ ਦੌਰਾ, ਬਲੱਡ ਪ੍ਰੈਸ਼ਰ ਤੇ ਹੋਰ ਬਿਮਾਰੀਆਂ ਵਿਚ ਆਏ ਦਿਨ ਵਾਧਾ ਹੋ ਰਿਹਾ ਹੈ। ਜਦਕਿ ਡਾਕਟਰਾਂ ਦਾ ਮੰਨਣਾ ਹੈ ਕਿ ਹਰ ਦਿਨ ਸਵੇਰੇ ਹੱਸਿਆ ਜਾਵੇ ਤਾਂ ਦਿਮਾਗ਼ ਨੂੰ ਸਕੂਨ ਮਿਲਦਾ ਹੈ ਅਤੇ ਕਈ ਤਰ੍ਹਾਂ ਦੀਆਂ ਬਿਮਾਰੀਆਂ ਤੋਂ ਛੁਟਕਾਰਾ ਮਿਲ ਜਾਂਦਾ ਹੈ।

ਸ਼ਾਇਦ ਤਾਂ ਹੀ ਅੱਜ ਸੁਚੇਤ ਬੁੱਧੀਜੀਵੀਆਂ ਵੱਲੋਂ ਇਕ ਖ਼ਾਸ ਦਿਨ ਚੁਣ ਕੇ ਸਮੁੱਚੀ ਮਨੁੱਖਤਾ ਨੂੰ ਸਾਲ ਭਰ ਹੱਸਦੇ ਰਹਿਣ ਲਈ ਯਾਦ ਕਰਵਾਇਆ ਜਾਂਦਾ ਹੈ ਅਤੇ ਇਸ ਦਿਨ ਦਾ ਨਾਮ ਹੈ 'ਵਿਸ਼ਵ ਹਾਸਾ ਦਿਵਸ'। ਇਸਦੀ ਸ਼ੁਰੂਆਤ 11 ਜਾਂ 12 ਜਨਵਰੀ 1998 ਵਿਚ ਮੁੰਬਈ ਤੋਂ ਹੋਈ ਸੀ ਅਤੇ ਹੁਣ ਇਹ ਸਾਲ 2005 ਤੋਂ ਹਰ ਸਾਲ ਮਈ ਦੇ ਪਹਿਲੇ ਐਤਵਾਰ ਮਨਾਇਆ ਜਾਂਦਾ ਹੈ। ਇਸ ਨੂੰ ਸ਼ੁਰੂ ਕਰਨ ਵਿਚ ਸਭ ਤੋਂ ਅਹਿਮ ਯੋਗਦਾਨ ਡਾ. ਮਦਨ ਕਟਾਰੀਆ ਨੇ ਪਾਇਆ ਜਿਨ੍ਹਾਂ ਨੇ ਲਾਫਟਰ ਯੋਗਾ ਮੂਵਮੈਂਟ ਸ਼ੁਰੂ ਕੀਤੀ ਸੀ। ਇਕ ਅੰਦਾਜ਼ੇ ਅਨੁਸਾਰ ਦੁਨੀਆ ਭਰ ਵਿਚ 8000 ਦੇ ਕਰੀਬ ਲਾਫਟਰ ਕਲੱਬ ਹਨ ਜਿਸ ਵਿੱਚੋਂ ਭਾਰਤ 'ਚ ਇਨ੍ਹਾਂ ਦੀ ਗਿਣਤੀ 600 ਦੇ ਕਰੀਬ ਬਣਦੀ ਹੈ।

ਚੁਟਕਲਿਆਂ, ਲਤੀਫ਼ਿਆਂ, ਹਾਸਰਸ ਕਵਿਤਾਵਾਂ, ਹਾਸ ਵਿਅੰਗਾਂ ਰਾਹੀਂ ਵੀ ਮਨੁੱਖ ਨੂੰ ਹਸਾਉਣ ਦਾ ਯਤਨ ਕੀਤਾ ਜਾਂਦਾ ਰਿਹਾ ਹੈ ਅਤੇ ਕੀਤਾ ਜਾ ਰਿਹਾ ਹੈ। ਇਸ ਤੋਂ ਇਲਾਵਾ ਪਿਛਲੇ ਕੁਝ ਸਮੇਂ ਤੋਂ ਖ਼ਾਸ ਕਰ ਕੇ ਪੰਜਾਬ ਵਿਚ ਵੱਡੇ ਪੱਧਰ 'ਤੇ ਹਾਸਰਸ (ਕਾਮੇਡੀ) ਵਿਸ਼ੇ ਉੱਤੇ ਵੱਡੀ ਗਿਣਤੀ ਵਿਚ ਫ਼ਿਲਮਾਂ ਦਾ ਨਿਰਮਾਣ ਹੋਇਆ ਹੈ ਅਤੇ ਰਾਸ਼ਟਰੀ ਅਤੇ ਸੂਬਾ ਪੱਧਰ ਤੇ ਚੈਨਲਾਂ 'ਤੇ ਵੀ ਕਈ ਤਰ੍ਹਾਂ ਦੇ ਕਾਮੇਡੀ ਸੀਰੀਅਲ ਵੇਖਣ ਨੂੰ ਮਿਲੇ ਅਤੇ ਮਿਲ ਰਹੇ ਹਨ, ਜਿਨ੍ਹਾਂ ਨੂੰ ਦੇਖ ਕੇ ਦਰਸ਼ਕਾਂ ਦੇ ਚਿਹਰੇ ਤੇ ਹਾਸਾ ਆਇਆ ਹੈ ਅਤੇ ਦਰਸ਼ਕਾਂ ਵੱਲੋਂ ਬੜੀ ਸ਼ਿੱਦਤ ਨਾਲ ਇਹ ਸੀਰੀਅਲ ਪਸੰਦ ਕੀਤੇ ਗਏ ਹਨ। ਕਈ ਵਾਰ ਕਲਾਕਾਰ ਹਾਸੇ-ਹਾਸੇ ਵਿਚ ਵੀ ਜ਼ਿੰਦਗੀ ਦੇ ਕਈ ਅਹਿਮ ਸੱਚ/ਤੱਤ ਸਮਝਾ ਜਾਂਦਾ ਹੈ। ਸੋ ਦੋਸਤੋ ਸਾਰ ਇਹ ਹੈ ਕਿ ਹੱਸਣਾ ਅਤੇ ਹਸਾਉਣਾ ਇਹ ਸਾਡੀ ਜ਼ਿੰਦਗੀ ਦਾ ਹਿੱਸਾ ਹੋਣਾ ਚਾਹੀਦਾ ਹੈ ਤੇ ਹੱਸਦੇ ਖੇਡਦੇ ਜ਼ਿੰਦਗੀ ਨੂੰ ਬਿਤਾਉਣਾ ਸਾਡਾ ਮਕਸਦ। ਪਰ ਯਾਦ ਰਹੇ ਸਾਡਾ ਹਾਸਾ ਕਿਸੇ ਹੋਰ ਵਿਅਕਤੀ ਦੇ ਦਿਲ ਨੂੰ ਰੁਆ ਨਾ ਗਿਆ ਹੋਵੇ। ਇਹ ਵੀ ਖਿਆਲ ਰੱਖਣਾ ਹੈ ਕਿਤੇ ਸਾਰੀ ਜ਼ਿੰਦਗੀ ਬਿਨਾਂ ਵਜ੍ਹਾ ਤੇ ਹੰਕਾਰ ਵਿਚ ਨਕਲੀ ਹਾਸਾ ਹੱਸਦਿਆਂ ਹੀ ਨਾ ਨਿਕਲ ਜਾਵੇ। •



• ਕੈਲਾਸ਼ ਚੰਦਰ ਸ਼ਰਮਾ
98774-66607

**ਅਸੀਂ ਛੋਟੀਆਂ-ਛੋਟੀਆਂ ਗੱਲਾਂ ਆਪਣੇ ਦਿਮਾਗ਼ ਵਿਚ ਭਰੀ ਜਾਂਦੇ ਹਾਂ ਅਤੇ ਆਪਣੀ ਊਰਜਾ ਖ਼ਤਮ ਕਰਦੇ ਰਹਿੰਦੇ ਹਾਂ। ਮੁੱਖ ਗੱਲਾਂ ਲਈ ਸਾਡੇ ਕੋਲ ਵਕਤ ਹੀ ਨਹੀਂ ਹੁੰਦਾ ਜਿਸ ਕਾਰਨ ਅਸੀਂ ਸਮੱਸਿਆਵਾਂ ਵਿਚ ਘਿਰ ਜਾਂਦੇ ਹਾਂ...**



# ਸਮੱਸਿਆਵਾਂ ਤੋਂ ਕਾਹਦਾ ਡਰਨਾ

ਮਨੁੱਖੀ ਜੀਵਨ ਇਕ ਬੰਸਰੀ ਵਾਂਗ ਹੈ ਜਿਸ 'ਚ ਰੁਕਾਵਟਾਂ ਰੂਪੀ ਕਿੰਨੇ ਹੀ ਛੇਕ ਹਨ। ਜ਼ਿੰਦਗੀ ਕਿਸੇ ਦੀ ਵੀ ਕਦੇ ਸਿੱਧੀ ਨਹੀਂ ਚੱਲਦੀ। ਇਸ ਦੀਆਂ ਸੜਕਾਂ 'ਤੇ ਸਮੱਸਿਆਵਾਂ ਦੇ ਖੱਡੇ ਆਉਣੇ ਲਾਜ਼ਮੀ ਹਨ। ਨਹੀਂ ਤਾਂ ਇਹ ਰਾਹੀ ਨੂੰ ਬੇਪਰਵਾਹ ਅਤੇ ਅਵੇਸਲਾ ਬਣਾ ਦਿੰਦੀਆਂ ਹਨ। ਕਈ ਵਾਰ ਇਹ ਸਮੱਸਿਆਵਾਂ ਸਾਡੇ ਰਾਹਾਂ ਵਿਚ ਹਿੱਕ ਤਾਣ ਕੇ ਖਲੋ ਜਾਂਦੀਆਂ ਹਨ ਅਤੇ ਅਜਿਹਾ ਵਾਰ ਕਰਦੀਆਂ ਹਨ ਜੋ ਮਨੁੱਖ ਦੀ ਕਲਪਨਾ ਤੋਂ ਵੀ ਬਾਹਰ ਹੁੰਦਾ ਹੈ। ਇਨ੍ਹਾਂ ਸਮੱਸਿਆਵਾਂ ਦੀ ਭੀੜ ਵਿੱਚੋਂ ਕੇਵਲ ਉਹੀ ਇਨਸਾਨ ਅੱਗੇ ਨਿਕਲਦੇ ਹਨ ਜੋ ਇਨ੍ਹਾਂ ਨਾਲ ਮੱਥਾ ਲਾਉਂਦੇ ਹਨ। ਜਿਸ ਨੂੰ ਇਨ੍ਹਾਂ ਨੂੰ ਪਾਰ ਕਰਨਾ ਆ ਗਿਆ ਸਮਝੋ ਉਸ ਨੂੰ ਜਿਊਣਾ ਆ ਗਿਆ। ਜ਼ਿੰਦਗੀ ਦੀਆਂ ਸਮੱਸਿਆਵਾਂ ਆਸਾਨ, ਮੁਸ਼ਕਲ ਅਤੇ ਕਈ ਅਸੰਭਵ ਹੁੰਦੀਆਂ ਹਨ। ਜਿਨ੍ਹਾਂ ਵਿਅਕਤੀਆਂ ਨੂੰ ਅਸੰਭਵ ਚੁਣੌਤੀਆਂ ਦਾ ਸਾਹਮਣਾ ਕਰਨਾ ਪੈਂਦਾ ਹੈ ਉਨ੍ਹਾਂ ਨੂੰ ਲੋਕ ਸਾਰੀ ਉਮਰ ਯਾਦ ਕਰਦੇ ਹਨ।

ਜ਼ਿੰਦਗੀ 'ਚ ਆਉਣ ਵਾਲੀਆਂ ਸਮੱਸਿਆਵਾਂ ਦਾ ਪ੍ਰਭਾਵ ਸਾਡੇ 'ਤੇ ਜ਼ਰੂਰ ਪੈਂਦਾ ਹੈ ਪਰ ਮਹੱਤਵਪੂਰਨ ਇਹ ਹੈ ਕਿ ਅਸੀ ਉਨ੍ਹਾਂ ਨੂੰ ਕਿਸ ਰੂਪ ਵਿਚ ਲੈਂਦੇ ਹਾਂ। ਸਿਆਣੇ ਕਹਿੰਦੇ ਹਨ ਕਿ ਜ਼ਿੰਦਗੀ ਵਿਚ ਆਉਣ ਵਾਲੀਆਂ ਸਮੱਸਿਆਵਾਂ ਚਾਹ ਦੇ ਕੱਪ ਵਿਚ ਜੰਮੀ ਮਲਾਈ ਦੀ ਤਰ੍ਹਾਂ ਹੁੰਦੀਆਂ ਹਨ ਅਤੇ ਕਾਮਯਾਬ ਉਹੀ ਹੁੰਦੇ ਹਨ ਜਿਨ੍ਹਾਂ ਨੂੰ ਫੂਕ ਮਾਰ ਕੇ ਮਲਾਈ ਨੂੰ ਪਰ੍ਹਾਂ ਹਟਾ ਕੇ ਚਾਹ ਪੀਣਾ ਆਉਂਦਾ ਹੈ। ਸਮੱਸਿਆਵਾਂ ਆਉਣ 'ਤੇ ਨਿਰਾਸ਼ ਜਾਂ ਬੇਚੈਨ ਨਾ ਹੋਵੋ ਬਲਕਿ ਇਨ੍ਹਾਂ ਸਾਹਮਣੇ ਡਟਣ ਲਈ ਤਿਆਰ ਰਹੋ ਕਿਉਂਕਿ ਨਿਰਾਸ਼ਾ ਵਾਲੇ ਜੀਵਨ ਵਿਚ ਕਦੇ ਪ੍ਰਸੰਨਤਾ ਦਾ ਪ੍ਰਵੇਸ਼ ਨਹੀਂ ਹੁੰਦਾ। ਜਿਸ ਜੀਵਨ ਵਿਚ ਪ੍ਰਸੰਨਤਾ ਦਾ ਪ੍ਰਵੇਸ਼ ਨਹੀਂ ਹੁੰਦਾ ਉਸ ਦਾ ਵਿਕਾਸ ਕਿਸੇ ਵੀ ਤਰ੍ਹਾਂ ਸੰਭਵ ਨਹੀਂ ਹੁੰਦਾ। ਇਸ ਲਈ ਜ਼ਿੰਦਗੀ ਵਿਚ ਆਉਣ ਵਾਲੀਆਂ ਸਮੱਸਿਆਵਾਂ ਤੋਂ ਕਦੇ ਨਾ ਡਰੋ। ਇਹ ਤਾਂ ਉਸ ਥੈਲ਼ਾ ਵਾਂਗ ਹੁੰਦੀਆਂ ਹਨ ਜਿਸ ਵਿਚ ਕਪਾਹ ਭਰੀ ਹੁੰਦੀ ਹੈ।ਉਨ੍ਹਾਂ ਲੋਕਾਂ ਨੂੰ ਇਹ ਥੈਲਾ ਭਾਰਾ ਲੱਗਦਾ ਹੈ ਜੋ ਇਸ ਨੂੰ ਕੇਵਲ ਵੇਖਦੇ ਹਨ ਪਰ ਉਨ੍ਹਾਂ ਨੂੰ ਹਲਕਾ ਜੋ ਇਸ ਨੂੰ ਚੁੱਕਦੇ ਹਨ। ਦੁਨੀਆਂ ਦੀ ਕੋਈ ਵੀ ਪਰੇਸ਼ਾਨੀ ਤੁਹਾਡੀ ਹਿੰਮਤ ਤੋਂ ਵੱਡੀ ਨਹੀਂ ਹੈ।ਯਾਦ ਰੱਖੋ ਦੁਨੀਆਂ ਦੀਆਂ ਸਾਰੀਆਂ ਸ਼ਕਤੀਆਂ ਤੁਹਾਡੇ ਅੰਦਰ ਮੌਜੂਦ ਹਨ ਪਰ ਮੁਸ਼ਕਲ ਇਹ ਹੈ ਕਿ ਆਮ ਜ਼ਿੰਦਗੀ ਗੁਜ਼ਾਰਦੇ ਸਮੇਂ ਅਸੀਂ ਕਦੇ ਆਤਮ-ਚਿੰਤਨ ਨਹੀਂ ਕਰਦੇ ਜਿਸ ਦੇ ਸਿੱਟੇ ਵਜੋਂ ਜੀਵਨ ਵਿਚ ਮੁਸ਼ਕਲ ਆਈ ਨਹੀਂ ਕਿ ਭਵਿੱਖ ਦੀ ਚਿੰਤਾ ਵਿਚ ਸੋਚ-ਸੋਚ ਕੇ ਮਨੁੱਖ ਤਨੋਂ-ਮਨੋਂ ਕਮਜ਼ੋਰ ਹੁੰਦਾ ਜਾਂਦਾ ਹੈ। ਸਮੱਸਿਆਵਾਂ ਤਾਂ ਇੱਕ ਕੱਪੜੇ ਧੋਣ ਵਾਲੀ ਮਸ਼ੀਨ ਵਾਂਗ ਹੁੰਦੀਆਂ ਹਨ ਜੋ ਸਾਨੂੰ ਇੱਧਰ-ਉੱਧਰ ਹਿਲਾਉਂਦੀਆਂ ਹਨ ਅਤੇ ਅੰਤ ਵਿਚ ਅਸੀਂ ਚਮਕਦਾਰ ਅਤੇ ਪਹਿਲਾਂ ਨਾਲੋਂ ਵੀ ਸਾਫ਼ ਹੋ ਕੇ ਨਿਕਲਦੇ ਹਾਂ। ਆਪਣੇ ਅੰਦਰ ਦੀਆਂ ਸ਼ਕਤੀਆਂ ਨੂੰ ਪਛਾਣੋ।ਮੁਸ਼ਕਲਾਂ ਨਾਲ ਲੋਹਾ ਲੈ ਕੇ ਹੀ ਮਨੁੱਖ ਦਾ ਚਰਿੱਤਰ ਚਮਕਦਾ ਹੈ। ਮੁਸ਼ਕਲਾਂ ਨਾਲ ਲੜਨ ਨਾਲ ਹੀ ਮਨੁੱਖ 'ਚ ਸ਼ਕਤੀ ਦਾ ਸੰਚਾਰ ਹੁੰਦਾ ਹੈ ਜਿਸ ਦੇ ਬਲਬੂਤੇ ਉਹ ਸਫਲਤਾ ਹਾਸਲ ਕਰਦਾ ਹੈ। ਸਮੱਸਿਆਵਾਂ ਵੇਲੇ ਯਾਦ ਰੱਖੋ ਕਿ ਜਿਵੇਂ ਸਰਦੀਆਂ ਵਿਚ ਧੁੰਦ ਸੂਰਜ ਦੀ ਰੋਸ਼ਨੀ ਦੇ ਰਾਹ 'ਚ ਵੱਡੀ ਰੁਕਾਵਟ ਬਣਦੀ ਹੈ ਪਰ ਸੂਰਜ ਇਸ ਨੂੰ ਮੇਟ ਕੇ ਆਪਣੀ ਲੋਅ ਧਰਤੀ ਤੱਕ ਲੈ ਆਉਂਦਾ ਹੈ, ਉਸੇ ਤਰ੍ਹਾਂ ਆਤਮ-ਚਿੰਤਨ ਕਰਕੇ ਇਨ੍ਹਾਂ ਦੇ ਕਾਰਨਾਂ ਨੂੰ ਸਮਝਦੇ ਹੋਏ ਅੱਗੇ ਵਧੋ, ਇਹ ਤੁਹਾਡੇ ਲਈ ਰਾਹ ਖਾਲੀ ਕਰੀ ਜਾਣਗੀਆਂ। ਜਦੋਂ ਕੁਦਰਤ ਨੇ ਸਾਨੂੰ ਚਮਕਾਉਣਾ ਹੋਵੇ ਤਾਂ ਸਾਡਾ ਦਾਖਲਾ ਉਹ ਮੁਸੀਬਤਾਂ ਦੇ ਸਕੂਲ ਵਿਚ ਕਰਵਾ ਦਿੰਦੀ ਹੈ। ਕਿਸੇ ਸਿਆਣੇ ਨੇ ਸੱਚ ਹੀ ਕਿਹਾ ਹੈ:

"ਚੱਲਣ ਦੀ ਕੋਸ਼ਿਸ਼ ਤਾਂ ਕਰੋ, ਦਿਸ਼ਾਏਂ ਬਹੁਤ ਹੈ।ਰਾਸਤੇ ਮੇਂ ਬਿਖਰੇ ਕਾਂਟੋਂ ਸੇ ਨਾ ਡਰੋ, ਤੁਮਹਾਰੇ ਸਾਥ ਦੁਆਏਂ ਬਹੁਤ ਹੈਂ"।

ਸਮੱਸਿਆਵਾਂ ਜ਼ਿਆਦਾਤਰ ਸਾਡੀ ਗੈਰਜ਼ਿੰਮੇਵਾਰੀ ਦਾ ਨਤੀਜਾ ਹੁੰਦੀਆਂ ਹਨ।ਉਹ ਕੰਮ ਜੋ ਸਾਨੂੰ ਉਸ ਸਮੇਂ ਕਰਨੇ ਚਾਹੀਦੇ ਸਨ ਜਦੋਂ ਉਨ੍ਹਾਂ ਦਾ ਵਕਤ ਸੀ ਨਹੀਂ ਕੀਤੇ, ਉਹ ਅੱਗੇ ਚੱਲ ਕੇ ਸਮੱਸਿਆਵਾਂ ਬਣ ਗਏ। ਬਹੁਤੇ ਵਾਰ ਸਮੱਸਿਆਵਾਂ ਸਾਡੇ ਆਪਣੇ ਵਿਵਹਾਰ ਦੀ ਹੀ ਦੇਣ ਹੁੰਦੀਆਂ ਹਨ। ਜੋ ਨਿਯਮਾਂ ਦੀ ਪਾਲਣਾ ਨਹੀਂ ਕਰਦਾ ਉਸ ਦਾ ਜੀਵਨ ਸੰਕਟਾਂ ਵਿੱਚ ਘਿਰ ਜਾਂਦਾ ਹੈ। ਨਿਯਮਾਂ ਦੀ ਪਾਲਣਾ ਨਾ ਕਰਨ ਵਾਲਾ ਮਨੁੱਖ ਅਨੁਸ਼ਾਸਨ ਗੁਆ ਬੈਠਦਾ ਹੈ ਜਿਸ ਕਰਕੇ ਉਸ ਦਾ ਜੀਵਨ ਚੁਣੌਤੀਆਂ ਵਿਚ ਫਸ ਜਾਂਦਾ ਹੈ। ਜਦੋਂ ਵਿਅਕਤੀ ਆਪਹੁਦਰੀਆਂ ਗੱਲਾਂ ਵਿਚ ਉਲਝਦਾ ਹੋਇਆ ਆਪਣੀਆਂ ਅੰਦਰਲੀਆਂ ਅਤੇ ਬਾਹਰਲੀਆਂ ਅੱਖਾਂ ਗੁਆ ਲੈਂਦਾ ਹੈ ਤਾਂ ਉਸ ਨੂੰ ਬਹੁਤ ਸਾਰੀਆਂ ਔਕੜਾਂ ਦਾ ਸਾਹਮਣਾ ਕਰਨਾ ਪੈਂਦਾ ਹੈ। ਵਿਅਕਤੀ ਦਾ ਦੂਹਰਾ ਆਚਰਣ ਵੀ ਸਾਡੀਆਂ ਸਮੱਸਿਆਵਾਂ ਦੀ ਜੜ੍ਹ ਹੈ। ਦੋਗਲੀ ਜ਼ਿੰਦਗੀ ਜਿਊਣ ਵਾਲੇ ਅਜਿਹੇ ਵਿਅਕਤੀ ਦੀ ਅੰਤਰ-ਆਤਮਾ ਉਸ ਨੂੰ ਹਰ ਵੇਲੇ ਦੁਰਕਾਰਦੀ ਰਹਿੰਦੀ ਹੈ ਜਿਸ ਕਾਰਨ ਉਸ ਨੂੰ ਇਨ੍ਹਾਂ ਸਮੱਸਿਆਵਾਂ ਤੋਂ ਨਿਜਾਤ ਪਾਉਣ ਦਾ ਕੋਈ ਹੱਲ ਨਹੀਂ ਲੱਭਦਾ।ਸਾਡੀਆਂ ਕੁਝ ਸਮੱਸਿਆਵਾਂ ਕੇਵਲ ਇਸ ਕਾਰਨ ਵੀ ਹਨ ਕਿ ਅਸੀਂ ਉਨ੍ਹਾਂ ਨੂੰ ਸੁਧਾਰਨ ਲਈ ਬਣਦੀ ਜ਼ਿੰਮੇਵਾਰੀ ਤੋਂ ਮੁਨਕਰ ਹੋ ਗਏ ਹਾਂ। ਸਾਨੂੰ ਯਾਦ ਰੱਖਣਾ ਚਾਹੀਦਾ ਹੈ ਕਿ ਜੇ ਤੈਰਨਾ ਸਿੱਖਣਾ ਹੈ ਤਾਂ ਪਾਣੀ ਵਿਚ ਉਤਰਨਾ ਹੀ ਪਵੇਗਾ।

ਅਸੀਂ ਜੀਵਨ ਵਿਚ ਛੋਟੀਆਂ-ਛੋਟੀਆਂ ਗੱਲਾਂ ਆਪਣੇ ਦਿਮਾਗ਼ ਵਿਚ ਭਰੀ ਜਾਂਦੇ ਹਾਂ ਅਤੇ ਉਨ੍ਹਾਂ ਵਿਚ ਹੀ ਆਪਣੀ ਊਰਜਾ ਖ਼ਤਮ ਕਰਦੇ ਰਹਿੰਦੇ ਹਾਂ ਜਿਸ ਕਾਰਨ ਮੁੱਖ ਗੱਲਾਂ ਲਈ ਸਾਡੇ ਕੋਲ ਵਕਤ ਹੀ ਨਹੀਂ ਹੁੰਦਾ ਜਿਸ ਕਾਰਨ ਵੀ ਅਸੀਂ ਸਮੱਸਿਆਵਾਂ ਵਿਚ ਘਿਰ ਜਾਂਦੇ ਹਾਂ। ਇਹ ਠੀਕ ਹੈ ਕਿ ਜਿਵੇਂ ਸਾਗਰ ਲਹਿਰਾਂ ਤੋਂ ਬਿਨਾ ਨਹੀਂ ਹੁੰਦਾ, ਓਵੇਂ ਜ਼ਿੰਦਗੀ ਵੀ ਤਕਲੀਫ਼ਾਂ, ਮੁਸ਼ਕਿਲਾਂ ਤੋਂ ਬਿਨਾ ਨਹੀਂ ਹੁੰਦੀ। ਸਤਰੰਗੀ ਪੀਂਘ ਬਣਾਉਣ ਲਈ ਮੀਂਹ ਅਤੇ ਧੁੱਪ ਦੋਵਾਂ ਦਾ ਹੋਣਾ ਜ਼ਰੂਰੀ ਹੈ ਪਰ ਸਮੱਸਿਆਵਾਂ ਕੋਈ ਇੰਨੀਆਂ ਤਾਕਤਵਰ ਨਹੀਂ ਹੁੰਦੀਆਂ ਜਿੰਨੀਆਂ ਅਸੀਂ ਉਨ੍ਹਾਂ ਨੂੰ ਸਮਝ ਲੈਂਦੇ ਹਾਂ।ਕਦੇ ਸੁਣਿਆ ਹੈ ਕਿ 'ਅੰਧੇਰੋਂ ਨੇ ਸੁਬਹ ਨਾ ਹੋਣੇ ਦੀ ਹੈ' ।ਕਾਮਯਾਬੀ ਦਾ ਜਨੂੰਨ ਹੋਣਾ ਚਾਹੀਦਾ ਹੈ ਮੁਸ਼ਕਿਲਾਂ ਦੀ ਕੀ ਔਕਾਤ ਹੈ ਕਿ ਤੁਹਾਡਾ ਰਾਹ ਰੋਕ ਸਕਣ।ਜੇਕਰ ਜ਼ਿੰਦਗੀ ਦੇ ਉਤਰਾਵਾਂ ਨੂੰ ਸਬਰ ਨਾਲ ਸਹਿਣ ਕਰ ਲਿਆ ਜਾਵੇ ਤਾਂ ਸਮੱਸਿਆਵਾਂ ਨੂੰ ਸਲਝਾਉਣ ਵਿਚ ਵੀ ਆਨੰਦ ਮਿਲਦਾ ਹੈ। ਜ਼ਿੰਮੇਵਾਰ ਬਣਨ ਅਤੇ ਸਮਝ ਕੇ ਫੈਸਲੇ ਕਰਨ ਦੀ ਜਾਚ ਸਿੱਖਣ ਦੀ ਕੋਸ਼ਿਸ਼ ਕਰੀਏ। ਕੋਈ ਸਾਡੇ ਮਸਲੇ ਹੱਲ ਨਹੀਂ ਕਰੇਗਾ ਐਵੇਂ ਅਵੇਸਲੇ ਹੀ ਦਰਿਆ ਦੇ ਕਿਨਾਰੇ ਬੈਠ ਕੇ ਪਿਆਸੇ ਨਾ ਮਰੀਏ। ਦੁਨੀਆਂ ਦੀ ਸਭ ਤੋਂ ਵਧੀਆ ਕਿਤਾਬ ਅਸੀਂ ਖੁਦ ਹਾਂ। ਖੁਦ ਨੂੰ ਸਮਝ ਲਓ ਸਾਰੀਆਂ ਸਮੱਸਿਆਵਾਂ ਦਾ ਹੱਲ ਮਿਲ ਜਾਵੇਗਾ।ਜ਼ਿੰਦਗੀ ਦੀ ਗੁਣਾਤਮਕਤਾ ਓਨੀ ਦੇਰ ਨਹੀਂ ਸੁਧਰਦੀ ਜਿੰਨੀ ਦੇਰ ਤੱਕ ਸਾਡੇ ਵਿਚਾਰ ਅਤੇ ਸਾਡੇ ਸੋਚਣ ਦੇ ਤਰੀਕੇ ਨਹੀਂ ਸੁਧਰਦੇ। ਜਦੋਂ ਜੀਵਨ ਵਿਚ ਸਮੱਸਿਆਵਾਂ ਆਉਣ ਤਾਂ ਬੇਚੈਨ ਹੋਣ ਦੀ ਬਜਾਏ ਸ਼ਾਂਤ ਰਹਿ ਕੇ ਵਿਚਾਰ ਕਰੋ ਹੱਲ ਜ਼ਰੂਰ ਨਿਕਲੇਗਾ।

ਸਿਆਣੇ ਕਹਿੰਦੇ ਹਨ ਕਿ ਹਰ ਸਮੱਸਿਆ ਵਿਚ ਕੋਈ ਦਿਲਚਸਪ ਗੱਲ ਲੁਕੀ ਹੁੰਦੀ ਹੈ।ਮਜ਼ਾ ਇਸ ਵਿਚ ਹੈ ਕਿ ਅਸੀਂ ਉਸ ਨੂੰ ਲੱਭ ਲਈਏ। ਇਕ ਪ੍ਰੇਰਕ ਦੇ ਦੱਸਣ ਅਨੁਸਾਰ ਹਰ ਸਮੱਸਿਆ ਵਿਚ ਇਕ ਕਮਜ਼ੋਰ ਜਗ੍ਹਾ ਹੁੰਦੀ ਹੈ।ਇਹ ਤੁਹਾਡੇ ਵੱਲ ਵੇਖ ਕੇ ਲੁਕਣਮੀਟੀ ਖੇਡਣ ਲਈ ਬੁਲਾ ਰਹੀ ਹੁੰਦੀ ਹੈ। ਇਸ ਨੂੰ ਲੱਭ ਲੈਣ ਨਾਲ ਸਮੱਸਿਆ ਤਾਂ ਹੱਲ ਹੋ ਹੀ ਜਾਵੇਗੀ ਨਾਲ ਹੀ ਇਸ ਵਿਚੋਂ ਇੱਕ ਅਨੋਖੀ ਚੀਜ਼ ਵੀ ਨਿਕਲ ਕੇ ਆਉਂਦੀ ਹੈ ਜੋ ਜੀਵਨ ਵਿਚ ਸਾਡੇ ਕਦਮ ਅੱਗੇ ਤੋਂ ਅੱਗੇ ਵਧਾਉਣ ਲਈ ਲਾਹੇਵੰਦ ਹੁੰਦੀ ਹੈ। ਇਸ ਲਈ ਗਹਿਰਾਈ ਨਾਲ ਵਿਚਾਰ ਕਰਦੇ ਹੋਏ ਇਨ੍ਹਾਂ ਦਾ ਹੱਲ ਲਭੋ ਕਿਉਂਕਿ ਲਾਜਵਾਬ ਮੋਤੀ ਕਦੇ ਕਿਨਾਰਿਆਂ ਤੋਂ ਨਹੀਂ ਮਿਲਦੇ।ਤੁਸੀਂ ਜਿੰਨੀ ਮਿਹਨਤ ਅਤੇ ਵਿਸ਼ਵਾਸ ਨਾਲ ਕੰਮ ਕਰੋਗੇ ਹਰ ਪਲ ਵੀ ਓਨਾ ਹੀ ਬਿਹਤਰ ਅਤੇ ਮਿੱਠਾ ਮਿਲੇਗਾ। •

# ਆਰਟੀਓ ਇਨਫੋਰਸਮੈਂਟ ਟੀਮ ਵਲੋਂ ਸਕੂਲ ਸੇਫ਼ ਵਾਹਨ ਨੀਤੀ ਤਹਿਤ ਸਮਾਣਾ ਰੋਡ ’ਤੇ ਚੈਕਿੰਗ ਮੁਹਿੰਮ



ਪਟਿਆਲਾ, 2 ਜੂਨ
-ਕੌਮੀ ਪੱਤ੍ਰਿਕਾ ਬਿਊਰੋ-

ਪਟਿਆਲਾ ਦੇ ਖੇਤਰੀ ਟਰਾਂਸਪੋਰਟ ਅਫ਼ਸਰ (ਆਰਟੀਓ) ਬਬਨਦੀਪ ਸਿੰਘ ਵਾਲੀਆ ਨੇ ਦੱਸਿਆ ਹੈ ਕਿ ਆਰਟੀਓ ਇਨਫੋਰਸਮੈਂਟ ਟੀਮ ਵੱਲੋਂ ਸਕੂਲ ਸੇਫ਼ ਵਾਹਨ ਨੀਤੀ ਨੀਤੀ ਪਹਿਲਕਦਮੀ ਤਹਿਤ ਸਮਾਣਾ ਰੋਡ ’ਤੇ ਇੱਕ ਨਿਸ਼ਾਨਾਬੱਧ ਇਨਫੋਰਸਮੈਂਟ ਮੁਹਿੰਮ ਚਲਾਈ ਗਈ।

ਕਾਰਵਾਈ ਦੇ ਵੇਰਵੇ ਸਾਂਝੇ ਕਰਦੇ ਹੋਏ, ਆਰਟੀਓ ਬਬਨਦੀਪ ਸਿੰਘ ਵਾਲੀਆ ਨੇ ਕਿਹਾ ਕਿ ਮੁਹਿੰਮ ਦੌਰਾਨ ਕੁੱਲ 8 ਵਾਹਨਾਂ ਦੇ ਚਲਾਨ ਕੀਤੇ ਗਏ। ਇਨ੍ਹਾਂ ਵਿੱਚ ਦੋ ਟਰੈਕਟਰ, ਦੋ ਮੈਕਸੀ ਕੈਬ (ਵੈਧ ਪਰਮਿਟਾਂ ਤੋਂ ਬਿਨਾਂ ਸਕੂਲੀ ਬੱਚਿਆਂ ਨੂੰ ਲਿਜਾਂਦੇ ਹੋਏ ਪਾਏ ਗਏ), ਇੱਕ ਮੋਟਰ ਕੈਬ ਅਤੇ ਇੱਕ ਓਵਰਲੋਡ ਟਰੱਕ ਸ਼ਾਮਲ ਹਨ।

ਮੁਹਿੰਮ ਦੌਰਾਨ ਸਾਹਮਣੇ ਆਇਆ ਉਲੰਘਣਾਵਾਂ ਵਿੱਚ ਨਿੱਜੀ ਵਾਹਨਾਂ ਦੀ ਅਣਅਧਿਕਾਰਤ ਵਪਾਰਕ ਵਰਤੋਂ, ਵੈਧ ਰੂਟ ਪਰਮਿਟਾਂ ਦੀ ਅਣਹੋਂਦ, ਰੋਡ ਟੈਕਸ ਦਾ ਭੁਗਤਾਨ ਨਾ ਕਰਨਾ, ਫਿਟਨੈਸ ਸਰਟੀਫਿਕੇਟ ਦੀ ਘਾਟ, ਵੈਧ ਲਾਇਸੈਂਸ ਜਾਂ ਬੀਮੇ ਤੋਂ ਬਿਨਾਂ ਗੱਡੀ ਚਲਾਉਣਾ, ਅਤੇ ਸਹੀ ਅਧਿਕਾਰ ਤੋਂ ਬਿਨਾਂ ਸਕੂਲੀ ਬੱਚਿਆਂ ਦੀ ਆਵਾਜਾਈ ਸ਼ਾਮਲ ਹੈ।

ਆਰਟੀਓ ਵਾਲੀਆ ਨੇ ਕਿਹਾ ਕਿ ਇਨਫੋਰਸਮੈਂਟ ਮੁਹਿੰਮ ਸੁਰੱਖਿਅਤ ਵਾਹਨ ਨੀਤੀ ਦੇ ਵਿਆਪਕ ਲਾਗੂਕਰਨ ਦਾ ਹਿੱਸਾ ਹੈ, ਜਿਸਦਾ ਉਦੇਸ਼ ਜਨਤਕ ਸੜਕਾਂ 'ਤੇ ਅਸੁਰੱਖਿਅਤ ਅਤੇ ਅਣਅਧਿਕਾਰਤ ਵਾਹਨਾਂ ਦੇ ਸੰਚਾਲਨ ਨੂੰ ਰੋਕਣਾ ਹੈ, ਖਾਸ ਕਰਕੇ ਸਕੂਲੀ ਬੱਚਿਆਂ ਲਈ ਜੋਖਮ ਪੈਦਾ ਕਰਨ ਵਾਲੇ ਵਾਹਨ।

ਉਨ੍ਹਾਂ ਅੱਗੇ ਕਿਹਾ ਕਿ ਸੜਕ ਸੁਰੱਖਿਆ ਨਿਯਮਾਂ ਦੀ ਸਖ਼ਤੀ ਨਾਲ ਪਾਲਣਾ ਨੂੰ ਯਕੀਨੀ ਬਣਾਉਣ ਲਈ ਭਵਿੱਖ ਵਿੱਚ ਵੀ ਅਜਿਹੀਆਂ ਇਨਫੋਰਸਮੈਂਟ ਮੁਹਿੰਮਾਂ ਜਾਰੀ ਰਹਿਣਗੀਆਂ। ਡਿਫਾਲਟਰਾਂ ਦੇ ਚਲਾਨ ਕੀਤੇ ਜਾਣਗੇ, ਅਤੇ ਨਿਯਮਾਂ ਦੀ ਉਲੰਘਣਾ ਕਰਨ ਵਾਲੇ ਵਾਹਨਾਂ ਨੂੰ ਜ਼ਬਤ ਕੀਤਾ ਜਾਵੇਗਾ।

# ਡਾ: ਬਲਬੀਰ ਸਿੰਘ ਨੇ 16 ਪਿੰਡਾਂ ਦੇ ਵਿਕਾਸ ਕਾਰਜਾਂ ਦਾ ਲਿਆ ਜਾਇਜ਼ਾ, ਪਿੰਡ ਵਾਸੀਆਂ ਤੋਂ ਲਏ ਸੁਝਾਅ

➢ ਪਿੰਡ ਪੱਧਰ ’ਤੇ ਆ ਰਹੀਆਂ ਸਮੱਸਿਆਵਾਂ ਦੇ ਹੱਲ ਲਈ ਅਧਿਕਾਰੀਆਂ ਨੂੰ ਕੀਤੀ ਹਦਾਇਤ

➢ ਆਪ ਸਰਕਾਰ ਤੁਹਾਡੇ ਦੁਆਰ ਸਕੀਮ ਤਹਿਤ ਲੋਕਾਂ ਵਿੱਚ ਬੈਠ ਕੇ ਉਹਨਾਂ ਦੇ ਮਸਲੇ ਹੱਲ ਕਰਾਂਗੇ



ਪਟਿਆਲਾ, 2 ਜੂਨ
-ਕੌਮੀ ਪੱਤ੍ਰਿਕਾ ਬਿਊਰੋ-

ਪੰਜਾਬ ਦੇ ਸਿਹਤ ਤੇ ਪਰਿਵਾਰ ਭਲਾਈ ਮੰਤਰੀ ਨੇ ਅੱਜ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਵਿਖੇ ਪਟਿਆਲਾ ਦਿਹਾਤੀ ਖੇਤਰ ਵਿੱਚ ਆਉਣ ਵਾਲੇ 16 ਪਿੰਡਾਂ ਅਲੋਵਾਲ, ਬਖ਼ਸ਼ੀਵਾਲਾ,ਫੱਗਣ ਮਾਜਰਾ, ਕਰਮਗੜ੍ਹ, ਨੰਦਪੁਰ ਕੇਸ਼ੋ, ਰੋੜਗੜ੍ਹ , ਚਲੈਲਾ, ਖਲੀਫੇਵਾਲ ,ਹਰਦਾਸਪੁਰ, ਕਸਿਆਣਾ, ਬਾਰਨ, ਨਿਊ ਬਾਰਨ, ਮਾਜਰੀ ਅਕਾਲੀਆਂ, ਫਰੀਦਪੁਰ, ਕਲਵਾ, ਮਿਰਜ਼ਾਪੁਰ ਨਾਲ ਅਤੇ ਪ੍ਰਸ਼ਾਸਨ ਨਾਲ ਮੀਟਿੰਗ ਕਰਕੇ ਪਿੰਡਾਂ ਦੇ ਵਿਕਾਸ ਕਾਰਜਾਂ ਦਾ ਜਾਇਜ਼ਾ ਲਿਆ। ਇਸ ਮੀਟਿੰਗ ਵਿੱਚ ਪਿੰਡ ਪੱਧਰ ‘ਤੇ ਆ ਰਹੀਆਂ ਵੱਖ-ਵੱਖ ਸਮੱਸਿਆਵਾਂ ਬਾਰੇ ਗੰਭੀਰ ਵਿਚਾਰ ਚਰਚਾ ਕੀਤੀ ਗਈ ਅਤੇ ਸਮਾਂਬੱਧ ਤਰੀਕੇ ਨਾਲ ਇਹਨਾਂ ਦਾ ਹੱਲ ਕਰਨ ਲਈ ਸਬੰਧਤ ਵਿਭਾਗਾਂ ਦੇ ਅਧਿਕਾਰੀਆਂ ਨੂੰ ਹਦਾਇਤ ਕੀਤੀ ਗਈ।

ਡਾ: ਬਲਬੀਰ ਸਿੰਘ ਨੇ ਮੀਟਿੰਗ ਵਿੱਚ ਮੁੱਖ ਤੌਰ ‘ ਤੇ ਪਿੰਡਾਂ ‘ ਚ ਛੱਪੜਾਂ ਦੀ ਸਫਾਈ , ਥਾਪਰ ਮਾਡਲ, ਸੀਚੇਵਾਲ ਮਾਡਲ, ਸੜਕਾਂ ਦੀ ਦਰੁਸਤੀ , ਪੀਣ ਵਾਲਾ ਸਾਫ਼ ਸੁਥਰਾ ਪਾਣੀ, ਸਟਰੀਟ ਲਾਈਟਾਂ, ਬਰਸਾਤੀ ਪਾਣੀ ਕਾਰਨ ਪੈਦਾ ਹੋਣ ਵਾਲੀਆਂ ਬਿਮਾਰੀਆਂ , ਨਹਿਰੀ ਪਾਣੀ ਦੀ ਵਰਤੋਂ ਅਤੇ ਪਿੰਡਾਂ ਨਾਲ ਸਬੰਧਤ ਮਾਮਲੇ ਵਿਚਾਰੇ ਅਤੇ ਇਹਨਾਂ ਨੂੰ ਸਮਾਂਬੱਧ ਤਰੀਕੇ ਨਾਲ ਹੱਲ ਕਰਨ ਦੀ ਯੋਜਨਾ ਬਣਾਈ। ਉਹਨਾਂ ਕਿਹਾ ਕਿ ਪੰਜਾਬ ਦੇ ਮੁੱਖ ਮੰਤਰੀ ਸ੍ਰ: ਭਗਵੰਤ ਸਿੰਘ ਮਾਨ ਦੀ ਸਕੀਮ ਆਪ ਸਰਕਾਰ ਤੁਹਾਡੇ ਦੁਆਰ ਤਹਿਤ ਲੋਕਾਂ ਦੇ ਵਿੱਚ ਬੈਠ ਕੇ ਉਹਨਾਂ ਦੇ ਮਸਲੇ ਹੱਲ ਕਰਾਂਗੇ।

ਸਿਹਤ ਮੰਤਰੀ ਨੇ ਸਿਵਲ ਸਰਜਨ ਨੂੰ ਚਿਕਨਗੁਨੀਆ, ਡੇਂਗੂ ਅਤੇ ਕਰੋਨਾ ਵਰਗੀਆਂ ਬਿਮਾਰੀਆਂ ਤੋਂ ਬਚਾਅ ਲਈ ਜਰੂਰੀ ਕਦਮ ਚੁੱਕਣ ਦੇ ਨਿਰਦੇਸ਼ ਦਿੱਤੇ । ਕਰੋਨਾ ਵਰਗੀ ਬਿਮਾਰੀ ਤੋਂ ਬਚਾਅ ਲਈ ਉਹਨਾਂ ਲੋਕਾਂ ਨੂੰ ਅਪੀਲ ਕੀਤੀ ਕਿ ਜੋ ਹਾਈ ਸ਼ੂਗਰ , ਕੈਂਸਰ ਜਾਂ ਡਾਇਲਿਸਿਜ਼ ਦੇ ਮਰੀਜ ਹਨ ਉਹ ਲੋਕ ਆਪਣੇ ਘਰਾਂ ਵਿੱਚ ਹੀ ਰਹਿਣ ਅਤੇ ਬਾਹਰ ਜਾਣ ਤੋਂ ਪਰਹੇਜ਼ ਕਰਨ।

ਸਿਹਤ ਮੰਤਰੀ ਨੇ ਵਿਕਾਸ ਕਾਰਜਾਂ ਨੂੰ ਹੋਰ ਸੁਚੱਜੇ ਢੰਗ ਨਾਲ ਨੇਪਰੇ ਚਾੜ੍ਹਨ ਲਈ ਪਿੰਡਾਂ ਵਾਸੀਆਂ ਤੋਂ ਸੁਝਾਅ ਲਏ । ਉਹਨਾਂ ਪਿੰਡ ਵਾਸੀਆਂ ਤੋਂ ਸੁਝਾਅ ਲਿਆ ਕਿ ਕਿਵੇਂ ਬਰਸਾਤੀ ਦਿਨਾਂ ਵਿੱਚ ਪਾਣੀ ਦੀ ਸਮੱਸਿਆ ਨੂੰ ਹੱਲ ਕੀਤਾ ਜਾ ਸਕਦਾ ਹੈ। ਉਹਨਾਂ ਕਿਹਾ ਕਿ ਨਵੀਆਂ ਕਾਲੋਨੀਆਂ ਵਿੱਚ ਪਾਣੀ ‘ ਤੇ ਸੀਵਰੇਜ ਦੀ ਸਮੱਸਿਆ ਵੀ ਜਲਦ ਹੀ ਹੱਲ ਕੀਤੀ ਜਾਵੇਗੀ। ਇਸ ਲਈ ਸਬੰਧਤ ਵਿਭਾਗ ਦੇ ਅਧਿਕਾਰੀਆਂ ਨੂੰ ਹਦਾਇਤ ਵੀ ਕੀਤੀ ਗਈ। ਸਿਹਤ ਮੰਤਰੀ ਨੇ ਕਿਹਾ ਕਿ ਲੋਕਾਂ ਨੇ ਇਕ ਆਵਾਜ਼ ਵਿੱਚ ਇਕੱਠੇ ਹੋ ਕੇ ਯੁੱਧ ਨਸ਼ਿਆਂ ਵਿਰੁੱਧ ਮੁਹਿੰਮ ਨੂੰ ਭਰਵਾਂ ਹੁੰਘਾਰਾ ਦਿੱਤਾ ਹੈ। ਉਹਨਾਂ ਕਿਹਾ ਕਿ ਲੋਕਾਂ ਵੱਲੋਂ ਇਹ ਮੰਗ ਕੀਤੀ ਜਾ ਰਹੀ ਹੈ ਕਿ ਜਿੱਥੇ ਮੁਹੱਲਾ ਕਲੀਨਿਕ ਨਹੀ ਹਨ ਉੱਥੇ ਮੁਹੱਲਾ ਕਲੀਨਿਕ ਬਣਵਾਏ ਜਾਣ ਅਤੇ ਸਿਖਿਆ ਦੇ ਖੇਤਰ ਵਿੱਚ ਵੀ ਸਰਕਾਰ ਦੇ ਉਪਰਾਲਿਆਂ ਨੂੰ ਲੋਕਾਂ ਵੱਲੋਂ ਸਰਾਹਿਆ ਜਾ ਰਿਹਾ ਹੈ ।

ਇਸ ਮੌਕੇ ਐਸ.ਡੀ.ਐਮ, ਬੀ.ਡੀ.ਪੀ.ਓਜ਼ ,ਸਿਵਲ ਸਰਜਨ ਜਗਪਾਲਇੰਦਰ ਸਿੰਘ, , ਕਾਉਂਸਲਰ ਜਸਵੀਰ ਗਾਂਧੀ, ਜੇ ਸ਼ੰਕਰ ਸ਼ਰਮਾ, ਵੱਖ-ਵੱਖ ਵਿਭਾਗਾਂ ਦੇ ਅਧਿਕਾਰੀ, ਕਰਮਚਾਰੀ ਅਤੇ 16 ਪਿੰਡਾਂ ਦੀਆਂ ਪੰਚਾਇਤਾਂ ਦੇ ਮੈਂਬਰ ਹਾਜ਼ਰ ਸਨ।

# ਧੰਨਾ ਭਗਤ ਬਿਰਧ ਆਸ਼ਰਮ ਦੀ ਨਵੀਂ ਬ੍ਰਾਂਚ ਪਿੰਡ ਮਿਰਜ਼ਾਪੁਰ ਵਿਖੇ ਗਊਸ਼ਾਲਾ ਅਤੇ ਕਮਰਿਆਂ ਦਾ ਕੀਤਾ ਗਿਆ ਉਦਘਾਟਨ



ਪਟਿਆਲਾ, 2 ਜੂਨ
-ਕੌਮੀ ਪੱਤ੍ਰਿਕਾ ਬਿਊਰੋ-

ਧੰਨਾ ਭਗਤ ਬਿਰਧ ਆਸ਼ਰਮ ਵੱਲੋਂ ਆਸ਼ਰਮ ਦੀ ਬ੍ਰਾਂਚ ਪਿੰਡ ਮਿਰਜ਼ਾਪੁਰ ਵਿੱਚ ਗਊਸ਼ਾਲਾ ਅਤੇ ਬਜ਼ੁਰਗਾਂ ਲਈ ਬਣ ਰਹੇ ਨਵੇਂ ਕਮਰਿਆਂ ਦਾ ਉਦਘਾਟਨ ਮਹੰਤ ਰਵੀ ਕਾਂਤ, ਮਹੰਤ ਵਿਸ਼ਨੂੰ ਨੰਦਗਿਰੀ, ਆਰ.ਐਸ.ਐਸ. ਪਟਿਆਲਾ ਸ਼ਾਖਾ ਤੋਂ ਸ਼ਿਆਮ ਵੀਰ ਜੀ (ਵਿਭਾਗ ਪ੍ਰਚਾਰਕ ਸੰਘ) ਵੱਲੋਂ ਸਾਂਝੇ ਤੌਰ ‘ਤੇ ਕੀਤਾ ਗਿਆ। ਇਸ ਮੌਕੇ ਬੋਲਦਿਆਂ ਹੋਇਆਂ ਮਹੰਤ ਰਵੀ ਕਾਂਤ ਨੇ ਕਿਹਾ ਕਿ ਗਊ ਸੇਵਾ ਸਭ ਤੋਂ ਉਤਮ ਸੇਵਾ ਹੈ ਅਤੇ ਗੁਰਸੇਵਕ ਸਿੰਘ ਨੌਲੱਖਾ ਜੀ ਇਸ ਆਸ਼ਰਮ ਵਿੱਚ ਜੋ ਸੇਵਾ ਨਿਭਾਅ ਰਹੇ ਹਨ ਉਹ ਕਾਬਿਲ-ਏ-ਤਾਰੀਫ ਹੈ। ਮਹੰਤ ਵਿਸ਼ਨੂੰ ਨੰਦਗਿਰੀ ਜੀ ਨੇ ਕਿਹਾ ਕਿ ਗੁਰਸੇਵਕ ਸਿੰਘ ਨੌਲੱਖਾ ਇਸ ਆਸ਼ਰਮ ਵਿੱਚ ਬਜ਼ੁਰਗਾਂ ਦੀ ਸੇਵਾ ਕਰਨ ਤੋਂ ਇਲਾਵਾ ਉਨ੍ਹਾਂ ਦੀ ਸਿਹਤ ਦਾ ਵੀ ਖਾਸ ਧਿਆਨ ਰੱਖਦੇ ਹਨ ਜਿਸ ਲਈ ਅੱਜ ਇੱਥੇ ਗਊਸ਼ਾਲਾ ਦਾ ਉਦਘਾਟਨ ਕੀਤਾ ਗਿਆ ਹੈ। ਉਨ੍ਹਾਂ ਕਿਹਾ ਕਿ ਬਜ਼ੁਰਗਾਂ ਲਈ ਹਰੀਆਂ ਸਬਜ਼ੀਆਂ ਵੀ ਇਸੇ ਆਸ਼ਰਮ ਵਿੱਚ ਬੀਜੀਆਂ ਜਾਂਦੀਆਂ ਹਨ। ਸੰਘ ਦੇ ਪ੍ਰਚਾਰਕ ਸ਼ਿਆਮ ਵੀਰ ਜੀ ਨੇ ਕਿਹਾ ਕਿ ਅਸ਼ਟਮੀ ਤੇ ਗਊ ਪੂਜਾ ਕਰਨੀ ਚਾਹੀਦੀ ਹੈ। ਉਨ੍ਹਾਂ ਨੇ ਜੋਤ ਜਗਾ ਕੇ ‘ਜੈ ਸ਼੍ਰੀ ਰਾਮ’ ਦੇ ਨਾਅਰੇ ਲਗਾ ਕੇ ਬਜ਼ੁਰਗਾਂ ਲਈ ਬਣੇ ਨਵੇਂ ਕਮਰਿਆਂ ਦਾ ਉਦਘਾਟਨ ਕੀਤਾ। ਇਸ ਮੌਕੇ ਧੰਨਾ ਭਗਤ ਬਿਰਧ ਆਸ਼ਰਮ ਦੇ ਮੁਖੀ ਗੁਰਸੇਵਕ ਸਿੰਘ ਨੌਲੱਖਾ ਜੀ ਨੇ ਆਏ ਹੋਏ ਸਾਰੇ ਮਹਿਮਾਨਾਂ ਨੂੰ ਜੀ ਆਇਆਂ ਕਿਹਾ। ਸਾਰੇ ਮਹਿਮਾਨਾਂ ਨੂੰ ਆਸ਼ਰਮ ਵਿੱਚ ਹੋਣ ਵਾਲੀਆਂ ਸਾਰੀਆਂ ਗਤੀਵਿਧੀਆਂ ਤੋਂ ਜਾਣੂ ਕਰਵਾਇਆ। ਉਨ੍ਹਾਂ ਨੇ ਕਿਹਾ ਕਿ ਇਸ ਆਸ਼ਰਮ ਦਾ ਸਾਰਾ ਖਰਚਾ ਲੋਕਾਂ ਵੱਲੋਂ ਦਿੱਤੇ ਗਏ ਦਾਨ ਦੁਆਰਾ ਹੀ ਚਲਾਇਆ ਜਾਂਦਾ ਹੈ। ਉਨ੍ਹਾਂ ਨੇ ਆਏ ਹੋਏ ਸਾਰੇ ਮਹਿਮਾਨਾਂ ਨੂੰ ਆਸ਼ਰਮ ਵਿੱਚ ਮੌਜੂਦ ਸ਼ਿਵ ਮੰਦਿਰ, ਧੰਨਾ ਭਗਤ ਅਸਥਾਨ, ਹਵਨ ਕੁੰਡ ਦੇ ਦਰਸ਼ਨ ਕਰਵਾਏ। ਆਏ ਹੋਏ ਸਾਰੇ ਮਹਿਮਾਨ ਆਸ਼ਰਮ ਦੇ ਕੰਮਾਂ ਨੂੰ ਵੇਖ ਕੇ ਬਹੁਤ ਖੁਸ਼ ਹੋਏ। ਸਾਰੇ ਮਹਿਮਾਨਾਂ ਨੇ ਆਸ਼ਰਮ ਵਿੱਚ ਮੌਜੂਦ ਬਜ਼ੁਰਗਾਂ ਦਾ ਹਾਲ ਚਾਲ ਪੁੱਛਿਆ। ਸ਼ਿਆਮ ਵੀਰ ਜੀ ਨੇ ਸਾਰਿਆਂ ਨੂੰ ਲੋਕ ਭਲਾਈ ਲਈ ਸੰਘ ਵੱਲੋਂ ਕੀਤੇ ਜਾ ਰਹੇ ਕੰਮਾਂ ਬਾਰੇ ਜਾਣੂ ਕਰਵਾਇਆ। ਇਸ ਮੌਕੇ ਆਸ਼ਰਮ ਦੇ ਮੁਖੀ ਗੁਰਸੇਵਕ ਸਿੰਘ ਨੌਲੱਖਾ ਨੇ ਮਹਿਮਾਨਾਂ ਨੂੰ ਵਿਸ਼ਵਾਸ ਦਿਵਾਇਆ ਕਿ ਉਹ ਹਮੇਸ਼ਾਂ ਸਨਾਤਨ ਦੀ ਸੇਵਾ, ਗਊ ਦੀ ਸੇਵਾ ਅਤੇ ਬਜ਼ੁਰਗਾਂ ਦੀ ਸੇਵਾ ਕਰਦੇ ਰਹਿਣਗੇ।

ਉਨ੍ਹਾਂ ਸਾਰੇ ਮਹਿਮਾਨਾਂ ਨੂੰ ਆਸ਼ਰਮ ਵਿੱਚ ਹੋ ਰਹੇ ਕੰਮਾਂ ਬਾਰੇ ਜਾਣੂ ਕਰਵਾਇਆ। ਉਨ੍ਹਾਂ ਦੱਸਿਆ ਕਿ ਆਸ਼ਰਮ ਵਿੱਚ ਬਜ਼ੁਰਗਾਂ ਲਈ 52 ਤੋਂ ਵੱਧ ਕਮਰੇ ਬਣ ਰਹੇ ਹਨ।

# ਹਾਈਪ੍ਰੈਂਸ਼ਨ ਪ੍ਰਤੀ ਜਾਗਰੂਕਤਾ ਲਈ ਕੱਢੀ ਸਾਈਕਲ ਰੈਲੀ

## ਜੀਵਨਸ਼ੈਲੀ ਵਿਚ ਤਬਦੀਲੀ ਕਰਕੇ ਹਾਈਪ੍ਰੈਂਸ਼ਨ ਦੇ ਖਤਰੇ ਨੂੰ ਘਟਾਇਆ ਜਾ ਸਕਦੈ: ਡਾ. ਲਵਕੇਸ਼ ਕੁਮਾਰ



ਸੀਨੀਅਰ ਮੈਡੀਕਲ ਅਫਸਰ ਡਾ. ਲਵਕੇਸ਼ ਕੁਮਾਰ ਸ.ਸ.ਸ.ਸਕੂਲ ਪੁਰਾਣੀ ਪੁਲਿਸ ਲਾਈਨ ਵਿਖੇ ਹਾਈਪ੍ਰੈਸ਼ਨ ਪ੍ਰਤੀ ਜਾਗਰੂਕਤਾ ਲਈ ਸਾਈਕਲ ਰੈਲੀ ਨੂੰ ਹਰੀ ਝੰਡੀ ਦੇਕੇ ਰਵਾਨਾ ਕਰਦੇ ਹੋਏ।

ਪਟਿਆਲਾ, 2 ਜੂਨ
-ਕੌਮੀ ਪੱਤ੍ਰਿਕਾ ਬਿਊਰੋ-

ਜਿਲ੍ਹਾ ਸਿਹਤ ਵਿਭਾਗ ਵੱਲੋਂ ਸਿਵਲ ਸਰਜਨ ਡਾ. ਜਗਪਾਲ ਇੰਦਰ ਸਿੰਘ ਦੀ ਅਗਵਾਈ ਵਿਚ ਸੀ.ਐਚ.ਸੀ. ਮਾਡਲ ਟਾਊਨ ਅਧੀਨ ਹਾਈਪਰਟੈਨਸ਼ਨ ਦੀ ਜਾਗਰੂਕਤਾ ਲਈ ਸਰਕਾਰੀ ਸੀਨੀਅਰ ਸੈਕੰਡਰੀ (ਲੜਕੀਆਂ) ਸਕੂਲ ਪੁਰਾਣੀ ਪੁਲਿਸ ਲਾਈਨ ਦੀਆਂ ਵਿਦਿਆਰਥਣਾਂ ਦੁਆਰਾ ਸਾਈਕਲ ਰੈਲੀ ਕੱਢੀ ਗਈ। ਜਿਸ ਨੂੰ ਸੀਨੀਅਰ ਮੈਡੀਕਲ ਅਫਸਰ ਡਾ. ਲਵਕੇਸ਼ ਕੁਮਾਰ ਨੇ ਹਰੀ ਝੰਡੀ ਦੇ ਕੇ ਰਵਾਨਾ ਕੀਤਾ ਗਿਆ। ਰੈਲੀ ਨੂੰ ਸੰਬੋਧਨ ਕਰਦਿਆਂ ਡਾ. ਲਵਕੇਸ਼ ਕੁਮਾਰ ਨੇ ਕਿਹਾ ਕਿ ਹਾਈਪਰਟੈਂਸ਼ਨ ਬਾਰੇ ਆਮ ਲੋਕਾਂ ਨੂੰ ਜਾਗਰੂਕ ਕਰਨ ਲਈ ਸਿਹਤ ਵਿਭਾਗ ਵੱਲੋ 17 ਮਈ ਤੋਂ 17 ਜੂਨ ਤੱਕ ਲਗਾਤਾਰ ਜਾਗਰੂਕਤਾ ਪ੍ਰੋਗਰਾਮ ਕਰਵਾਏ ਜਾ ਰਹੇ ਹਨ ਕਿਉਂ ਕਿ ਆਈ.ਸੀ.ਐਮ.ਆਰ ਦੇ ਅੰਕੜਿਆਂ ਅਨੁਸਾਰ ਹਾਈਪ੍ਰੈਂਸ਼ਨ ਦੇਸ਼ ਵਿਚ ਬਹੁਤ ਤੇਜ਼ੀ ਨਾਲ ਆਪਣਾ ਪਸਾਰ ਕਰ ਰਿਹਾ ਹੈ, ਜਿਸ ਦਾ ਮੁੱਖ ਕਾਰਨ ਜਾਣਕਾਰੀ ਦੀ ਘਾਟ ਹੈ ਤੇ ਇਸ ਮੁਹਿੰਮ ਦਾ ਮੁੱਖ ਉਦੇਸ਼ ਬੱਲਡ ਪ੍ਰੈਸ਼ਰ ਦੇ ਵੱਧਣ ਨਾਲ ਹੋਣ ਵਾਲੀਆਂ ਬਿਮਾਰੀਆਂ ਬਾਰੇ ਜਾਗਰੂਕ ਕਰਨਾ ਹੈ, ਉਨ੍ਹਾਂ ਕਿਹਾ ਕਿ ਬੱਲਡ ਪ੍ਰੈਸ਼ਰ ਦੇ ਵੱਧਣ ਨਾਲ ਲੋਕਾਂ ਨੂੰ ਦਿਲ ਦਾ ਦੌਰਾ ਪੈਣਾ, ਦਿਮਾਗ ਦੀ ਨਾੜੀ ਦਾ ਫੱਟਣਾ, ਦਿਲ ਦਾ ਫੇਲ ਹੋਣਾ, ਗੁਰਦੇ ਖਰਾਬ ਹੋਣਾ, ਅੱਖਾਂ ਦੀ ਰੋਸ਼ਨੀ ਦਾ ਖਤਮ ਹੋਣਾਂ ਆਦਿ ਵਰਗੀਆਂ ਬਿਮਾਰੀਆਂ ਦਾ ਖਤਰਾ ਹੁੰਦਾ ਹੈ।ਜੀਵਨਸ਼ੈਲੀ ਵਿਚ ਤਬਦੀਲੀ ਕਰਕੇ ਇਸ ਦੇ ਖਤਰੇ ਨੂੰ ਘਟਾਇਆ ਜਾ ਸਕਦਾ ਹੈ।

ਇਸ ਮੌਕੇ ਡਾ. ਨਿਧੀ ਸ਼ਰਮਾ ਐਮ.ਡੀ. ਮੈਡੀਸੀਨ ਨੇ ਦੱਸਿਆ ਕਿ ਹਾਈਪ੍ਰੈਂਸਨ ਨੂੰ ਸਾਈਲੈਂਟ ਕਿੱਲਰ ਕਿਹਾ ਜਾਂਦਾ ਹੈ ਕਿਉਂ ਕਿ ਇਸ ਦੇ ਕੋਈ ਸ਼ੁਰੂਆਤੀ ਲੱਛਣ ਸਾਹਮਣੇ ਨਹੀਂ ਆਉਂਦੇ, ਜਦੋਂ ਇਸ ਨਾਲ ਸਾਡੇ ਸ਼ਰੀਰ ਦੇ ਹੋਰ ਅੰਗਾਂ ਤੇ ਪ੍ਰਭਾਵ ਦੀ ਸ਼ੁਰੂਆਤ ਹੁੰਦੀ ਹੈ ਤਾਂ ਇਸ ਦਾ ਪਤਾ ਲੱਗਦਾ ਹੈ, ਇਸ ਲਈ 30 ਸਾਲ ਤੋਂ ਵੱਧ ਉਮਰ ਦੇ ਹਰੇਕ ਨਾਗਰਿਕ ਨੂੰ ਛੇ ਮਹੀਨੇ ਵਿਚ ਇਕ ਵਾਰ ਨਿਯਮਿਤ ਤੌਰ ਤੇ ਆਪਣਾ ਬੱਲਡ ਪ੍ਰੈਸ਼ਰ ਚੈਕ ਕਰਵਾਉਣਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਜੀਵਨ ਸ਼ੈਲੀ ਵਿਚ ਬਦਲਾਅ ਲਿਆ ਕੇ ਅਤੇ ਖਾਣ ਪੀਣ ਵਾਲੀਆਂ ਆਦਤਾਂ ਵਿਚ ਤਬਦੀਲੀ ਲਿਆ ਕੇ ਇਸ ਬਿਮਾਰੀ ਤੇ ਕਾਫੀ ਹੱਦ ਤਕ ਕਾਬੂ ਪਾਇਆ ਜਾ ਸਕਦਾ ਹੈ।ਰੋਜਾਨਾਂ ਦੀ ਕਸਰਤ ਕਰਨੀ ਵੀ ਜ਼ਰੂਰੀ ਹੈ। ਜੇਕਰ ਕਿਸੇ ਦਾ ਬੀ.ਪੀ ਵਧਦਾ ਹੈ ਤਾਂ ਉਸ ਨੂੰ ਸੋਡੀਅਮ ਦੀ ਘੱਟ ਤੋਂ ਘੱਟ ਵਰਤੋਂ ਕਰਨੀ ਚਾਹੀਦੀ ਹੈ।ਉਨ੍ਹਾਂ ਕਿਹਾ ਕਿ ਸਾਰੇ ਸਰਕਾਰੀ ਸਿਹਤ ਕੇਂਦਰਾਂ ਵਿਚ ਬੀ.ਪੀ. ਟੈਸਟ ਅਤੇ ਦਵਾਈਆਂ ਦੀ ਸਹੂਲਤ ਮੁਫਤ ਪ੍ਰਦਾਨ ਕੀਤੀ ਜਾਂਦੀ ਹੈ।

ਇਸ ਮੌਕੇ ਪ੍ਰਿੰਸੀਪਲ ਮਨਦੀਪ ਕੌਰ, ਜਿਲ੍ਹਾ ਮਾਸ ਮੀਡੀਆ ਅਫਸਰ ਕੁਲਵੀਰ ਕੌਰ ਤੇ ਜਸਜੀਤ ਕੌਰ, ਜਿਲ੍ਹਾ ਬੀ.ਸੀ.ਸੀ ਕੁਆਰਡੀਨੇਟਰ ਜਸਬੀਰ ਕੌਰ, ਬੀ.ਈ.ਈ ਸ਼ਾਯਾਨ ਜ਼ਫਰ, ਅਤੇ ਆਰ.ਬੀ.ਐਸ.ਕੇ ਦਾ ਸਮੂਹ ਸਟਾਫ, ਅਧਿਆਪਕ ਅਤੇ ਵਿਦਿਆਰਥੀ ਮੌਜੂਦ ਸਨ।

# ਪਿੰਡ ਗਾਜੇਵਾਸ ਦੇ ਨੌਜਵਾਨਾਂ ਨੇ ਲਗਾਈ ਠੰਡੇ ਮਿਠੇ ਪਾਣੀ ਦੀ ਛਬੀਲ



ਸਮਾਣਾ, 2 ਜੂਨ
-ਕੌਮੀ ਪੱਤ੍ਰਿਕਾ ਬਿਊਰੋ-

ਸ਼ਹੀਦਾਂ ਦੇ ਸਿਰਤਾਜ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਸ਼ਹੀਦੀ ਦਿਹਾੜੇ ਨੂੰ ਸਮਰਪਿਤ ਅੱਜ ਸਮਾਣਾ ਨੇੜਲੇ ਪਿੰਡ ਗਾਜੇਵਾਜ ਵਿਖੇ ਪਿੰਡ ਦੇ ਨੌਜਵਾਨਾਂ ਵੱਲੋਂ ਮੇਨ ਰੋਡ ਉੱਪਰ ਠੰਡੇ ਮਿੱਠੇ ਪਾਣੀ ਦੀ ਸਦੀਲ ਲਗਾਈ ਗਈ ਨੌਜਵਾਨਾਂ ਨੇ ਗੱਡੀਆਂ ਕਾਰਾਂ ਨੂੰ ਰੋਕ ਰੋਕ ਕੇ ਠੰਡੇ ਮਿੱਠੇ ਪਾਣੀ ਦੀ ਛਬੀਲ ਦਾ ਠੰਡਾ ਜਲ ਸੰਗਤਾਂ ਨੂੰ ਛਕਾਇਆ ਅਤੇ ਨੌਜਵਾਨਾਂ ਨੇ ਦੱਸਿਆ ਕਿ ਸਾਡੇ ਲਈ ਜੋ ਸ਼ਹੀਦਾਂ ਨੇ ਕੁਰਬਾਨੀਆਂ ਕੀਤੀਆਂ ਹਨ ਉਹਨਾਂ ਨੂੰ ਮੁੱਖ ਰੱਖਦਿਆਂ ਧੁੱਪ ਦੇ ਵਿੱਚ ਤਪਦੀ ਗਰਮੀ ਵਿੱਚ ਅਸੀਂ ਸਬੀਲ ਲਗਾ ਕੇ ਉਨਾਂ ਦੀਆਂ ਕੁਰਬਾਨੀਆਂ ਨੂੰ ਸਿਰ ਝੁਕਾਉਂਦੇ ਹਾਂ ਅਤੇ ਸਾਨੂੰ ਸਾਰਿਆਂ ਨੂੰ ਗਰਮੀ ਨੂੰ ਮੁੱਖ ਰੱਖਦਿਆਂ ਹਰ ਰੋਜ ਦੀ ਤਰਾਂ ਕਿਤੇ ਨਾ ਕਿਤੇ ਠੰਡੇ ਮਿੱਠੇ ਪਾਣੀ ਦੀ ਛਬੀਲ ਲਗਾਉਣੀ ਚਾਹੀਦੀ ਹੈ ਅਤੇ ਨਾਲੇ ਸਾਨੂੰ ਬੇਜੁਬਾਨ ਜਾਨਵਰਾਂ ਲਈ ਪਾਣੀ ਅਤੇ ਦਾਣਾ ਵੀ ਰੱਖਣਾ ਜਰੂਰੀ ਹੈ।

# ਹਥਿਆਰਾਂ ਨਾਲ ਲੈਸ ਵਿਅਕਤੀਆਂ ਦੇ ਹਮਲੇ ’ਚ ਬਜ਼ੁਰਗ ਹਲਾਕ, ਚਾਰ ਜ਼ਖ਼ਮੀ



ਭਵਾਨੀਗੜ੍ਹ, 2 ਜੂਨ
-ਕੌਮੀ ਪੱਤ੍ਰਿਕਾ ਬਿਊਰੋ-

ਨੇੜਲੇ ਪਿੰਡ ਘਰਾਚੋਂ ਵਿਖੇ ਬੀਤੀ ਰਾਤ ਤੇਜ਼ਧਾਰ ਹਥਿਆਰਾਂ ਨਾਲ ਲੈਸ ਵਿਅਕਤੀਆਂ ਨੇ ਇਕ ਘਰ ਵਿੱਚ ਦਾਖਲ ਹੋ ਕੇ ਪਰਿਵਾਰ ਉਪਰ ਹਮਲਾ ਕਰ ਦਿੱਤਾ। ਇਸ ਹਮਲੇ ਦੌਰਾਨ ਸਿਰ ਵਿੱਚ ਕੁਹਾੜੀ ਵੱਜਣ ਕਾਰਨ ਇਕ ਬਜ਼ੁਰਗ ਵਿਅਕਤੀ ਦੀ ਮੌਤ ਹੋ ਗਈ ਅਤੇ ਇਕ ਔਰਤ ਸਣੇ ਪਰਿਵਾਰ ਦੇ 4 ਹੋਰ ਜੀਅ ਗੰਭੀਰ ਰੂਪ ਵਿਚ ਜਖ਼ਮੀ ਹੋ ਗਏ। ਇਸ ਸਬੰਧੀ ਸਤਗੁਰ ਸਿੰਘ ਵਾਸੀ ਪਿੰਡ ਘਰਾਚੋਂ ਨੇ ਪੁਲੀਸ ਨੂੰ ਸ਼ਿਕਾਇਤ ਲਿਖਾਈ ਕਿ ਬੀਤੀ ਰਾਤ ਕਰੀਬ ਸਾਢੇ ਕੁ 9 ਵਜੇ ਕਾਰ ਵਿੱਚ ਸਵਾਰ ਹੋ ਕੇ ਆਏ ਉਨ੍ਹਾਂ ਦੇ ਘਰ ਦੇ ਗੁਆਂਢੀ ਕੁਲਦੀਪ ਸਿੰਘ, ਉਸ ਦੇ ਪਿਤਾ ਦਰਸ਼ਨ ਸਿੰਘ ਤੋਂ ਇਲਾਵ ?ਾ ਸੁਖਵੀਰ ਸਿੰਘ, ਪ੍ਰਦੀਪ ਸਿੰਘ ਦੋਵੇਂ ਵਾਸੀ ਪਿੰਡ ਭੁੱਲਰਹੇੜੀ ਸਮੇਤ ਲਗਭਗ 5 ਹੋਰ ਅਣਪਛਾਤੇ ਵਿਅਕਤੀਆਂ ਨੇ ਉਨ੍ਹਾਂ ਦੇ ਘਰ ਅੰਦਰ ਦਾਖਲ ਹੋ ਕੇ ਹਮਲਾ ਕਰ ਦਿੱਤਾ। ਸ਼ਿਕਾਇਤਕਰਤਾ ਨੇ ਦੱਸਿਆ ਕਿ ਉਕਤ ਕੁਲਦੀਪ ਸਿੰਘ ਨੇ ਉਸ ਦੇ ਚਾਚਾ ਲਾਭ ਸਿੰਘ ਦੇ ਸਿਰ ਵਿਚ ਕੁਹਾੜੀ ਨਾਲ ਵਾਰ ਕਰ ਦਿੱਤਾ, ਜਿਸ ਕਾਰਨ ਉਸਦਾ ਚਾਚਾ ਬੇਹੋਸ਼ ਹੋ ਕੇ ਡਿੱਗ ਪਿਆ। ਹਮਲਾਵਰਾਂ ਵਿੱਚੋਂ ਦਰਸ਼ਨ ਸਿੰਘ, ਸੁਖਵੀਰ ਸਿੰਘ, ਪ੍ਰਦੀਪ ਸਿੰਘ ਤੇ ਅਣਪਛਾਤੇ ਵਿਅਕਤੀਆਂ ਨੇ ਉਸਦੇ ਭਰਾ ਗੁਰਦੀਪ ਸਿੰਘ, ਪਿਤਾ ਕੌਰ ਸਿੰਘ ਤੇ ਮਾਤਾ ਬਲਜੀਤ ਕੌਰ ਸਮੇਤ ਉਸਨੂੰ ਵੀ ਲੋਹੇ ਦੀ ਪਾਈਪ ਤੇ ਸੋਟੀਆਂ ਨਾਲ ਵਾਰ ਕਰਕੇ ਜ਼ਖ਼ਮੀ ਕਰ ਦਿੱਤਾ।

ਉਨ੍ਹਾਂ ਦੱਸਿਆ ਕਿ ਪਰਿਵਾਰ ਦੀਆਂ ਚੀਕਾਂ ਸੁਣ ਕੇ ਲੋਕ ਇਕੱਠੇ ਹੁੰਦਿਆਂ ਦੇਖ ਉਕਤ ਸਾਰੇ ਵਿਅਕਤੀ ਆਪਣੀ ਕਾਰ ਵਿੱਚ ਸਵਾਰ ਹੋ ਕੇ ਹਥਿਆਰਾਂ ਸਮੇਤ ਭੱਜ ਗਏ। ਸਤਗੁਰ ਸਿੰਘ ਨੇ ਦੱਸਿਆ ਕਿ ਬਾਅਦ ਵਿਚ ਉਸਦੇ ਭਤੀਜੇ ਪਰਮਜੀਤ ਸਿੰਘ ਨੇ ਪਰਿਵਾਰ ਦੇ ਜ਼ਖ਼ਮੀ ਮੈਂਬਰਾਂ ਨੂੰ ਸਰਕਾਰੀ ਹਸਪਤਾਲ ਭਵਾਨੀਗੜ੍ਹ ਵਿਖੇ ਇਲਾਜ ਲਈ ਦਾਖਲ ਕਰਵਾਇਆ, ਜਿੱਥੋਂ ਸਾਰਿਆਂ ਨੂੰ ਸੰਗਰੂਰ ਲਈ ਰੈਫਰ ਕੀਤਾ ਗਿਆ, ਜਦੋਂਕਿ ਡਾਕਟਰ ਨੇ ਉਸਦੇ ਚਾਚਾ ਲਾਭ ਸਿੰਘ ਨੂੰ ਮ੍ਰਿਤਕ ਐਲਾਨ ਦਿੱਤਾ।

# ਵਿਸ਼ਵ ਤੰਬਾਕੂ ਰਹਿਤ ਦਿਵਸ ਮੌਕੇ ਵਿਦਿਆਰਥੀਆਂ ਨੂੰ ਕੀਤਾ ਜਾਗਰੂਕ



ਪਟਿਆਲਾ, 2 ਜੂਨ
-ਕੌਮੀ ਪੱਤ੍ਰਿਕਾ ਬਿਊਰੋ-

ਸਿਵਲ ਸਰਜਨ ਪਟਿਆਲਾ ਡਾ. ਜਗਪਾਲ ਇੰਦਰ ਸਿੰਘ ਦੀ ਅਗਵਾਈ ਵਿਚ ਜਿਲ੍ਹਾ ਸਿਹਤ ਵਿਭਾਗ ਵ ਲੋਂ ਸਰਕਾਰੀ ਕੰਨਿਆ ਸੀਨੀਅਰ ਸੈਕੰਡਰੀ ਸਮਾਰਟ ਸਕੂਲ ਪਾਵਰ ਕਲੋਨੀ ਪਟਿਆਲ ਵਿ ਚ ਡਾ. ਸੁਨੰਦਾ ਗਰੋਵਰ ਜਿਲ੍ਹਾ ਡੈਂਟਰ ਹੈਲਥ ਅਫਸਰ ਦੀ ਅਗਵਾਈ ਵਿਚ ‘ਤੰਬਾਕੂ ਅਤੇ ਨਿਕੋਟੀਨ ਉਤਪਾਦਨ ਉਦਯੋਗ ਦੀ ਰਣਨੀਤੀ ਨੂੰ ਉਜਾਗਰ ਕਰਨ ਦੇ ਥੀਮ ਤਹਿਤ ਵਿਸ਼ਵ ਤੱਬਾਕੂ ਰਹਿਤ ਦਿਵਸ ਦਾ ਆਯੋਜਨ ਕੀਤਾ ਗਿਆ।ਇਸ ਮੌਕੇ ਡਾ. ਗਰੋਵਰ ਨੇ ਵਿਦਿਆਰਥੀਆਂ ਨੂੰ ਤੱਬਾਕੂ ਪਦਾਰਥਾਂ ਦੇ ਸੇਵਨ ਨਾਲ ਹੋਣ ਵਾਲੀਆਂ ਬਿਮਾਰੀਆਂ ਤੋਂ ਜਾਗਰੂਕ ਕਰਦੇ ਹੋਏ ਕਿਹਾ ਕਿ ਸਿਗਰੇਟਨੋਸ਼ੀ ਅਤੇ ਤੱਬਾਕੂ ਪਦਾਰਥਾਂ ਦੇ ਸੇਵਨ ਨਾਲ ਜਿਥੇ ਮਨੁ ਖ ਦੀ ਆਪਣੀ ਸਿਹਤ ਤੇ ਮਾੜਾ ਅਸਰ ਪੈਂਦਾ ਹੈ, ਉਥੇ ਪੈਸਿਵ ਸਮੋਕਿੱਗ ਨਾਲ ਦੂਸਰੇ ਵਿਅਕਤੀਆਂ ਦੀ ਸਿਹਤ ਅਤੇ ਵਾਤਾਵਰਨ ਤੇ ਵੀ ਬੁਰਾ ਪ੍ਰਭਾਵ ਪੈਂਦਾ ਹੈ।ਇਸ ਦੀ ਵਰਤੋਂ ਕਰਨ ਨਾਲ ਵਿਅਕਤੀ ਆਪਣੇ ਟੀਚਾ ਪ੍ਰਾਪਤੀ ਦੇ ਨਿਸ਼ਾਨੇ ਤੋਂ ਵੀ ਥਿੜਕਦਾ ਹੈ। ਉਨ੍ਹਾਂ ਦ ਸਿਆ ਕਿ ਇ ਕ ਸਿਗਰੇਟ ਵਿ ਚ ਕੈਂਸਰ ਕਰਨ ਵਾਲੇ 69 ਜ਼ਹਿਰੀਲੇ ਤ ਤ ਹੁੰਦੇ ਹਨ।ਇਸ ਲਈ ਵਾਤਾਵਰਨ ਅਤੇ ਸਿਹਤ ਉ ਤੇ ਪੈਣ ਵਾਲੇ ਮਾੜੇ ਪ੍ਰਭਾਵਾਂ ਨੂੰ ਦੇਖਦੇ ਹੋਏ ਸਾਨੂੰ ਤੱਬਾਕੂ ਦੀ ਵਰਤੋਂ ਤੋਂ ਪ੍ਰਹੇਜ਼ ਕਰਨਾ ਚਾਹੀਦਾ ਹੈ ਅਤੇ ਤੱਬਾਕੂ ਦੀ ਵਰਤੋਂ ਕਰਨ ਵਾਲੇ ਲੋਕਾਂ ਨੂੰ ਜਾਗਰੂਕ ਕਰਨਾ ਚਾਹੀਦਾ ਹੈ। ਜਿਲ੍ਹਾ ਐਪੀਡਮੋਲੋਜਿਸਟ ਡਾ. ਦਿਵਜੋਤ ਸਿੰਘ ਨੇ ਦ ਸਿਆ ਤੱਬਾਕੂ ਪਦਾਰਥ ਜਿਹਨਾਂ ਵਿ ਚ ਜਰਦਾ, ਹੁ ਕਾ, ਖੈਣੀ, ਸਿਗਰੇਟ, ਬੀੜੀ, ਗੁਟਕਾ ਆਦਿ ਨਸ਼ੀਲੇ ਪਦਾਰਥ ਸ਼ਾਮਲ ਹਨ ਦੇ ਸੇਵਨ ਨਾਲ ਕੈਂਸਰ, ਸਾਹ, ਦਮਾ, ਦਿਲ ਦੀਆਂ ਬਿਮਾਰੀਆਂ, ਜਬਾੜਿਆਂ ਦੀਆਂ ਬਿਮਾਰੀਆਂ ਹੋ ਸਕਦੀਆਂ ਹਨ। ਉਹਨਾਂ ਕਿਹਾ ਕਿ ਮਜਬੂਤ ਇ ਛਾ ਸ਼ਕਤੀ ਅਤੇ ਦਵਾਈਆਂ ਨਾਲ ਤੱਬਾਕੂ ਪਦਾਰਥਾਂ ਦਾ ਸੇਵਨ ਛ ਡਿਆ ਜਾ ਸਕਦਾ ਹੈ। ਉਨ੍ਹਾਂ ਦ ਸਿਆ ਕਿ ਭਾਰਤ ਸਰਕਾਰ ਵ ਲੋਂ ਤੱਬਾਕੂ ਪਦਾਰਥਾਂ ਦੀ ਵਰਤੋਂ ਨੂੰ ਰੋਕਣ ਲਈ ਤੱਬਾਕੂ ਕੱਟਰੋਲ ਐਕਟ ਵੀ ਬਣਾਇਆ ਗਿਆ ਹੈ।ਜਿਸ ਦੀਆਂ ਵ ਖ ਵ ਖ ਧਰਾਂਵਾ ਤਹਿਤ ਤੱਬਾਕੂ ਪਦਾਰਥਾਂ ਦੇ ਜਨਤਕ ਥਾਂਵਾ ਤੇ ਵਰਤੋਂ ਕਰਨ, ਮਸ਼ਹੂਰੀ ਕਰਨ ਆਦਿ ਤੇ ਪਾਬੱਦੀ ਲਗਾਈ ਗਈ ਹੈ ਅਤੇ ਉਲੱਘਣਾ ਕਰਨ ਤੇ ਜੁਰਮਾਨੇ ਦੀ ਵਿਵਸਥਾ ਕੀਤੀ ਗਈ ਹੈ। ਡਾ. ਨਿਰਮਲ ਕੌਰ ਡੈਂਟਲ ਮੈਡੀਕਲ ਅਫਸਰ ਨੇ ਤੱਬਾਕੂ ਪਦਾਰਥਾਂ ਦਾ ਨਸ਼ਾ ਛ ਡਣ ਲਈ ਮਾਤਾ ਕੁਸ਼ਲਿਆ ਹਸਪਤਾਲ ਦੇ ਦੰਦ ਵਿਭਾਗ ਵਿ ਚ ਬਣਾਏ ਤੱਬਾਕੂ ਸੈਨਸੇਸ਼ਨਲ ਸੈਲ ਬਾਰੇ ਦ ਸਿਆ ਜਿਥੇ ਕਿ ਤੱਬਾਕੂ ਦਾ ਨਸ਼ਾ ਕਰਨ ਵਾਲਾ ਵਿਅਕਤੀ ਆ ਕੇ ਡਾਕਟਰੀ ਸਲਾਹ ਨਾਲ ਤੱਬਾਕੂ ਦਾ ਨਸ਼ਾ ਛ ਡ ਸਕਦਾ ਹੈ।

# ਵਿਧਾਇਕ ਰਮਨ ਅਰੋੜਾ ਮਾਮਲੇ ਵਿੱਚ ਇੱਕ ਹੋਰ ਗ੍ਰਿਫ਼ਤਾਰੀ

ਜਲੰਧਰ, 2 ਜੂਨ
-ਕੌਮੀ ਪੱਤ੍ਰਿਕਾ ਬਿਊਰੋ-

ਵਿਜੀਲੈਂਸ ਬਿਊਰੋ ਨੇ ਵੀਰਵਾਰ ਨੂੰ ਭ੍ਰਿਸ਼ਟਾਚਾਰ ਦੇ ਦੋਸ਼ਾਂ ਵਿੱਚ ਨਗਰ ਨਿਗਮ ਦੇ ਇੱਕ ਬਿਲਡਿੰਗ ਬ੍ਰਾਂਚ ਇੰਸਪੈਕਟਰ ਨੂੰ ਗ੍ਰਿਫ਼ਤਾਰ ਕੀਤਾ ਹੈ।ਨਗਰ ਨਿਗਮ ਇੰਸਪੈਕਟਰ ਹਰਪ੍ਰੀਤ ਕੌਰ ਤੋਂ ਵਿਜੀਲੈਂਸ ਬਿਊਰੋ ਦੀਆਂ ਟੀਮਾਂ ਪਿਛਲੇ ਦੋ ਦਿਨਾਂ ਤੋਂ ਪੁੱਛਗਿੱਛ ਕਰ ਰਹੀਆਂ ਸਨ।

ਕੌਰ ਵਿਰੁੱਧ ਜਲੰਧਰ ਕੇਂਦਰੀ ਦੇ ਵਿਧਾਇਕ ਰਮਨ ਅਰੋੜਾ ਅਤੇ ਸਹਾਇਕ ਟਾਊਨ ਪਲੈਨਰ ਸੁਖਦੇਵ ਵਸ਼ਿਸ਼ਟ ਵੱਲੋਂ ਸ਼ਹਿਰ ਵਿੱਚ ਚਲਾਏ ਜਾ ਰਹੇ ਰੈਕੇਟ ਵਿੱਚ ਲੱਖਾਂ ਰੁਪਏ ਪ੍ਰਾਪਤ ਕਰਨ ਦੀਆਂ ਸ਼ਿਕਾਇਤਾਂ ਸਨ।

ਵਿਜੀਲੈਂਸ ਬਿਊਰੋ ਦੇ ਅਧਿਕਾਰੀਆਂ ਨੇ ਅੱਜ ਦੇਰ ਸ਼ਾਮ ਸਿਵਲ ਹਸਪਤਾਲ ਤੋਂ ਉਨ੍ਹਾਂ ਦੀ ਡਾਕਟਰੀ ਜਾਂਚ ਕਰਵਾਈ ਅਤੇ ਰਸਮੀ ਤੌਰ ‘ਤੇ ਗ੍ਰਿਫ਼ਤਾਰ ਕਰ ਲਿਆ। ਅਰੋੜਾ, ਜਿਸ ਦੇ ਵਿਜੀਲੈਂਸ ਬਿਊਰੋ ਰਿਮਾਂਡ ਵਿਚ ਅੱਜ ਚਾਰ ਦਿਨ ਦਾ ਵਾਧਾ ਕੀਤਾ ਗਿਆ ਸੀ, ਨੂੰ ਵੀ ਰੋਜ਼ਾਨਾ ਜਾਂਚ ਲਈ ਸਿਵਲ ਹਸਪਤਾਲ ਲਿਆਂਦਾ ਗਿਆ।

ਇਸ ਮਾਮਲੇ ਵਿੱਚ ਅਰੋੜਾ ਦੇ ਪੁੱਤਰ ਰਾਜਨ ਅਰੋੜਾ ਅਤੇ ਉਸ ਦੇ ਦੋ ਸਹਿਯੋਗੀਆਂ ਰਾਜੂ ਮਦਾਨ ਅਤੇ ਮਹੇਸ਼ ਮਖੀਜਾ ਨੂੰ ਵੀ ਨਾਮਜ਼ਦ ਕੀਤਾ ਗਿਆ ਹੈ ਪਰ 23 ਮਈ ਨੂੰ ਅਰੋੜਾ ਦੀ ਗ੍ਰਿਫ਼ਤਾਰੀ ਤੋਂ ਬਾਅਦ ਉਹ ਫਰਾਰ ਹਨ। ਸਾਰੇ ਛੇ ਮੁਲਜ਼ਮਾਂ ਖਿਲਾਫ਼ ਦੋਸ਼ ਹੈ ਕਿ ਉਨ੍ਹਾਂ ਨੇ ਉਸਾਰੀ ਅਧੀਨ ਇਮਾਰਤਾਂ ਦੇ ਮਾਲਕਾਂ ‘ਤੇ ਇਮਾਰਤੀ ਨਿਯਮਾਂ ਦੀ ਉਲੰਘਣਾ ਦੇ ਮਾਮਲਿਆਂ ਨੂੰ ਛੁਪਾਉਣ ਲਈ ਪੈਸੇ ਦੇਣ ਲਈ ਦਬਾਅ ਪਾਉਣ ਲਈ ਜਾਅਲੀ ਐੱਮਸੀ ਨੋਟਿਸਾਂ ਦੀ ਵਰਤੋਂ ਕੀਤੀ।

# 350 ਸਾਲਾ ਸ਼ਹੀਦੀ ਦਿਹਾੜੇ ਨੂੰ ਸਮਰਪਿਤ ਗੁਰਦੁਆਰਾ ਸ੍ਰੀ ਮੋਤੀ ਬਾਗ਼ ਸਾਹਿਬ ਵਿਖੇ ਹੋਣਗੇ ਗੁਰਮਤਿ ਸਮਾਗਮ

➢ ਸਬ ਕਮੇਟੀ ਦੀ ਬੈਠਕ ਵਿਚ ਮੈਨੇਜਰ ਸਾਹਿਬਾਨ, ਹੈੱਡ ਗ੍ਰੰਥੀ ਤੇ ਪ੍ਰਚਾਰਕ ਸਾਹਿਬਾਨ ਨਾਲ ਉਲੀਕੀ ਰੂਪ ਰੇਖਾ ➢ ਸ਼੍ਰੋਮਣੀ ਕਮੇਟੀ ਪ੍ਰਬੰਧ ਅਧੀਨ ਵਿੱਦਿਅਕ ਅਦਾਰਿਆਂ ਦੇ ਬੱਚੇ ਵੀ ਕਰਨਗੇ ਸ਼ਮੂਲੀਅਤ



ਨੌਵੇਂ ਪਾਤਸ਼ਾਹ ਦੇ 350 ਸਾਲਾ ਸ਼ਹੀਦੀ ਦਿਹਾੜੇ ਸਬੰਧੀ ਵਿਖੇ ਬੈਠਕ ਦੀ ਪ੍ਰਧਾਨਗੀ ਕਰਦੇ ਹੋਏ ਸਾਬਕਾ ਪ੍ਰਧਾਨ ਪ੍ਰੋ. ਕਿਰਪਾਲ ਸਿੰਘ ਬਡੂੰਗਰ, ਸ਼੍ਰੋਮਣੀ ਕਮੇਟੀ ਮੈਂਬਰ ਸਾਹਿਬਾਨ, ਮੈਨੇਜਰ ਭਾਗ ਸਿੰਘ ਤੇ ਹੋਰ।

ਪਟਿਆਲਾ, 2 ਜੂਨ
-ਕੌਮੀ ਪੱਤ੍ਰਿਕਾ ਬਿਊਰੋ-

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਦੀ ਯੋਗ ਅਗਵਾਈ ਵਿਚ ਨੌਵੇਂ ਪਾਤਸ਼ਾਹ ਸ੍ਰੀ ਗੁਰੂ ਤੇਗ਼ ਬਹਾਦਰ ਸਾਹਿਬ, ਭਾਈ ਮਤੀ ਦਾਸ, ਭਾਈ ਸਤੀ ਦਾਸ ਅਤੇ ਭਾਈ ਦਿਆਲ ਜੀ ਦੇ 350 ਸਾਲਾ ਸ਼ਹੀਦ ਦਿਹਾੜੇ ਸਮੇਤ ਦਸਵੇਂ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਾਹਿਬ ਜੀ ਦੇ 350 ਸਾਲਾ ਗੁਰਤਾਗੱਦੀ ਦਿਵਸ ਦੇ ਸਬੰਧ ਵਿਚ ਗਠਿਤ ਸਬ ਕਮੇਟੀ ਦੀ ਇਕੱਤਰਤਾ ਸਾਬਕਾ ਪ੍ਰਧਾਨ ਪ੍ਰੋ. ਕਿਰਪਾਲ ਸਿੰਘ ਬਡੂੰਗਰ ਦੀ ਅਗਵਾਈ ਵਿਚ ਅੱਜ ਗੁਰਦੁਆਰਾ ਸ੍ਰੀ ਦੂਖਨਿਵਾਰਨ ਸਾਹਿਬ ਵਿਖੇ ਕੀਤੀ ਗਈ।

ਇਕੱਤਰਤਾ ਵਿਚ ਸ਼੍ਰੋਮਣੀ ਕਮੇਟੀ ਮੈਂਬਰ ਜਥੇਦਾਰ ਜਸਮੇਰ ਸਿੰਘ ਲਾਛੜੂ, ਜਥੇਦਾਰ ਬਲਤੇਜ ਸਿੰਘ ਖੋਖ, ਸੈਕਟਰੀ ਪ੍ਰਤਾਪ ਸਿੰਘ, ਮੀਤ ਸਕੱਤਰ ਸੁਖਦੇਵ ਸਿੰਘ, ਸੁਪਰਵਾਈਜ਼ਰ ਸ਼ਤਾਬਦੀ ਕਮੇਟੀ ਭੁਪਿੰਦਰ ਸਿੰਘ, ਇੰਚਾਰਜ ਬਿਕਰਮ ਸਿੰਘ, ਮੈਨੇਜਰ ਸਾਹਿਬਾਨ, ਹੈੱਡ ਗ੍ਰੰਥੀ ਸਾਹਿਬਨ, ਢਾਡੀ ਕਵੀਸ਼ਰੀ ਜਥਿਆਂ ਦੇ ਇੰਚਾਰਜ ਅਤੇ ਪ੍ਰਚਾਰਕ ਸਾਹਿਬਾਨ ਨੇ ਸ਼ਮੂਲੀਅਤ ਕੀਤੀ। ਸਬ ਕਮੇਟੀ ਦੀ ਬੈਠਕ ਦੀ ਆਰੰਭਤਾ ਤੋਂ ਪਹਿਲਾਂ ਸਾਬਕਾ ਰਾਜ ਸਭਾ ਮੈਂਬਰ ਅਤੇ ਟਕਸਾਲੀ ਅਕਾਲੀ ਆਗੂ ਸੁਖਦੇਵ ਸਿੰਘ ਢੀਂਡਸਾ ਦੇ ਦੇਹਾਂਤ ’ਤੇ ਦੋ ਮਿੰਟ ਦਾ ਮੌਨ ਧਾਰਨ ਕਰਕੇ ਉਨ੍ਹਾਂ ਨੂੰ ਸ਼ਰਧਾ ਸਤਿਕਾਰ ਭੇਂਟ ਕੀਤਾ ਗਿਆ।

ਇਕੱਤਰਤਾ ਦੌਰਾਨ ਮਾਲਵਾ ਜ਼ੋਨ ਵਿਚ ਸ਼੍ਰੋਮਣੀ ਕਮੇਟੀ ਵੱਲੋਂ 350 ਸਾਲਾ ਸ਼ਹੀਦੀ ਦਿਹਾੜੇ ਨੂੰ ਸਮਰਪਿਤ ਕਰਵਾਏ ਜਾਣ ਸਮਾਗਮ ਸਬੰਧੀ ਏਜੰਡਾ ਲਿਆਂਦਾ ਗਿਆ, ਜਿਸ ’ਤੇ ਸ਼੍ਰੋਮਣੀ ਕਮੇਟੀ ਮੈਂਬਰਾਂ ਅਤੇ ਮੈਨੇਜਰ ਸਾਹਿਬਾਨ ਅਤੇ ਹੈੱਡ ਗ੍ਰੰਥੀ ਤੇ ਪ੍ਰਚਾਰਕ ਸਾਹਿਬਾਨਾਂ ਨੇ ਦੀਰਘ ਵਿਚਾਰਾਂ ਵਿਚ ਸ਼ਹੀਦੀ ਦਿਹਾੜੇ ਸਬੰਧੀ ਗੁਰਮਤਿ ਸਮਾਗਮ ਨੂੰ ਜੋਸ਼ੋ ਖਰੋਸ਼ ਨਾਲ ਮਨਾਏ ਜਾਣ ਸਬੰਧੀ ਆਪਣੇ ਵਿਚਾਰ ਦਿੱਤੇ। ਇਸ ਦੌਰਾਨ ਸਬ ਕਮੇਟੀ ਨੇ ਫੈਸਲਾ ਕੀਤਾ ਕਿ ਨੌਵੇਂ ਪਾਤਸ਼ਾਹ ਦੇ ਚਰਨਛੋਹ ਅਸਥਾਨ ਗੁਰਦੁਆਰਾ ਸ੍ਰੀ ਮੋਤੀ ਬਾਗ਼ ਸਾਹਿਬ ਵਿਖੇ ਗੁਰਮਤਿ ਸਮਾਗਮ ਕਰਵਾਇਆ ਜਾਵੇਗਾ। ਇਸ ਤੋਂ ਇਲਾਵਾ ਗੁਰੂ ਸਾਹਿਬਾਨ ਨਾਲ ਸਬੰਧ ਅਸਥਾਨਾਂ ਵਿਖੇ ਧਾਰਮਿਕ ਸਮਾਗਮ ਅਤੇ ਇਕ ਵਿਸ਼ਾਲ ਨਗਰ ਕੀਰਤਨ ਤੋਂ ਇਲਾਵਾ ਅੰਮ੍ਰਿਤ ਸੰਚਾਰ ਕਰਵਾਏ ਜਾਣ ਬਾਰੇ ਵੀ ਆਪਣੇ ਢੁਕਵੇਂ ਵਿਚਾਰ ਦਿੱਤੇ ਇਸ ਸਬੰਧ ਵਿਚ ਪੂਰਨ ਤੌਰ ’ਤੇ ਰੂਪ ਰੇਖਾ ਉਲੀਕਣ ਅਤੇ ਅੰਤਿਮ ਫ਼ੈਸਲਾ ਸ਼੍ਰੋਮਣੀ ਕਮੇਟੀ ਪ੍ਰਧਾਨ ਪਾਸ ਭੇਜਿਆ ਜਾਵੇਗਾ।

ਸਬ ਕਮੇਟੀ ਨੇ ਦੱਸਿਆ ਕਿ ਸ਼੍ਰੋਮਣੀ ਕਮੇਟੀ ਨੇ ਤਖ਼ਤ ਸ੍ਰੀ ਆਨੰਦਪੁਰ ਸਾਹਿਬ ਵਿਖੇ 21 ਨਵੰਬਰ ਤੋਂ 29 ਨਵੰਬਰ ਤੱਕ ਦੇ ਸ਼ਤਾਬਦੀ ਸਮਾਗਮ ਉਲੀਕੇ ਹਨ ਇਸ ਤੋਂ ਪਹਿਲਾਂ ਅਗਸਤ ਜਾਂ ਸਤੰਬਰ ਮਹੀਨੇ ਗੁਰਦੁਆਰਾ ਸ੍ਰੀ ਮੋਤੀ ਬਾਗ਼ ਸਾਹਿਬ ਵਿਖੇ ਕਰਵਾ ਲਿਆ ਜਾਵੇ। ਧਾਰਮਿਕ ਸਮਾਗਮ ਸਬੰਧੀ ਸ਼ਹਿਰਾਂ ਤੇ ਪਿੰਡਾਂ ਵਿਚ ਕਾਰਜਸ਼ੀਲ ਸਿੱਖ ਸਭਾਵਾਂ, ਸੁਸਾਇਟੀਆਂ ਅਤੇ ਜਥੇਬੰਦੀਆਂ ਨੂੰ ਨਾਲ ਜੋੜ ਕੇ ਗੁਰੂ ਸਾਹਿਬ ਦਾ ਫ਼ਲਸਫ਼ੇ ਪਹੁੰਚਾਉਣ ਦਾ ਟੀਚਾ ਰੱਖਿਆ ਗਿਆ ਹੈ। ਇਸ ਤੋਂ ਇਲਾਵਾ ਅੰਮ੍ਰਿਤ ਸੰਚਾਰ ਦੌਰਾਨ ਤਖ਼ਤ ਸਾਹਿਬਾਨ ਦੇ ਪੰਜ ਪਿਆਰਿਆਂ ਵੱਲੋਂ ਸੰਗਤਾਂ ਨੂੰ ਖੰਡੇ ਬਾਟੇ ਦੀ ਪਾਹੁਲ ਦਿਵਾਈ ਜਾਵੇ ਅਤੇ ਸੱਚਖੰਡ ਸ੍ਰੀ ਦਰਬਾਰ ਸਾਹਿਬ ਦੇ ਹਜ਼ੂਰੀ ਰਾਗੀ ਏਨਾ ਵਿਚ ਲਿਆਂਦੇ ਜਾਣ ਤਾਂ ਕੀਰਤਨ ਦਾ ਜੱਸ ਸੰਗਤਾਂ ਦੇ ਮਨ ਹਿਰਦੇ ’ਤੇ ਪਵੇ।

ਇਸ ਦੌਰਾਨ ਸਾਬਕਾ ਪ੍ਰਧਾਨ ਪ੍ਰੋ. ਕਿਰਪਾਲ ਸਿੰਘ ਬਡੂੰਗਰ ਨੇ ਕਿਹਾ ਕਿ 350 ਸਾਲਾ ਸ਼ਤਾਬਦੀ ਦੇ ਸਬੰਧ ਵਿਚ ਇਸ ਬੈਠਕ ਤੋਂ ਪਹਿਲਾਂ ਸੈਮੀਨਾਰ ਸਬ ਕਮੇਟੀ ਦੀ ਬੈਠਕ ਹੋਈ ਅਤੇ ਅੱਜ ਪਟਿਆਲਾ ਵਿਖੇ ਗੁਰਦੁਆਰਾ ਮੋਤੀ ਬਾਗ਼ ਸਾਹਿਬ ਵਿਖੇ ਗੁਰਮਤਿ ਸਮਾਗਮ ਸਬੰਧੀ ਅਹਿਮ ਮਤੇ ਪਾਸ ਕੀਤੇ ਹਨ। ਉਨ੍ਹਾਂ ਕਿਹਾ ਕਿ ਇਸ ਸਮਾਗਮ ਦਾ ਮੰਤਵ ਬੱਚਿਆਂ ਅਤੇ ਨੌਜੁਆਨਾਂ ਨੂੰ ਆਪਣੇ ਅਮੀਰ ਵਿਰਸੇ ਨਾਲ ਜੋੜਨਾ ਅਤੇ ਇਤਿਹਾਸ ਦੀ ਜਾਣਕਾਰੀ ਦੇਣਾ ਹੈ। ਉਨ੍ਹਾਂ ਦੱਸਿਆ ਕਿ ਆਪਣਾ ਬਲੀਦਾਨ ਦੇਣ ਤੋਂ ਪਹਿਲਾਂ ਨੌਵੇਂ ਪਾਤਸ਼ਾਹ ਸ੍ਰੀ ਆਨੰਦਪੁਰ ਸਾਹਿਬ ਤੋਂ ਦਿੱਲੀ ਵੱਲ ਚੱਲੇ ਅਤੇ ਪਟਿਆਲਾ ਦੇ 42 ਦੇ ਕਰੀਬ ਅਜਿਹੇ ਅਸਥਾਨਾਂ ’ਤੇ ਆਪਣੇ ਚਰਨ ਪਾਏ, ਜਿਨ੍ਹਾਂ ਨੇ ਧਰਮ ਦੇ ਪ੍ਰਚਾਰ ਵਿਚ ਗੁਰਬਾਣੀ ਫ਼ਲਸਫ਼ੇ ਰਾਹੀਂ ਮਾਨਵਤਾ ਦਾ ਭਲਾ ਕੀਤਾ ਅਤੇ ਮਾਨਵੀ ਅਧਿਕਾਰਾਂ ਦੀ ਰਾਖੀ ਲਈ ਆਪਣਾ ਬਲੀਦਾਨ ਦਿੱਤਾ ਅੱਜ ਏਨਾ ਸਮਾਗਮਾਂ ਰਾਹੀਂ ਗੁਰੂ ਸਾਹਿਬ ਦੀ ਗੁਰਬਾਣੀ ਦਾ ਪ੍ਰਚਾਰ ਘਰ ਘਰ ਤੱਕ ਪਹੁੰਚਾਇਆ ਜਾਣਾ ਸਮੇਂ ਦੀ ਵੱਡੀ ਲੋੜ ਹੈ।

ਇਕੱਤਰਤਾ ਦੇ ਅੰਤ ਵਿਚ ਮੀਤ ਸਕੱਤਰ ਸ. ਸੁਖਦੇਵ ਸਿੰਘ ਨੇ ਸਾਰਿਆਂ ਦਾ ਧੰਨਵਾਦ ਵੀ ਕੀਤਾ। ਇਸ ਦੌਰਾਨ ਹੈੱਡ ਗ੍ਰੰਥੀ ਭਾਈ ਪ੍ਰਨਾਮ ਸਿੰਘ, ਗਿਆਨੀ ਫੂਲਾ ਸਿੰਘ, ਹੈੱਡ ਗ੍ਰੰਥੀ ਅਵਤਾਰ ਸਿੰਘ ਬਹਾਦਰਗੜ੍ਹ, ਮੈਨੇਜਰ ਭਾਗ ਸਿੰਘ, ਸੁਪਰਵਾਈਜ਼ਰ ਕਰਨੈਲ ਸਿੰਘ ਵਿਰਕ, ਐਡੀਸ਼ਨਲ ਮੈਨੇਜਰ ਜਸਵਿੰਦਰ ਸਿੰਘ, ਮੀਤ ਮੈਨੇਜਰ ਮਨਦੀਪ ਸਿੰਘ, ਆਤਮ ਪ੍ਰਕਾਸ਼ ਸਿੰਘ ਬੇਦੀ, ਗੁਰਬਚਨ ਸਿੰਘ, ਮੈਨੇ. ਜਸਵਿੰਦਰ ਸਿੰਘ ਨਾਭਾ, ਮੈਨੇ. ਮਨਜੀਤ ਸਿੰਘ ਕੌਲੀ, ਮੈਨੇ. ਧਨਵੰਤ ਸਿੰਘ ਕਰਹਾਲੀ ਸਾਹਿਬ, ਭਾਈ ਹਰਵਿੰਦਰ ਸਿੰਘ, ਢਾਡੀ ਗੁਰਪਿਆਰ ਸਿੰਘ ਜੌਹਰ, ਪ੍ਰਚਾਰਕ ਪਰਵਿੰਦਰ ਸਿੰਘ ਬਰਾੜਾ, ਭਾਈ ਸਰਬਜੀਤ ਸਿੰਘ, ਭਾਈ ਹਜ਼ੂਰ ਸਿੰਘ ਤੋਂ ਇਲਾਵਾ ਸ਼੍ਰੋਮਣੀ ਕਮੇਟੀ ਅਧਿਕਾਰੀ ਤੇ ਸਮੂਹ ਸਟਾਫ਼ ਮੈਂਬਰ ਆਦਿ ਸ਼ਾਮਲ ਸਨ।

# ਹਲਕਾ ਘਨੌਰ ਦੇ ਨੌਜਵਾਨਾਂ ਨੂੰ ਖੇਡ ਦੇ ਮੈਦਾਨਾਂ ਤੱਕ ਲਿਜਾ ਕੇ ਤੰਦਰੁਸਤ ਬਣਾਉਣ ਲਈ ਪੰਜਾਬ ਸਰਕਾਰ ਵਚਨਬੱਧ: ਗੁਰਲਾਲ ਘਨੌਰ




ਰਾਜਪੁਰਾ, 2 ਜੂਨ
-ਕੌਮੀ ਪੱਤ੍ਰਿਕਾ ਬਿਊਰੋ-

ਹਲਕਾ ਘਨੌਰ ਦੇ ਆਲਮਪੁਰ, ਗਾਰਦੀਨਗਰ ਅਤੇ ਨੇਪਰਾਂ ਪਿੰਡਾਂ ਵਿੱਚ ਵਿਧਾਇਕ ਗੁਰਲਾਲ ਘਨੌਰ ਨੇ ਲੱਖਾਂ ਰੁਪਏ ਦੀ ਲਾਗਤ ਨਾਲ ਤਿਆਰ ਕੀਤੇ ਗਏ ਵਿਕਾਸ ਕਾਰਜ ਲੋਕ ਅਰਪਣ ਕੀਤੇ। ਇਹ ਕਾਰਜ ਪਿੰਡਾਂ ਸਰਕਾਰੀ ਪ੍ਰਾਇਮਰੀ ਸਕੂਲਾਂ ਦੇ ਮੁੱਢਲੇ ਢਾਂਚੇ ਵਿੱਚ ਸੁਧਾਰ, ਮੁਰੰਮਤ ਅਤੇ ਖੇਡ ਮੈਦਾਨਾਂ ਦੇ ਵਿਕਾਸ ਨਾਲ ਸੰਬੰਧਤ ਸਨ।

ਵਿਧਾਇਕ ਗੁਰਲਾਲ ਸਿੰਘ ਘਨੌਰ ਨੇ ਕਿਹਾ ਕਿ ਤੰਦਰੁਸਤ ਸਰੀਰ ਵਿੱਚ ਹੀ ਤੰਦਰੁਸਤ ਦਿਮਾਗ ਵੱਸਦਾ ਹੈ। ਇਸੇ ਤਰ੍ਹਾਂ, ਭਗਵੰਤ ਮਾਨ ਦੀ ਅਗਵਾਈ ਹੇਠ ਪੰਜਾਬ ਸਰਕਾਰ ਦੀ ਕੋਸ਼ਿਸ਼ ਹੈ ਕਿ ਹਲਕਾ ਘਨੌਰ ਦੇ ਨੌਜਵਾਨਾਂ ਨੂੰ ਸਿਰਫ਼ ਪੜ੍ਹਾਈ ਹੀ ਨਹੀਂ, ਸਗੋਂ ਖੇਡਾਂ ਵੱਲ ਵੀ ਉਤਸ਼ਾਹਿਤ ਕਰਕੇ ਉਨ੍ਹਾਂ ਨੂੰ ਸਰੀਰਕ ਅਤੇ ਮਾਨਸਿਕ ਤੌਰ ਤੇ ਮਜ਼ਬੂਤ ਬਣਾਇਆ ਜਾਵੇ।

ਇਸ ਮੌਕੇ ਉਨ੍ਹਾਂ ਨੇ ਤਿੰਨ ਪ੍ਰਾਇਮਰੀ ਸਕੂਲਾਂ ਵਿੱਚ ਨਵੇਂ ਕਲਾਸ-ਰੂਮ, ਟਾਇਲਟ ਬਲਾਕ, ਪੀਣ ਵਾਲੇ ਪਾਣੀ ਦੀ ਸੁਵਿਧਾ, ਅਤੇ ਚਾਰਦੀਵਾਰੀ ਆਦਿ ਦੀਆਂ ਸਹੂਲਤਾਂ ਵਾਲੇ ਵਿਕਾਸ ਕਾਰਜਾਂ ਦਾ ਉਦਘਾਟਨ ਕੀਤਾ ਜਿਸ ਵਿੱਚ ਸਰਕਾਰੀ ਪ੍ਰਾਇਮਰੀ ਸਕੂਲ ਆਲਮਪੁਰ ਵਿਖੇ ੭ ਲੱਖ ਦੀ ਰਾਸ਼ੀ ਨਾਲ ਚਾਰਦੀਵਾਰੀ ਦੀ ਉਸਾਰੀ ਅਤੇ ਹੋਰ ਸੁਵਿਧਾਵਾਂ, ਸਰਕਾਰੀ ਪ੍ਰਾਇਮਰੀ ਸਕੂਲ ਗਾਰਦੀਨਗਰ ਵਿਖੇ ੯ ਲੱਖ ੫੫ ਹਜ਼ਾਰ ਰੁਪਏ ਦੀ ਲਾਗਤ ਨਾਲ ਸਮਾਰਟ ਕਲਾਸਰੂਮ ਅਤੇ ਸਰਕਾਰੀ ਪ੍ਰਾਇਮਰੀ ਸਕੂਲ ਨੇਪਰਾਂ ਵਿਖੇ ੯ ਲੱਖ ੧੭ ਹਜ਼ਾਰ ਰੁਪਏ ਨਾਲ ਸਮਾਰਟ ਕਲਾਸਰੂਮ ਦੀ ਉਸਾਰੀ ਕੀਤੇ ਜਾਣ ਉਪਰੰਤ ਵਿਕਾਸ ਕਾਰਜ ਲੋਕ ਅਰਪਣ ਕੀਤੇ। ਇਹ ਪ੍ਰੋਜੈਕਟ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਅਤੇ ਸਿੱਖਿਆ ਮੰਤਰੀ ਹਰਜੋਤ ਸਿੰਘ ਬੈਂਸ ਦੀ ਅਗਵਾਈ ਹੇਠ ਚੱਲ ਰਹੀ ਸਿੱਖਿਆ ਕ੍ਰਾਂਤੀ ਦਾ ਹਿੱਸਾ ਹਨ। ਵਿਧਾਇਕ ਗੁਰਲਾਲ ਘਨੌਰ ਨੇ ਇਹ ਵੀ ਦੱਸਿਆ ਕਿ ਪੰਜਾਬ ਸਰਕਾਰ ਪਿੰਡਾਂ ਦੇ ਸਮੁੱਚੇ ਵਿਕਾਸ ਲਈ ਵਚਨਬੱਧ ਹੈ ਅਤੇ ਆਉਣ ਵਾਲੇ ਸਮੇਂ ਵਿੱਚ ਹੋਰ ਪਿੰਡਾਂ ਵਿੱਚ ਵੀ ਢਾਂਚਾਗਤ ਵਿਕਾਸ ਨੂੰ ਤਰਜੀਹ ਦਿੱਤੀ ਜਾਵੇਗੀ। ਇਸ ਮੌਕੇ ਉਨ੍ਹਾਂ ਨੇ ਪਿੰਡ ਵਾਸੀਆਂ ਨੂੰ ਸਰਕਾਰ ਦੀਆਂ ਜਨ-ਹਿਤ ਸਕੀਮਾਂ ਦੀ ਜਾਣਕਾਰੀ ਵੀ ਦਿੱਤੀ। ਇਸ ਮੌਕੇ ਗੁਰਲਾਲ ਘਨੌਰ ਨੇ ਬਚੀਆਂ ਨੂੰ ਮੁੱਖ ਮਹਿਮਾਨ ਬਣਾ ਕੇ ਉਨ੍ਹਾਂ ਤੋਂ ਰਿਬਨ ਕਟਵਾਉਣ ਦੀ ਸੇਰੇਮਨੀ ਕਰਵਾਈ। ਸਕੂਲਾਂ ਵਿੱਚ ਬੱਚਿਆਂ ਨੇ ਸਭਿਆਚਾਰਕ ਪ੍ਰੋਗਰਾਮ ਪੇਸ਼ ਕੀਤੇ ਅਤੇ ਸਕੂਲ ਮੁਖੀਆਂ ਨੇ ਪਿੰਡ ਵਾਸੀਆਂ ਨਾਲ ਮਿਲ ਕੇ ਗੁਰਲਾਲ ਘਨੌਰ ਵਿਧਾਇਕ ਹਲਕਾ ਘਨੌਰ ਅਤੇ ਹੋਰ ਮਹਿਮਾਨਾਂ ਨੂੰ ਸਨਮਾਨਿਤ ਕੀਤਾ। ਇਸ ਮੌਕੇ ਉਨ੍ਹਾਂ ਨਾਲ ਗੁਰਤਾਜ ਸਿੰਘ, ਦੌਲਤ ਰਾਮ ਹਲਕਾ ਸਿੱਖਿਆ ਕੋਆਰਡੀਨੇਟਰ ਵਿਭਾਗ, ਰਾਜਿੰਦਰ ਸਿੰਘ ਚਾਨੀ ਜ਼ਿਲ੍ਹਾ ਮੀਡੀਆ ਕੋਆਰਡੀਨੇਟਰ ਪਟਿਆਲਾ, ਮਨਜੀਤ ਕੌਰ ਬੀਪੀਈਓ ਰਾਜਪੁਰਾ-੨, ਪਿਆਰਾ ਸਿੰਘ ਸੈਂਟਰ ਹੈੱਡ ਟੀਚਰ, ਮੇਜਰ ਸਿੰਘ ਬਲਾਕ ਰਿਸੋਰਸ ਕੋਆਰਡੀਨੇਟਰ, ਹਰਿੰਦਰ ਸਿੰਘ, ਰਾਹੁਲ ਦੇਵ, ਸੁਖਜਿੰਦਰ ਸਿੰਘ, ਸੁਨੀਲ ਕੁਮਾਰ ਜੋਸ਼ੀ, ਦਲਜੀਤ ਸਿੰਘ, ਹਰਪ੍ਰੀਤ ਸਿੰਘ, ਬਲਵਿੰਦਰ ਸਿੰਘ ਨੇਪਰਾਂ, ਪਿੰਡਾਂ ਦੇ ਸਰਪੰਚ ਅਤੇ ਪੰਚਾਇਤ ਮੈਂਬਰ, ਸਕੂਲ ਮੈਨੇਜਮੈਂਟ ਕਮੇਟੀਆਂ ਦੇ ਮੈਂਬਰ, ਮਿਡ ਡੇ ਮੀਲ ਵਰਕਰ, ਵਿਦਿਆਰਥੀ, ਬੱਚਿਆਂ ਦੇ ਮਾਪੇ, ਨੌਜਵਾਨ ਅਤੇ ਵੱਡੀ ਗਿਣਤੀ ਵਿੱਚ ਪਿੰਡ ਵਾਸੀ ਵੀ ਮੌਜੂਦ ਸਨ।

# ਨਗਰ ਕੌਂਸਲ ਨੂੰ ਜਲਦੀ ਹੀ ਨਗਰ ਨਿਗਮ ਦਾ ਦਰਜਾ ਮਿਲੇਗਾ, ਡਾ. ਰਵਜੋਤ ਸਿੰਘ ਨੇ ਕੀਤਾ ਐਲਾਨ

## ਦੋ ਨਵੇਂ ਐਸਟੀਪੀਜ਼ ਦੀ ਸਥਾਪਨਾ ਜਲਦ, ਪਹਿਲਾ ਸਨੌਲੀ ਵਿਖੇ ਬਣੇਗਾ ਅਤੇ ਦੂਜੇ ਲਈ ਜ਼ਮੀਨ ਦੀ ਪਛਾਣ ਜਾਰੀ ਸੁਖਨਾ ਦੇ ਬਾਲਟਾਣਾ ਚੋਅ 'ਤੇ ਬਣੇਗਾ ਉੱਚ ਪੱਧਰੀ ਪੁਲ

**ਚੰਡੀਗੜ੍ਹ, 2 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਦੇ ਸਥਾਨਕ ਸਰਕਾਰਾਂ ਮੰਤਰੀ ਡਾ. ਰਵਜੋਤ ਸਿੰਘ ਨੇ ਅੱਜ ਸਵੇਰੇ ਜ਼ੀਰਕਪੁਰ ਦੇ ਆਪਣੇ ਦੌਰੇ ਦੌਰਾਨ ਨਗਰ ਕੌਂਸਲ ਜ਼ੀਰਕਪੁਰ ਨੂੰ ਕਾਰਪੋਰੇਸ਼ਨ ਦਾ ਦਰਜਾ ਦੇਣ ਦਾ ਐਲਾਨ ਕੀਤਾ।

ਸ਼ਹਿਰ ਦੇ ਤੇਜ਼ੀ ਨਾਲ ਸ਼ਹਿਰੀ ਵਿਸਥਾਰ ਨੂੰ ਧਿਆਨ ਵਿੱਚ ਰੱਖਦਿਆਂ ਇਥੇ ਹੋਰ ਮਜ਼ਬੂਤ ਸ਼ਾਸਨ ਦੀ ਜ਼ਰੂਰਤ ਨੂੰ ਉਜਾਗਰ ਕਰਦਿਆਂ ਡਾ. ਰਵਜੋਤ ਸਿੰਘ ਨੇ ਜ਼ੋਰ ਦੇ ਕੇ ਕਿਹਾ ਕਿ ਪੀਣ ਵਾਲੇ ਪਾਣੀ ਦੀ ਸਪਲਾਈ, ਸੀਵਰੇਜ ਟ੍ਰੀਟਮੈਂਟ ਅਤੇ ਸਫਾਈ ਵਰਗੀਆਂ ਨਾਗਰਿਕ ਸਹੂਲਤਾਂ ਦੇ ਪ੍ਰਭਾਵਸ਼ਾਲੀ ਪ੍ਰਬੰਧਨ ਲਈ ਇੱਕ ਵੱਡੀ ਅਤੇ ਵਧੇਰੇ ਸ਼ਕਤੀਸ਼ਾਲੀ ਸਥਾਨਕ ਸੰਸਥਾ ਜ਼ਰੂਰੀ ਹੈ। ਉਨ੍ਹਾਂ ਨੇ ਵਿਧਾਇਕ ਕੁਲਜੀਤ ਸਿੰਘ ਰੰਧਾਵਾ ਨੂੰ ਨਗਰ ਕੌਂਸਲ ਰਾਹੀਂ ਸਥਾਨਕ ਸਰਕਾਰਾਂ ਵਿਭਾਗ ਨੂੰ ਇੱਕ ਰਸਮੀ ਪ੍ਰਸਤਾਵ ਪੇਸ਼ ਕਰਨ ਦੀ ਅਪੀਲ ਕੀਤੀ ਤਾਂ ਜੋ ਇਸ ਪ੍ਰਕਿਰਿਆ ਨੂੰ ਜਲਦੀ ਸ਼ੁਰੂ ਕੀਤਾ ਜਾ ਸਕੇ। ਕੈਬਨਿਟ ਮੰਤਰੀ ਨੇ ਪੁਸ਼ਟੀ ਕੀਤੀ ਕਿ ਜ਼ੀਰਕਪੁਰ ਵਿੱਚ ਆਉਣ ਵਾਲੀਆਂ ਨਗਰ ਨਿਗਮ ਚੋਣਾਂ ਤੋਂ ਇਹ ਤਬਦੀਲੀ ਲਾਗੂ ਕੀਤੀ ਜਾਵੇਗੀ।

ਕੈਬਨਿਟ ਮੰਤਰੀ, ਜੋ ਸਵੇਰੇ ਸਫਾਈ ਅਤੇ ਹੋਰ ਨਾਗਰਿਕ ਸਹੂਲਤਾਂ ਦਾ ਨਿਰੀਖਣ ਕਰਨ ਲਈ ਇਥੇ ਪਹੁੰਚੇ ਸਨ, ਨੇ ਗੰਦਗੀ 'ਤੇ ਨਾਰਾਜ਼ਗੀ ਜ਼ਾਹਰ ਕਰਦਿਆਂ ਸਫਾਈ ਕਰਮਚਾਰੀਆਂ ਦੀ ਗਿਣਤੀ ਵਧਾ ਕੇ ਸਭ ਕੁਝ ਦਰੁਸਤ ਕਰਨ ਦੇ ਨਿਰਦੇਸ਼ ਦਿੱਤੇ।

ਸੁਖਨਾ ਚੋਅ, ਜੋ ਕਿ ਚੰਡੀਗੜ੍ਹ ਵਾਲੇ ਪਾਸੇ ਤੋਂ ਤਰਲ ਰਹਿੰਦ-ਖੂੰਹਦ ਨੂੰ ਲੈ ਕੇ ਜਾਂਦਾ ਹੈ, ਦੇ ਬੰਦ ਹੋਣ 'ਤੇ ਚਿੰਤਾ ਪ੍ਰਗਟ ਕਰਦਿਆਂ ਡਾ. ਰਵਜੋਤ ਸਿੰਘ ਨੇ ਨਗਰ ਕੌਂਸਲ ਨੂੰ ਮੀਂਹ ਤੋਂ ਪਹਿਲਾਂ ਡਰੇਨੇਜ ਵਿਭਾਗ ਦੀ ਮਦਦ ਨਾਲ ਇਸਦੀ ਸਫਾਈ ਲਈ ਤੁਰੰਤ ਉਪਾਅ ਕਰਨ ਦੇ ਨਿਰਦੇਸ਼ ਦਿੱਤੇ। ਉਨ੍ਹਾਂ ਨੇ ਵਸਨੀਕਾਂ ਨੂੰ ਵੀ ਅਪੀਲ ਕੀਤੀ ਕਿ ਉਹ ਚੋਅ ਵਿੱਚ ਕੂੜਾ ਨਾ ਸੁੱਟਣ ਜਿਸ ਨਾਲ ਵਹਾਅ ਰੁਕਣ ਕਰਕੇ ਹੜ੍ਹ ਦੀ ਸਥਿਤੀ ਬਣ ਸਕਦੀ ਹੈ। ਉਨ੍ਹਾਂ ਨੇ ਬਲਟਾਣਾ ਦੇ ਫਰਨੀਚਰ ਮਾਰਕੀਟ ਖੇਤਰ ਦਾ ਵੀ ਨਿਰੀਖਣ ਕੀਤਾ।

ਕੈਬਨਿਟ ਮੰਤਰੀ ਨੇ ਐਲਾਨ ਕੀਤਾ ਕਿ ਬਲਟਾਣਾ ਵਿਖੇ ਸੁਖਨਾ ਚੋਅ 'ਤੇ 5.96 ਕਰੋੜ ਰੁਪਏ ਦੀ ਲਾਗਤ ਨਾਲ ਇੱਕ ਉੱਚ ਪੱਧਰੀ ਪੁਲ ਜਲਦ ਬਣਾਇਆ ਜਾ ਰਿਹਾ ਹੈ ਤਾਂ ਜੋ ਮੌਨਸੂਨ ਦੇ ਮੌਸਮ ਦੌਰਾਨ ਜਦੋਂ ਚੋਅ ਵਿੱਚ ਪਾਣੀ ਭਰ ਜਾਂਦਾ ਹੈ ਤਾਂ ਸਥਾਨਕ ਲੋਕਾਂ ਨੂੰ ਪਾਣੀ ਦੇ ਓਵਰ-ਫਲੋਅ ਤੋਂ ਰਾਹਤ ਮਿਲ ਸਕੇ।

ਕੈਬਨਿਟ ਮੰਤਰੀ ਨੇ ਪੁਰਾਣੀ ਕਾਲਕਾ ਰੋਡ, ਢਕੋਲੀ ਦਾ ਨਿਰੀਖਣ ਕੀਤਾ ਅਤੇ ਸਫਾਈ ਕਾਰਜਾਂ ਦਾ ਜਾਇਜ਼ਾ ਵੀ ਲਿਆ ਅਤੇ ਸਥਾਨਕ ਸੰਸਥਾ ਦੇ ਅਧਿਕਾਰੀਆਂ ਨੂੰ ਸ਼ਹਿਰ ਦੀ ਚੰਗੀ ਤਰ੍ਹਾਂ ਮੁਕੰਮਲ ਸਫਾਈ ਲਈ ਵਾਧੂ ਕਾਮਿਆਂ ਦੀਆਂ ਸੇਵਾਵਾਂ ਲੈਣ ਦੇ ਨਿਰਦੇਸ਼ ਦਿੱਤੇ। ਉਨ੍ਹਾਂ ਕਿਹਾ ਕਿ ਸੜਕਾਂ ਅਤੇ ਗਲੀਆਂ ਦੀ ਖਸਤਾ ਹਾਲਤ ਸਥਾਨਕ ਲੋਕਾਂ ਦੀ ਸਿਹਤ ਲਈ ਚੰਗੀ ਨਹੀਂ ਹੈ।

ਨਵੇਂ ਸਥਾਪਤ ਕੀਤੇ ਜਾਣ ਵਾਲੇ ਸੀਵਰੇਜ ਟ੍ਰੀਟਮੈਂਟ ਪਲਾਂਟਾਂ ਬਾਰੇ ਇੱਕ ਹੋਰ ਸਵਾਲ ਦੇ ਜਵਾਬ ਵਿੱਚ ਕੈਬਨਿਟ ਮੰਤਰੀ ਨੇ ਕਿਹਾ ਕਿ ਦੋ ਐਸਟੀਪੀ, ਇੱਕ 47 ਐਮਐਲਡੀ ਦਾ ਅਤੇ ਦੂਜਾ 37 ਐਮਐਲਡੀ (ਮਿਲੀਅਨ ਲੀਟਰ ਪ੍ਰਤੀ ਦਿਨ) ਜਲਦੀ ਹੀ ਲਗਾਏ ਜਾ ਰਹੇ ਹਨ। ਸਨੌਲੀ ਵਿਖੇ 47 ਐਮਐਲਡੀ ਲਈ ਜਗ੍ਹਾ ਦੀ ਪਛਾਣ ਕੀਤੀ ਗਈ ਹੈ ਅਤੇ ਇਸਨੂੰ ਜਲ ਸਪਲਾਈ ਅਤੇ ਸੀਵਰੇਜ ਬੋਰਡ ਨੂੰ ਸੌਂਪ ਦਿੱਤਾ ਗਿਆ ਹੈ, ਜਦੋਂ ਕਿ ਦੂਜੇ 37 ਐਮਐਲਡੀ ਪਲਾਂਟ ਲਈ ਜਗ੍ਹਾ ਦੀ ਚੋਣ ਚੱਲ ਰਹੀ ਹੈ ਅਤੇ ਜਲਦੀ ਹੀ ਇਸਨੂੰ ਅੰਤਿਮ ਰੂਪ ਦਿੱਤਾ ਜਾਵੇਗਾ।

ਜਦੋਂ ਵਿਧਾਇਕ ਕੁਲਜੀਤ ਸਿੰਘ ਰੰਧਾਵਾ ਨੇ ਪੰਚਕੂਲਾ ਤੋਂ ਆਉਣ ਵਾਲੇ ਮੀਂਹ/ਤੂਫਾਨ ਦੇ ਵਾਧੂ ਪਾਣੀ ਦਾ ਮੁੱਦਾ ਉਠਾਇਆ ਤਾਂ ਡਾ. ਰਵਜੋਤ ਸਿੰਘ ਨੇ ਸਥਾਨਕ ਸਰਕਾਰਾਂ ਵਿਭਾਗ ਦੇ ਸੂਬਾਈ ਮੁਖੀਆਂ ਨੂੰ ਇਸ ਮਾਮਲੇ ਨੂੰ ਜਲਦੀ ਤੋਂ ਜਲਦੀ ਹੱਲ ਕਰਨ ਲਈ ਗੁਆਂਢੀ ਰਾਜ ਦੇ ਸਬੰਧਤ ਅਧਿਕਾਰੀਆਂ ਨਾਲ ਉਠਾਉਣ ਦੇ ਨਿਰਦੇਸ਼ ਦਿੱਤੇ।

ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਸਥਾਨਕ ਸਰਕਾਰਾਂ ਮੰਤਰੀ ਡਾ. ਰਵਜੋਤ ਸਿੰਘ ਨੇ ਪੰਜਾਬ ਦੀ ਸ਼ਹਿਰੀ ਆਬਾਦੀ ਨੂੰ ਲੋੜੀਂਦੀਆਂ ਨਾਗਰਿਕ ਸਹੂਲਤਾਂ ਪ੍ਰਦਾਨ ਕਰਨ ਦੀ ਆਪਣੀ ਵਚਨਬੱਧਤਾ ਨੂੰ ਦੁਹਰਾਉਂਦੇ ਹੋਏ ਕਿਹਾ ਕਿ ਪੰਜਾਬ ਦੇ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਦੇ ਨਿਰਦੇਸ਼ਾਂ ਅਨੁਸਾਰ ਸੂਬਾ ਸਰਕਾਰ ਵਸਨੀਕਾਂ ਨੂੰ ਦਰਪੇਸ਼ ਸਮੱਸਿਆਵਾਂ ਨੂੰ ਹੱਲ ਕਰਨ ਲਈ ਤਤਪਰ ਹੈ ਅਤੇ ਇਸ ਕਾਰਜ ਵਿੱਚ ਕਿਸੇ ਵੀ ਤਰ੍ਹਾਂ ਦੀ ਢਿੱਲ-ਮੱਠ ਦੀ ਸੂਰਤ ਵਿੱਚ ਸਥਾਨਕ ਅਧਿਕਾਰੀਆਂ ਦੀ ਜ਼ਿੰਮੇਵਾਰੀ ਤੈਅ ਕੀਤੀ ਜਾਵੇਗੀ। ਉਨ੍ਹਾਂ ਕਿਹਾ ਕਿ ਲੋਕਾਂ ਦੇ ਮਸਲਿਆਂ ਨੂੰ ਹੱਲ ਕਰਨਾ ਅਧਿਕਾਰੀ/ਕਰਮਚਾਰੀਆਂ ਦੀ ਡਿਊਟੀ ਬਣਦੀ ਹੈ ਅਤੇ ਉਨ੍ਹਾਂ ਨੂੰ ਆਪਣੀ ਰੋਜ਼ਾਨਾ ਦੀ ਡਿਊਟੀ ਤੋਂ ਕੁਝ ਘੰਟੇ ਕੱਢ ਕੇ ਜ਼ਮੀਨੀ ਸਥਿਤੀ ਦਾ ਜਾਇਜ਼ਾ ਲੈਣਾ ਚਾਹੀਦਾ ਹੈ।

ਕੈਬਨਿਟ ਮੰਤਰੀ ਨੇ ਸ਼ਹਿਰ ਵਿੱਚ ਆਵਾਜਾਈ ਨੂੰ ਘਟਾਉਣ ਲਈ ਸੁਧਾਰ ਲਿਆਉਣ ਦਾ ਵੀ ਭਰੋਸਾ ਦਿੱਤਾ।

ਇਸ ਮੌਕੇ ਡਾ. ਰਵਜੋਤ ਸਿੰਘ ਨਾਲ ਸਥਾਨਕ ਸਰਕਾਰਾਂ ਵਿਭਾਗ ਦੇ ਵਧੀਕ ਮੁੱਖ ਸਕੱਤਰ ਤੇਜਵੀਰ ਸਿੰਘ ਅਤੇ ਡਾਇਰੈਕਟਰ ਗੁਰਪ੍ਰੀਤ ਸਿੰਘ ਖਹਿਰਾ ਤੋਂ ਇਲਾਵਾ ਡਿਪਟੀ ਕਮਿਸ਼ਨਰ ਕੋਮਲ ਮਿੱਤਲ, ਵਧੀਕ ਡਿਪਟੀ ਕਮਿਸ਼ਨਰ (ਸ਼ਹਿਰੀ ਵਿਕਾਸ) ਅਨਮੋਲ ਸਿੰਘ ਧਾਲੀਵਾਲ, ਕਾਰਜਕਾਰੀ ਅਧਿਕਾਰੀ ਜਗਜੀਤ ਸਿੰਘ ਜੱਜ ਅਤੇ ਪੰਜਾਬ ਜਲ ਸਪਲਾਈ ਅਤੇ ਸੀਵਰੇਜ ਬੋਰਡ ਦੇ ਅਧਿਕਾਰੀ ਵੀ ਮੌਜੂਦ ਸਨ।

# ਟਰਮ ਇੰਸ਼ੋਰੈਂਸ ਵਿੱਚ ਪਾਲਿਸੀ ਦਾ ਸਮਾਂ ਮਿਆਦ ਨਾਲੋਂ ਜ਼ਿਆਦਾ ਕਿਉਂ ਮਾਇਨੇ ਰੱਖਦੈ

**ਲੁਧਿਆਣਾ, 2 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**

ਟਰਮ ਇੰਸ਼ੋਰੈਂਸ ਨੂੰ ਲੰਬੇ ਸਮੇਂ ਤੋਂ ਵਿੱਤੀ ਸੁਰੱਖਿਆ ਦਾ ਆਧਾਰ ਮੰਨਿਆ ਜਾਂਦਾ ਰਿਹਾ ਹੈ - ਜਿਸਦਾ ਉਦੇਸ਼ ਬੱਚਤ ਜਾਂ ਨਿਵੇਸ਼ਾਂ ਦੀ ਝਿਜਕ ਤੋਂ ਬਿਨਾਂ ਸ਼ੁੱਧ ਸੁਰੱਖਿਆ ਪ੍ਰਦਾਨ ਕਰਨਾ ਹੈ। ਜਦੋਂ ਕਿ ਰਵਾਇਤੀ ਜੀਵਨ ਬੀਮਾ ਯੋਜਨਾਵਾਂ ਦੌਲਤ ਸਿਰਜਣਾ ਨੂੰ ਕਵਰੇਜ ਨਾਲ ਜੋੜਦੀਆਂ ਹਨ, ਟਰਮ ਇੰਸ਼ੋਰੈਂਸ ਇਸਦੇ ਉਲਟ ਹੈ: ਜੇਕਰ ਪਾਲਿਸੀ ਧਾਰਕ ਦੀ ਪਾਲਿਸੀ ਮਿਆਦ ਦੌਰਾਨ ਮੌਤ ਹੋ ਜਾਂਦੀ ਹੈ, ਤਾਂ ਉਸਦੇ ਪਰਿਵਾਰ ਨੂੰ ਇੱਕਮੁਸ਼ਤ ਭੁਗਤਾਨ ਮਿਲਦਾ ਹੈ। ਬੱਸ। ਕੋਈ ਬੋਨਸ ਨਹੀਂ, ਕੋਈ ਰਿਟਰਨ ਨਹੀਂ - ਸਮਝੌਤਾ ਕੀਤੇ ਬਿਨਾਂ ਸਿਰਫ਼ ਸੁਰੱਖਿਆ। ਪਰ ਵਧਦੀ ਵਿੱਤੀ ਜਾਗਰੂਕਤਾ ਦੇ ਵਿਚਕਾਰ, ਇੱਕ ਹੋਰ ਸੂਖਮ ਸਵਾਲ ਉੱਭਰ ਰਿਹਾ ਹੈ: ਟਰਮ ਇੰਸ਼ੋਰੈਂਸ ਅਸਲ ਵਿੱਚ ਕਦੋਂ ਜ਼ਰੂਰੀ ਹੈ, ਅਤੇ ਕਵਰ ਕਿੰਨੇ ਸਮੇਂ ਲਈ ਚੱਲਣਾ ਚਾਹੀਦਾ ਹੈ ? ਟਾਟਾ ਏਆਈਏ ਲਾਈਫ ਇੰਸ਼ੋਰੈਂਸ ਦੇ ਚੀਫ਼ ਬੈਂਕਾਸ਼ੋਰੈਂਸ ਅਫ਼ਸਰ ਕਮਲ ਭਾਰਦਵਾਜ ਨੇ ਇੱਕ ਦਿਲਚਸਪ ਜਾਣਕਾਰੀ ਸਾਂਝੀ ਕੀਤੀ: ਟਾਟਾ ਏਆਈਏ ਵਿਖੇ, ਅਸੀਂ ਖਪਤਕਾਰਾਂ ਵਿੱਚ ਟਰਮ ਇੰਸ਼ੋਰੈਂਸ ਦੀ ਧਾਰਨਾ ਵਿੱਚ ਤਬਦੀਲੀ ਦੇਖ ਰਹੇ ਹਾਂ। ਖਪਤਕਾਰ ਆਪਣੀ ਪਾਲਿਸੀ ਦੀ ਮਿਆਦ ਨੂੰ ਆਪਣੇ ਸਰਗਰਮ ਆਮਦਨ-ਕਮਾਈ ਸਾਲਾਂ ਨਾਲ ਜੋੜ ਰਹੇ ਹਨ, ਇਹ ਸਮਝਦੇ ਹੋਏ ਕਿ ਟਰਮ ਇੰਸ਼ੋਰੈਂਸ ਦਾ ਮੁੱਖ ਉਦੇਸ਼ ਆਮਦਨ ਬਦਲਣਾ ਹੈ - ਜੀਵਨ ਭਰ ਕਵਰੇਜ ਜਾਂ ਵਿਰਾਸਤ ਬਣਾਉਣਾ ਨਹੀਂ। ਹਾਲ ਹੀ ਦੇ ਮਹੀਨਿਆਂ ਵਿੱਚ, ਅਸੀਂ ਨਵੇਂ ਗਾਹਕਾਂ ਦੁਆਰਾ ਟਰਮ ਪਲਾਨ ਚੁਣਨ ਵਿੱਚ 10% ਵਾਧਾ ਦੇਖਿਆ ਹੈ ਜੋ ਸਿਰਫ 70 ਸਾਲ ਜਾਂ ਇਸ ਤੋਂ ਘੱਟ ਉਮਰ ਤੱਕ ਕਵਰੇਜ ਦੀ ਪੇਸ਼ਕਸ਼ ਕਰਦੇ ਹਨ। ਇਹ ਰੁਝਾਨ ਜੀਵਨ ਦੇ ਵੱਖ-ਵੱਖ ਪੜਾਵਾਂ ਵਿੱਚ ਚੁਸਤ, ਵਧੇਰੇ ਅਨੁਕੂਲ ਵਿੱਤੀ ਯੋਜਨਾਬੰਦੀ ਲਈ ਵੱਧ ਰਹੀ ਜਾਗਰੂਕਤਾ ਅਤੇ ਤਰਜੀਹ ਨੂੰ ਦਰਸਾਉਂਦਾ ਹੈ। ਬੀਮਾਕਰਤਾਵਾਂ ਦੇ ਤੌਰ 'ਤੇ ਸਾਨੂੰ ਇਸ ਬਦਲਾਅ ਦਾ ਮਾਰਗਦਰਸ਼ਨ ਕਰਨਾ ਚਾਹੀਦਾ ਹੈ, ਨਾ ਕਿ ਸਿਰਫ਼ ਉਤਪਾਦਾਂ ਦੀ ਪੇਸ਼ਕਸ਼ ਕਰਕੇ, ਸਗੋਂ ਆਪਣੇ ਗਾਹਕਾਂ ਨੂੰ ਇਹ ਸਮਝਣ ਵਿੱਚ ਮਦਦ ਕਰਕੇ ਕਿ ਸੁਰੱਖਿਆ ਕਵਰ ਕਦੋਂ ਸਭ ਤੋਂ ਮਹੱਤਵਪੂਰਨ ਹੈ, ਅਤੇ ਕਦੋਂ ਇੱਕ ਚੰਗੀ ਤਰ੍ਹਾਂ ਯੋਜਨਾਬੱਧ ਰਿਟਾਇਰਮੈਂਟ ਲਈ ਆਮਦਨ ਅਤੇ ਸਿਹਤ-ਕੇਂਦ੍ਰਿਤ ਹੱਲਾਂ 'ਤੇ ਧਿਆਨ ਕੇਂਦਰਿਤ ਕਰਨ ਦਾ ਸਮਾਂ ਹੈ। ਇਸੇ ਤਰ੍ਹਾਂ, ਗਾਹਕ ਨੂੰ ਇੱਕ ਸਧਾਰਨ ਉਤਪਾਦ ਦੀ ਜ਼ਰੂਰਤ ਹੈ ਜੋ ਉਨ੍ਹਾਂ ਦੀਆਂ ਜ਼ਰੂਰਤਾਂ ਨੂੰ ਪੂਰਾ ਕਰਦਾ ਹੈ, ਇੱਕ ਵਧੀਆ ਆਨਬੋਰਡਿੰਗ ਅਨੁਭਵ ਅਤੇ ਉਸ ਸਮੇਂ ਲਈ ਇੱਕ ਭਰੋਸੇਯੋਗ ਸੇਵਾ ਪ੍ਰਦਾਨ ਕਰਦਾ ਹੈ ਜਦੋਂ ਇਸਦੀ ਸਭ ਤੋਂ ਵੱਧ ਲੋੜ ਹੁੰਦੀ ਹੈ। ਟਰਮ ਇੰਸ਼ੋਰੈਂਸ ਦੀ ਭੂਮਿਕਾ: ਆਮਦਨ ਬਦਲੀ, ਲਾਈਫਟਾਈਮ ਕਵਰ ਨਹੀਂ - ਵਿੱਤੀ ਯੋਜਨਾਕਾਰ ਇੱਕ ਗੱਲ 'ਤੇ ਸਹਿਮਤ ਹਨ ਕਿ ਟਰਮ ਇੰਸ਼ੋਰੈਂਸ ਹਮੇਸ਼ਾ ਲਈ ਨਹੀਂ ਹੁੰਦੀ। ਇਸਦਾ ਮੁੱਖ ਉਦੇਸ਼ ਉਸ ਸਮੇਂ ਲਈ ਆਮਦਨ ਬਦਲੀ ਹੈ ਜਦੋਂ ਕੋਈ ਵਿਅਕਤੀ ਸਰਗਰਮ ਹੁੰਦਾ ਹੈ। ਜੇਕਰ ਕੋਈ ਪਰਿਵਾਰ ਤੁਹਾਡੀ ਆਮਦਨ 'ਤੇ ਨਿਰਭਰ ਹੈ, ਤਾਂ ਟਰਮ ਇੰਸ਼ੋਰੈਂਸ ਇਹ ਯਕੀਨੀ ਬਣਾਉਂਦਾ ਹੈ ਕਿ ਉਹ ਤੁਹਾਡੀ ਗੈਰਹਾਜ਼ਰੀ ਵਿੱਚ ਵਿੱਤੀ ਤੌਰ 'ਤੇ ਪਰੇਸ਼ਾਨ ਨਾ ਹੋਣ। ਇਹ ਘਰੇਲੂ ਕਰਜ਼ਿਆਂ ਅਤੇ EMI ਤੋਂ ਲੈ ਕੇ ਸਿੱਖਿਆ ਦੇ ਖਰਚਿਆਂ ਅਤੇ ਰੋਜ਼ਾਨਾ ਜੀਵਨ ਦੇ ਖਰਚਿਆਂ ਤੱਕ ਹਰ ਚੀਜ਼ ਨੂੰ ਕਵਰ ਕਰਨ ਵਿੱਚ ਮਦਦ ਕਰਦਾ ਹੈ। ਜ਼ਿਆਦਾਤਰ ਵਿਅਕਤੀਆਂ ਲਈ, ਇਹ ਲੋੜ 25 ਤੋਂ 60-70 ਸਾਲਾਂ ਦੀ ਉਮਰ ਦੇ ਵਿਚਕਾਰ ਸਿਖਰ 'ਤੇ ਹੁੰਦੀ ਹੈ, ਜਦੋਂ ਜ਼ਿੰਮੇਵਾਰੀਆਂ ਜ਼ਿਆਦਾ ਹੁੰਦੀਆਂ ਹਨ ਅਤੇ ਆਮਦਨ ਪੈਦਾ ਕਰਨਾ ਆਪਣੇ ਸਿਖਰ 'ਤੇ ਹੁੰਦਾ ਹੈ। ਇਸ ਮਿਆਦ ਦੇ ਦੌਰਾਨ, ਟਰਮ ਇੰਸ਼ੋਰੈਂਸ ਇੱਕ ਵਿੱਤੀ ਸੁਰੱਖਿਆ ਜਾਲ ਵਜੋਂ ਕੰਮ ਕਰਦਾ ਹੈ - ਜੋ ਪਰਿਵਾਰ ਦੀ ਜੀਵਨ ਸ਼ੈਲੀ, ਟੀਚਿਆਂ ਅਤੇ ਮਨ ਦੀ ਸ਼ਾਂਤੀ ਨੂੰ ਬਣਾਈ ਰੱਖਣ ਵਿੱਚ ਮਦਦ ਕਰ ਸਕਦਾ ਹੈ। ਜਦੋਂ ਸੁਰੱਖਿਆ ਘੱਟ ਮਹੱਤਵਪੂਰਨ ਹੋ ਜਾਂਦੀ ਹੈ - ਹਾਲਾਂਕਿ, ਜਿਵੇਂ-ਜਿਵੇਂ ਤੁਸੀਂ ਰਿਟਾਇਰਮੈਂਟ ਦੇ ਨੇੜੇ ਆਉਂਦੇ ਹੋ - ਆਮ ਤੌਰ 'ਤੇ 60 ਜਾਂ 70 ਸਾਲ ਦੀ ਉਮਰ ਤੋਂ ਬਾਅਦ - ਟਰਮ ਇੰਸ਼ੋਰੈਂਸ ਦੀ ਜ਼ਰੂਰਤ ਅਕਸਰ ਘੱਟ ਜਾਂਦੀ ਹੈ। ਕਿਉਂ ?

ਘਰੇਲੂ ਕਰਜ਼ੇ ਅਤੇ ਹੋਰ ਕਰਜ਼ੇ ਵਾਪਸ ਕੀਤੇ ਜਾਂਦੇ ਹਨ, ਬੱਚੇ ਵਿੱਤੀ ਤੌਰ 'ਤੇ ਸੁਤੰਤਰ ਹੋ ਸਕਦੇ ਹਨ, ਰਿਟਾਇਰਮੈਂਟ ਫੰਡ ਪਹਿਲਾਂ ਹੀ ਤਿਆਰ ਹੋ ਸਕਦੇ ਹਨ,

ਰੋਜ਼ਾਨਾ ਖਰਚੇ ਬਿਹਤਰ ਯੋਜਨਾਬੱਧ ਅਤੇ ਸਥਿਰ ਹਨ ਅਜਿਹੀ ਸਥਿਤੀ ਵਿੱਚ, ਰਿਟਾਇਰਮੈਂਟ ਆਮਦਨ, ਸਿਹਤ ਸੰਭਾਲ ਅਤੇ ਦੌਲਤ ਸੰਭਾਲ 'ਤੇ ਧਿਆਨ ਕੇਂਦਰਿਤ ਕਰਨਾ ਵਧੇਰੇ ਸਮਝਦਾਰੀ ਵਾਲਾ ਹੁੰਦਾ ਹੈ, ਨਾ ਕਿ ਮਿਆਦੀ ਕਵਰੇਜ ਲਈ ਉੱਚ ਪ੍ਰੀਮੀਅਮ ਦਾ ਭੁਗਤਾਨ ਕਰਨਾ ਜਾਰੀ ਰੱਖਣਾ ਜੋ ਹੁਣ ਜ਼ਰੂਰੀ ਨਹੀਂ ਹੋ ਸਕਦਾ ਹੈ।

ਇੱਕ ਕਿਸਮ ਦੀ ਪਾਲਿਸੀ ਹਰ ਕਿਸੇ ਲਈ ਢੁਕਵੀਂ ਨਹੀਂ ਹੁੰਦੀ - ਫਿਰ ਵੀ, ਇੱਕ ਕਿਸਮ ਦੀ ਪਾਲਿਸੀ ਹਰ ਕਿਸੇ ਲਈ ਢੁਕਵੀਂ ਨਹੀਂ ਹੁੰਦੀ। ਇੱਕ ਸਵੈ-ਰੁਜ਼ਗਾਰ ਪੇਸ਼ੇਵਰ 60 ਸਾਲ ਦੀ ਉਮਰ ਤੋਂ ਬਾਅਦ ਵੀ ਚੰਗੀ ਕਮਾਈ ਕਰ ਸਕਦਾ ਹੈ। ਕੁਝ ਲੋਕਾਂ ਦੀਆਂ ਜ਼ਿੰਦਗੀ ਦੇ ਬਾਅਦ ਦੇ ਪੜਾਵਾਂ ਵਿੱਚ ਜ਼ਿੰਮੇਵਾਰੀਆਂ ਹੋ ਸਕਦੀਆਂ ਹਨ - ਜਿਵੇਂ ਕਿ ਨਿਰਭਰ ਮਾਪੇ ਜਾਂ ਦੇਰ ਨਾਲ ਪੈਦਾ ਹੋਏ ਬੱਚੇ। ਉਨ੍ਹਾਂ ਲਈ, ਰਵਾਇਤੀ ਰਿਟਾਇਰਮੈਂਟ ਦੀ ਉਮਰ ਤੋਂ ਪਰੇ ਕਵਰੇਜ ਵਧਾਉਣਾ ਉਚਿਤ ਹੋ ਸਕਦਾ ਹੈ। ਹੱਲ ਨਿੱਜੀਕਰਨ ਹੈ: ਪਾਲਿਸੀ ਦੀ ਮਿਆਦ ਨੂੰ ਆਪਣੇ ਵਿੱਤੀ ਨਿਰਭਰਾਂ ਅਤੇ ਦੇਣਦਾਰੀਆਂ ਨਾਲ ਇਕਸਾਰ ਕਰਨਾ, ਅੰਗੂਠੇ ਦੇ ਨਿਯਮ ਦੀ ਬਜਾਏ।

ਬਿਹਤਰ ਵਿੱਤੀ ਯੋਜਨਾਬੰਦੀ ਦਾ ਪ੍ਰਸਿੱਧੀਕਰਨ - ਬੀਮਾ ਉਦਯੋਗ ਸੋਚ ਵਿੱਚ ਇਸ ਤਬਦੀਲੀ ਨੂੰ ਦਰਸਾਉਣਾ ਸ਼ੁਰੂ ਕਰ ਰਿਹਾ ਹੈ। ਅੱਜ, ਗਾਹਕ ਵਧੇਰੇ ਜਾਗਰੂਕ, ਡਿਜੀਟਲ ਤੌਰ 'ਤੇ ਸਮਝਦਾਰ ਹੈ ਅਤੇ ਉਨ੍ਹਾਂ ਬ੍ਰਾਂਡਾਂ ਲਈ ਦਾਅਵੇ ਦੇ ਤਜਰਬੇ 'ਤੇ ਵੀ ਵਿਚਾਰ ਕਰਦਾ ਹੈ ਜਿਨ੍ਹਾਂ 'ਤੇ ਉਹ ਭਰੋਸਾ ਕਰਦਾ ਹੈ।

ਸਿੱਟਾ-ਮਿਆਦੀ ਬੀਮਾ ਤੁਹਾਡੀ ਪੂਰੀ ਜ਼ਿੰਦਗੀ ਨੂੰ ਕਵਰ ਕਰਨ ਲਈ ਨਹੀਂ ਹੈ। ਨਾਲ ਹੀ, ਕਿਸੇ ਵੀ ਵਿੱਤੀ ਸਾਧਨ ਵਾਂਗ, ਇਸਦਾ ਮੁੱਲ ਇਸ ਗੱਲ 'ਤੇ ਨਿਰਭਰ ਕਰਦਾ ਹੈ ਕਿ ਇਸਨੂੰ ਕਿੰਨੀ ਸਮਝਦਾਰੀ ਨਾਲ ਵਰਤਿਆ ਜਾਂਦਾ ਹੈ।

# ਸਿੱਖਿਆ ਮਾਡਲ ਦੀ ਮਿਸਾਲ ਦੇਣ ਵਾਲੀ ਆਪ ਸਰਕਾਰ ਨੇ ਪੰਜਾਬ ਦਾ ਸਿੱਖਿਆ ਢਾਂਚਾ ਕੀਤਾ ਢਹਿ ਢੇਰੀ: ਬਲਬੀਰ ਸਿੰਘ ਸਿੱਧੂ

## 'ਆਪ' ਸਰਕਾਰ ਦੀ ਸਿੱਖਿਆ ਕ੍ਰਾਂਤੀ ਕੇਵਲ ਮਜ਼ਾਕ ਦਾ ਪਾਤਰ ਬਣਕੇ ਨਿਪਟ ਚੁੱਕੀ ਹੈ : ਬਲਬੀਰ ਸਿੰਘ ਸਿੱਧੂ

**ਮੁਹਾਲੀ, 2 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**



ਹਲਕਾ ਮੋਹਾਲੀ ਦੇ ਪਿੰਡ ਲਾਂਡਰਾਂ ਵਿਖੇ ਆਪਣੇ ਇਕ ਸੰਬੋਧਨ ਦੌਰਾਨ ਪੰਜਾਬ ਦੇ ਸਾਬਕਾ ਸਿਹਤ ਮੰਤਰੀ ਅਤੇ ਸੀਨੀਅਰ ਕਾਂਗਰਸੀ ਆਗੂ ਬਲਬੀਰ ਸਿੰਘ ਸਿੱਧੂ ਨੇ ਕਿਹਾ ਕਿ ਆਪ ਸਰਕਾਰ ਨੂੰ ਪੰਜਾਬ ਦੇ ਸਿੱਖਿਆ ਮਾਡਲ ਵੱਲ ਧਿਆਨ ਦੇਣ ਦੀ ਲੋੜ ਹੈ। ਉਨ੍ਹਾਂ ਆਮ ਆਦਮੀ ਪਾਰਟੀ 'ਤੇ ਇਲਜ਼ਾਮ ਲਗਾਇਆ ਕਿ ਪੰਜਾਬ ਵਿੱਚ ਇਹ ਪਾਰਟੀ ਸਿਰਫ਼ 'ਤੇ ਸਿਰਫ਼ ਇਸ਼ਤਿਹਾਰਾਂ ਰਾਹੀਂ ਸਿੱਖਿਆ ਦੇ ਖੇਤਰ ਵਿੱਚ ਵਿਕਾਸ ਦੇ ਦਾਅਵੇ ਕਰ ਰਹੀ ਹੈ, ਜਦਕਿ ਜ਼ਮੀਨੀ ਹਕੀਕਤ ਇਸ ਤੋਂ ਬਿਲਕੁਲ ਉਲਟ ਹੈ।

ਉਨ੍ਹਾਂ ਨੇ ਸਰਕਾਰੀ ਹਾਈ ਸਕੂਲ ਲਾਂਡਰਾਂ ਦੀ ਮਿਸਾਲ ਦਿੰਦਿਆਂ ਦੱਸਿਆ ਕਿ ਉਨ੍ਹਾਂ ਦੀ ਸਰਕਾਰ ਸਮੇਂ ਸਿਰਫ ਇਕ ਸਕੂਲ ਲਈ ਉਨ੍ਹਾਂ ਨੇ ਕੁੱਲ 35 ਲੱਖ ਦੀ ਰਕਮ ਦਿੱਤੀ ਸੀ। ਇਸ ਰਕਮ ਨਾਲ 6 ਨਵੇਂ ਅਤਿ ਆਧੁਨਿਕ ਕਲਾਸਰੂਮ ਬਣਾਏ ਗਏ ਸਨ ਅਤੇ ?1 ਲੱਖ ਦਾ ਨਵਾਂ ਫਰਨੀਚਰ ਵੀ ਖਰੀਦਿਆ ਗਿਆ ਸੀ। ਇਹ ਮੋਹਾਲੀ ਹਲਕੇ ਦੇ ਸਿਰਫ਼ ਇਕ ਸਕੂਲ ਦੀ ਗੱਲ ਹੈ, ਇਸੇ ਤਰ੍ਹਾਂ ਪੂਰੇ ਹਲਕੇ ਦੇ ਸਕੂਲਾਂ ਦਾ ਉਨ੍ਹਾਂ ਨੇ ਵੱਡੇ ਪੱਧਰ 'ਤੇ ਵਿਕਾਸ ਕਰਵਾਇਆ ਸੀ। ਜਦਕਿ ਆਪ ਸਰਕਾਰ ਵਲੋਂ ਚਲਾਈ ਸਿੱਖਿਆ ਕ੍ਰਾਂਤੀ ਇਕ ਮਜ਼ਾਕ ਦਾ ਪਾਤਰ ਬਣਕੇ ਰਹਿ ਚੁੱਕੀ ਹੈ, ਜਿਸ ਵਿੱਚ ਸਰਕਾਰ ਵਲੋਂ ਟਾਇਲਟ ਰਿਪੇਅਰ ਵਰਗੇ ਕੰਮਾਂ ਦਾ ਉਦਘਾਟਨ ਕੀਤਾ ਗਿਆ, ਪਰ ਸਕੂਲਾਂ ਨੂੰ ਅਸਲ ਲੋੜਵੰਦ ਵਿਕਾਸ ਕਾਰਜਾਂ ਲਈ ਕੋਈ ਗਰਾਂਟਾ ਨਹੀਂ ਦਿੱਤੀਆਂ ਗਈਆਂ।

ਸਿੱਧੂ ਨੇ ਅੱਗੇ ਕਿਹਾ ਕਿ, ÷ਸਾਡੀ ਸਰਕਾਰ ਵੇਲੇ ਅਸੀਂ ਹਲਕੇ ਦੇ 6 ਸਰਕਾਰੀ ਸਕੂਲਾਂ ਨੂੰ ਅਪਗ੍ਰੇਡ ਕਰਨ ਦਾ ਫੈਸਲਾ ਲਿਆ ਸੀ ਅਤੇ ਇਸ ਬਾਬਤ ਨੋਟੀਫਿਕੇਸ਼ਨ ਵੀ ਜਾਰੀ ਕਰ ਦਿੱਤੀ ਗਈ ਸੀ, ਜਿਸ ਵਿੱਚ ਲਾਂਡਰਾਂ, ਮੌਲੀ ਬੈਦਵਾਣ ਅਤੇ ਸਨੇਟਾ ਦੇ ਸਕੂਲਾਂ ਨੂੰ ਹਾਇਰ ਸੈਕੰਡਰੀ, ਨਗਾਰੀ ਨੂੰ ਮਿਡਲ ਸਕੂਲ ਅਤੇ ਸਿਆਓ ਅਤੇ ਬੱਲੋਮਾਜਰਾ ਦੇ ਸਕੂਲਾਂ ਨੂੰ ਮੈਟ੍ਰਿਕ ਤੱਕ ਅਪਗ੍ਰੇਡ ਕੀਤਾ ਜਾਣਾ ਸੀ।

ਸਿੱਖਿਆ ਕ੍ਰਾਂਤੀ ਦੇ ਵੱਡੇ ਵੱਡੇ ਦਾਅਵੇ ਕਰਨ ਵਾਲੀ ਆਪ ਸਰਕਾਰ ਨੇ ਹਾਲੇ ਤੱਕ ਇਨ੍ਹਾਂ ਸਕੂਲਾਂ ਦਾ ਅਪਗ੍ਰੇਡ ਕਰਨ ਦਾ ਕੰਮ ਪੂਰਾ ਕਰਵਾਕੇ ਇਨ੍ਹਾਂ ਵਿੱਚ ਕਲਾਸਾਂ ਕਿਉਂ ਨਹੀਂ ਸ਼ੁਰੂ ਕਰਵਾਈਆਂ ?

ਉਨ੍ਹਾਂ ਅੱਗੇ ਕਿਹਾ, ਆਮ ਆਦਮੀ ਪਾਰਟੀ ਸਿਰਫ਼ ਪੋਸਟਰਾਂ ਅਤੇ ਇਸ਼ਤਿਹਾਰਾਂ ਰਾਹੀਂ ਕੰਮ ਕਰ ਰਹੀ ਹੈ। ਸਕੂਲਾਂ ਦੀ ਹਾਲਤ, ਅਧਿਆਪਕਾਂ ਦੀ ਘਾਟ ਅਤੇ ਵਿਕਾਸ ਹਾਲੇ ਵੀ ਉਥੇ ਹੀ ਹਨ ਜਿੱਥੇ ਪਿਛਲੀ ਸਰਕਾਰ ਛੱਡ ਕੇ ਗਈ ਸੀ। ਜੋ ਕੁਝ ਵੀ ਅੱਜ ਬਿਹਤਰ ਦਿੱਸ ਰਿਹਾ ਹੈ, ਉਹ ਪਿਛਲੀਆਂ ਸਰਕਾਰਾਂ ਦੀ ਮਿਹਨਤ ਦਾ ਨਤੀਜਾ ਹੈ। ਇਹ ਤੱਥ ਸਿੱਧੇ ਹਨ ਅਤੇ ਇਹਨਾਂ ਨੂੰ ਨਜ਼ਰਅੰਦਾਜ਼ ਨਹੀਂ ਕੀਤਾ ਜਾ ਸਕਦਾ। ਜੇ ਇਹਨਾਂ ਤੱਥਾਂ ਦੀ ਠੋਸ ਜਾਂਚ ਕੀਤੀ ਜਾਵੇ, ਤਾਂ ਮੌਜੂਦਾ ਸਰਕਾਰ ਦੀ ਹਕੀਕਤ ਅਤੇ ਖੋਖਲੇ ਦਾਅਵੇ ਸਾਹਮਣੇ ਆ ਜਾਣਗੇ।

ਸਿੱਧੂ ਨੇ ਮੁੱਖ ਮੰਤਰੀ ਭਗਵੰਤ ਮਾਨ ਤੋਂ ਮੰਗ ਕੀਤੀ ਕਿ ਜਲਦ ਹੀ ਮੋਹਾਲੀ ਦੇ ਸਿੱਖਿਆ ਵਿਭਾਗ ਨਾਲ ਜੁੜੇ ਪ੍ਰੋਜੈਕਟਾਂ ਨੂੰ ਪੂਰਾ ਕੀਤਾ ਜਾਵੇ ਅਤੇ ਇਸ਼ਤਿਹਾਰਾਂ ਤੋਂ ਬਾਹਰ ਨਿਕਲ ਕੇ ਸੂਬੇ ਦੇ ਸਿੱਖਿਆ ਵਿਭਾਗ ਨਾਲ ਜੁੜੇ ਕੰਮਾਂ 'ਤੇ ਖ਼ਾਸ ਧਿਆਨ ਦਿੱਤਾ ਜਾਵੇ।

# ਗੁਰਦੁਆਰਾ ਸਾਹਿਬ ਵਿਖੇ ਚੱਲ ਰਹੇ ਸ੍ਰੀ ਅਖੰਡ ਪਾਠ ਦੌਰਾਨ ਹੋਈ ਬੇਅਦਬੀ,ਸੰਗਤ 'ਚ ਰੋਸ

## ਅਣਜਾਣਿਆ ਹੋਈ ਗਲਤੀ ਦੀ ਅਰਦਾਸ ਕਰਕੇ ਕੀਤੀ ਖਿਮਾ ਜਾਚਨਾ

**ਜਲੰਧਰ, 2 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**

ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਮਕਸੂਦਾਂ ਚੌਂਕ ਵਿਖੇ ਚੱਲ ਰਹੇ ਸ੍ਰੀ ਅਖੰਡ ਪਾਠ ਦੌਰਾਨ ਬੇਅਦਬੀ ਦਾ ਮਾਮਲਾ ਸਾਹਮਣੇ ਆਉਣ ਤੇ ਸੰਗਤਾਂ ਵਿਚ ਰੋਸ ਪਾਇਆ ਗਿਆ। ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਮਕਸੂਦਾਂ ਚੌਂਕ ਦੀ ਪ੍ਰਬੰਧਕ ਕਮੇਟੀ ਪ੍ਰਧਾਨ ਚਰਨ ਸਿੰਘ ਨੇ ਦਸਿਆ ਕਿ ਸ਼੍ਰੀ ਗੁਰੂ ਅਰਜਨ ਦੇਵ ਜੀ ਦੇ ਸ਼ਹੀਦੀ ਦਿਹਾੜੇ ਸਬੰਧੀ ਗੁਰਦੁਆਰਾ ਸਾਹਿਬ ਵਿਖੇ ਚੱਲ ਰਹੇ ਸ੍ਰੀ ਅਖੰਡ ਪਾਠ ਸਾਹਿਬ ਦੌਰਾਨ ਸੀਤਲ ਨਗਰ ਦੇ ਰਹਿਣ ਵਾਲੇ ਗੁਰੂ ਘਰ ਦੇ ਸੇਵਕ ਸਰਬਜੀਤ ਸਿੰਘ ਵਲੋਂ ਛਬੀਲ ਵਾਸਤੇ ਦੋ ਲਿਫਾਫਿਆਂ ਵਿਚ ਪਾ ਕੇ ਕੁਝ ਰਸਦ ਭੇਟ ਕੀਤੀ। ? ਜਿਸ ਉਪਰੰਤ ਸੇਵਾਦਾਰ ਵਲੋਂ ਜਦ ਉਨ੍ਹਾਂ ਵਿਚੋਂ ਇਕ ਲਿਫ਼ਾਫ਼ੇ ਵਿਚ ਬੀੜੀਆਂ ਦਾ ਬੰਡਲ ਅਤੇ ਇਕ ਮਾਚਿਸ ਦੀ ਡੱਬੀ ਦੇਖੀ ਤਾਂ ਹੈਰਾਨ ਹੋ ਕੇ ਪ੍ਰਬੰਧਕ ਕਮੇਟੀ ਨੂੰ ਸੂਚਿਤ ਕਰਨ ਤੇ ਮੌਕੇ ਤੇ ਪ੍ਰਬੰਧਕਾਂ ਵਲੋਂ ਸੀ ਸੀ ਟੀ ਵੀ ਫੁਟੇਜ ਦੇਖੀ ਗਈ ਤਾਂ ਉਸ ਲਿਫਾਫਿਆਂ ਨੂੰ ਗੁਰਦੁਆਰਾ ਸਾਹਿਬ ਵਿਖੇ ਰੱਖਣ ਵਾਲੇ ਵਿਅਕਤੀ ਨੂੰ ਮੌਕੇ ਤੇ ਬੁਲਾਇਆ ਗਿਆ। ਮੌਕੇ ਤੇ ਪੁੱਜੇ ਸਰਬਜੀਤ ਸਿੰਘ ਨੇ ਦੱਸਿਆ ਕਿ ਉਸ ਨੇ ਗੁਰਦੁਆਰਾ ਸਾਹਿਬ ਲਈ ਸ਼ੀਤਲ ਨਗਰ ਵਿਚ ਮੌਜੂਦ ਸਾਈਂ ਕਰਿਆਨਾ ਸਟੋਰ ਤੋਂ ਜਦ ਰਸਦ ਖਰੀਦੀ ਸੀ ਤਾਂ ਉਸ ਦੁਕਾਨਦਾਰ ਨੇ ਆਪਣੇ ਵਲੋਂ ਇਕ ਲਿਫਾਫੇ ਵਿਚ ਰਸਦ ਪਾ ਕੇ ਗੁਰਦੁਆਰਾ ਸਾਹਿਬ ਵਿਖੇ ਭੈਂਟ ਕਰਨ ਲਈ ਦਿਤੀ ਸੀ ।ਜਿਸ ਵਿਚ ਬੀੜੀਆਂ ਦਾ ਬੰਡਲ ਅਤੇ ਮਾਚਿਸ ਪਾਇਆ ਗਿਆ। ਸਾਰੀ ਤਫਤੀਸ਼ ਕਰਨ ਉਪਰੰਤ ਪ੍ਰਬੰਧਕਾਂ ਵਲੋਂ ਪੁਲਿਸ ਨੂੰ ਸ਼ਿਕਾਇਤ ਦਿੱਤੀ ਗਈ। ਜਿਥੇ ਸੰਗਤਾਂ ਵਲੋਂ ਬੇਅਦਬੀ ਕਰਨ ਵਾਲਿਆਂ ਵਿਰੁੱਧ ਕੇਸ ਦਰਜ ਕਰਕੇ ਸਖਤ ਸਜ਼ਾ ਦਿਵਾਉਣ ਦੀ ਮੰਗ ਕੀਤੀ ਗਈ। ਥਾਣੇ ਜਾ ਕੇ ਸ਼ੀਤਲ ਨਗਰ ਵਿਚ ਮੌਜੂਦ ਸਾਈਂ ਕਰਿਆਨਾ ਸਟੋਰ ਦੇ ਮਾਲਕ ਸਾਂਈ ਦਾਸ ਅਤੇ ਉਸਦੀ ਪਤਨੀ ਕਮਲੇਸ਼ ਰਾਣੀ ਵਲੋਂ ਗਲਤੀ ਮੰਨੀ ਕਿ ਉਹਨਾਂ ਕੋਲੋਂ ਅਣਜਾਣੇ ਵਿਚ ਵੱਡੀ ਭੁੱਲ ਹੋਈ ਹੈ। ਜਿਸ ਉਪਰੰਤ ਦੋਵਾਂ ਪਤੀ ਪਤਨੀ ,ਉਨ੍ਹਾਂ ਦੇ ਪਰਿਵਾਰਿਕ ਮੈਂਬਰਾਂ ਮੁਹੱਲੇ ਦੇ ਮੋਹਤਬਰਾਂ ਵਿਚ ਸ਼ਾਮਿਲ ਸੁੱਚਾ ਸਿੰਘ,ਜਤਿੰਦਰ ਕੁਮਾਰ ਘੁਗੀ, ਕੁਲਦੀਪ ਕੁਮਾਰ,ਅਜੇ ਕੁਮਾਰ ਲਾਡੀ,ਜਸਬੀਰ ਸਿੰਘ,ਮੱਖਣ ਸਿੰਘ,ਬਲਵੀਰ ਕੁਮਾਰ,ਲਵ ਕੁਮਾਰ,ਸੁਨੀਤਾ ਰਾਣੀ, ਸੰਤੋਸ਼ ਅਤੇ ਹੋਰ ਇਲਾਕਾ ਨਿਵਾਸੀਆਂ ਦੇ ਨਾਲ ਗੁਰਦੁਆਰਾ ਸਾਹਿਬ ਵਿਖੇ ਨਤਮਸਤਕ ਹੋ ਕੇ ਖਿਮਾ ਜਾਚਨਾ ਕੀਤੀ ਗਈ। ਤਾਂ ਪ੍ਰਬੰਧਕ ਕਮੇਟੀ ਅਤੇ ਉਥੇ ਮੌਜੂਦ ਸੰਗਤਾਂ ਵਲੋਂ ਮੂਲਮੰਤ੍ਰ ਅਤੇ ਸਿਮਰਨ ਕਰਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਅੱਗੇ ਹੋਈ ਗਲਤੀ ਦੀ ਅਰਦਾਸ ਕੀਤੀ। ਪ੍ਰਧਾਨ ਚਰਨ ਸਿੰਘ ਨੇ ਦੱਸਿਆ ਕਿ ਦੁਕਾਨਦਾਰ ਕੜਾਹ ਪ੍ਰਸ਼ਾਦ ਦੀ ਦੇਗ ਅਤੇ 11ਦਿਨ ਗੁਰਦੁਆਰਾ ਸਾਹਿਬ ਵਿਖੇ ਜੋੜੇ ਘਰ ਵਿਚ ਸੇਵਾ ਕਰਨਗੇ। ਇਸ ਮੌਕੇ ਸਕੱਤਰ ਬਲਵਿੰਦਰ ਸਿੰਘ,ਖਜਾਨਚੀ ਗੁਰਜੋਤ ਸਿੰਘ, ਮਨਹਰਪ੍ਰੀਤ ਸਿੰਘ,ਕੁਲਦੀਪ ਸਿੰਘ ਬੈਂਸ,ਗੁਰਮੇਲ ਸਿੰਘ,ਦਲਬੀਰ ਸਿੰਘ,ਲਵਲੀ ਸਚਦੇਵਾ,ਗੁਰਮੀਤ ਸਿੰਘ,ਅਮਰਜੀਤ ਸਿੰਘ ਡੀਸੀ, ਰੇਸ਼ਮ ਸਿੰਘ, ਰਜਿੰਦਰ ਸਿੰਘ,ਪਰਮਿੰਦਰ ਸਿੰਘ ਸੇਠੀ, ਪਰਮਜੀਤ ਸਿੰਘ, ਬਾਬਾ ਗੁਰਭੇਜ ਸਿੰਘ,ਬਾਬਾ ਜਸਪਾਲ ਸਿੰਘ,ਅੰਗਰੇਜ਼ ਸਿੰਘ, ਇਕਬਾਲ ਸਿੰਘ, ਟਹਿਲ ਸਿੰਘ, ਪ੍ਰਭਜੋਤ ਸਿੰਘ,ਜਗਦੀਪ ਸਿੰਘ ਬਬਲੂ, ਸਵਰਨ ਕੌਰ, ਕਮਲਜੀਤ ਕੌਰ, ਬੇਵੀ, ਬਬਲਜੀਤ ਕੌਰ ਆਦਿ ਸੰਗਤਾਂ ਨੇ ਖਿਮਾ ਜਾਚਨਾ ਕੀਤੀ।

# ਦਲ ਖਾਲਸਾ ਵਲੋਂ 5 ਜੂਨ ਨੂੰ ਘੱਲੂਘਾਰਾ ਯਾਦਗਾਰੀ ਮਾਰਚ ਤੇ 6 ਨੂੰ ਅੰਮ੍ਰਿਤਸਰ ਬੰਦ ਦਾ ਸੱਦਾ

**ਅੰਮ੍ਰਿਤਸਰ, 2 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**

ਦਲ ਖਾਲਸਾ ਵਲੋਂ ਦਰਬਾਰ ਸਾਹਿਬ ਵਿਚ 1984 'ਚ ਭਾਰਤੀ ਫ਼ੌਜ ਵੱਲੋਂ ਕੀਤੇ ਗਏ ਅਪਰੇਸ਼ਨ ਬਲਿਊ ਸਟਾਰ ਦੇ 41 ਸਾਲ ਪੂਰੇ ਹੋਣ ਦੇ ਮੌਕੇ 5 ਜੂਨ ਦੀ ਸ਼ਾਮ ਨੂੰ ਅੰਮ੍ਰਿਤਸਰ ਵਿਖੇ ਘੱਲੂਘਾਰਾ ਯਾਦਗਾਰੀ ਮਾਰਚ ਕੱਢਿਆ ਜਾਵੇਗਾ ਅਤੇ ਜਥੇਬੰਦੀ ਨੇ 6 ਜੂਨ ਨੂੰ ਅੰਮ੍ਰਿਤਸਰ ਬੰਦ ਦਾ ਸੱਦਾ ਦਿਤਾ ਹੈ। ਜਥੇਬੰਦੀ ਦੇ ਵਰਕਿੰਗ ਪ੍ਰਧਾਨ ਪਰਮਜੀਤ ਸਿੰਘ ਮੰਡ, ਕੰਵਰਪਾਲ ਸਿੰਘ, ਪਰਮਜੀਤ ਸਿੰਘ ਟਾਂਡਾ ਨੇ ਕਿਹਾ ਕਿ ਸਿੱਖ ਧਰਮ ਉਤੇ ਹੋਏ ਇਸ ਹਮਲੇ ਨੂੰ ਭੁਲਾਇਆ ਨਹੀਂ ਜਾ ਸਕਦਾ। ਉਨ੍ਹਾਂ ਦੱਸਿਆ ਕਿ ਜਥੇਬੰਦੀ ਵਲੋਂ 6 ਜੂਨ ਨੂੰ 'ਫੌਜੀ ਹਮਲੇ ਦੌਰਾਨ ਮਾਰੇ ਗਏ ਨਿਰਦੋਸ਼ੇ ਲੋਕਾਂ ਅਤੇ ਸਿੱਖ ਰੈਫਰੈਂਸ ਲਾਇਬਰੇਰੀ ਵਿੱਚੋਂ ਲੁੱਟੇ ਵੱਡਮੁੱਲੇ ਖਜ਼ਾਨੇ' ਦੇ ਵਿਰੋਧ ਵਿੱਚ ਅੰਮ੍ਰਿਤਸਰ ਬੰਦ ਦਾ ਸੱਦਾ ਗਿਆ ਦਿੱਤਾ ਹੈ।

# ਅਦਾਲਤ ਵੱਲੋਂ ਟਰੰਪ ਦੇ ਦਰਾਮਦਾਂ 'ਤੇ ਭਾਰੀ ਟੈਕਸ ਲਗਾਉਣ ਦੇ ਹੁਕਮਾਂ 'ਤੇ ਰੋਕ

## ਅਮਰੀਕੀ ਅੰਤਰਰਾਸ਼ਟਰੀ ਵਪਾਰ ਅਦਾਲਤ ਦੇ ਤਿੰਨ ਜੱਜਾਂ ਦੇ ਬੈਂਚ ਨੇ ਇਹ ਦਿੱਤਾ ਫੈਸਲਾ

**ਵਾਸ਼ਿੰਗਟਨ, 2 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**



ਅਮਰੀਕਾ ਦੀ ਇੱਕ ਸੰਘੀ ਅਦਾਲਤ ਨੇ ਐਮਰਜੈਂਸੀ ਪਾਵਰ ਐਕਟ ਅਧੀਨ ਦਰਮਾਦ 'ਤੇ ਭਾਰੀ ਟੈਕਸ ਲਗਾਉਣ ਸਬੰਧੀ ਰਾਸ਼ਟਰਪਤੀ ਡੋਨਲਡ ਟਰੰਪ ਦੇ ਹੁਕਮਾਂ 'ਤੇ ਬੁੱਧਵਾਰ ਨੂੰ ਰੋਕ ਲਾ ਦਿੱਤੀ ਹੈ।

ਇਸ ਨਾਲ ਟਰੰਪ ਦੀਆਂ ਉਨ੍ਹਾਂ ਆਰਥਿਕ ਨੀਤੀਆਂ 'ਤੇ ਸਵਾਲ ਖੜ੍ਹੇ ਹੋ ਗਏ ਹਨ, ਜਿਨ੍ਹਾਂ ਨੇ ਆਲਮੀ ਵਿੱਤੀ ਮਾਰਕੀਟਾਂ ਨੂੰ ਹਿਲਾ ਕੇ ਰੱਖ ਦਿੱਤਾ ਸੀ। ਇਹ ਨੀਤੀਆਂ ਵਪਾਰਕ ਭਾਈਚਾਰੇ ਲਈ ਨਿਰਾਸ਼ਾਜਨਕ ਸਾਬਿਤ ਹੋਈਆਂ ਹਨ ਅਤੇ ਇਸ ਨਾਲ ਮਹਿੰਗਾਈ ਵਧਣ ਅਤੇ ਅਰਥਵਿਵਸਥਾ ਵਿੱਚ ਮੰਦੀ ਆਉਣ ਦੇ ਭਾਰੀ ਖ਼ਦਸ਼ੇ ਪੈਦਾ ਹੋ ਗਏ ਹਨ।

ਨਿਊਯਾਰਕ ਵਿੱਚ ਸਥਿਤ ਅਮਰੀਕੀ ਅੰਤਰਰਾਸ਼ਟਰੀ ਵਪਾਰ ਅਦਾਲਤ ਦੀ ਤਿੰਨ ਜੱਜਾਂ ਦੇ ਬੈਂਚ ਨੇ ਇਹ ਫੈਸਲਾ ਦਿੱਤਾ ਹੈ। ਇਸ ਤੋਂ ਪਹਿਲਾਂ ਇਸ ਸਬੰਧ ਵਿੱਚ ਦਾਇਰ ਕੀਤੇ ਕਈ ਕੇਸਾਂ 'ਚ ਇਹ ਦਲੀਲ ਦਿੱਤੀ ਗਈ ਸੀ ਕਿ ਟਰੰਪ ਆਪਣੇ ਅਧਿਕਾਰਾਂ ਦੀ ਦੁਰਵਰਤੋਂ ਕਰਦੇ ਹੋਏ ਆਪਣੀ ਮਰਜ਼ੀ ਨਾਲ ਦੇਸ਼ ਦੀ ਵਪਾਰ ਨੀਤੀ ਤੈਅ ਕਰ ਰਹੇ ਹਨ।

ਉਧਰ ਟਰੰਪ ਨੇ ਕਈ ਵਾਰ ਕਿਹਾ ਹੈ ਕਿ ਟੈਕਸ ਲਗਾਉਣ ਨਾਲ ਨਿਰਮਾਤਾ ਕੰਪਨੀਆਂ ਨੂੰ ਅਮਰੀਕਾ ਵਿੱਚ ਵਾਪਸ ਲਿਆਂਦਾ ਜਾਵੇਗਾ, ਜਿਸ ਨਾਲ ਅਮਰੀਕੀ ਲੋਕਾਂ ਲਈ ਰੋਜ਼ਗਾਰ ਦੇ ਮੌਕੇ ਵਧਣਗੇ ਅਤੇ ਇਸ ਨਾਲ ਸੰਘੀ ਬਜਟ ਘਾਟਾ ਘਟਾਉਣ ਲਈ ਕਾਫੀ ਆਮਦਨ ਮਿਲੇਗੀ।

ਇਸ ਮਾਮਲੇ ਦੀ ਸੁਣਵਾਈ ਤਿੰਨ ਜੱਜਾਂ ਨੇ ਕੀਤੀ। ਇਨ੍ਹਾਂ ਵਿੱਚ ਟਰੰਪ ਵੱਲੋਂ ਨਿਯੁਕਤ ਟਿਮੋਥੀ ਰੀਫ, ਸਾਬਕਾ ਰਾਸ਼ਟਰਪਤੀ ਰੋਨਾਲਡ ਰੀਗਨ ਵੱਲੋਂ ਨਿਯੁਕਤ ਜੇਨ ਰੈਸਟਾਨੀ ਅਤੇ ਸਾਬਕਾ ਰਾਸ਼ਟਰਪਤੀ ਬਰਾਕ ਓਬਾਮਾ ਵੱਲੋਂ ਨਿਯੁਕਤ ਗੈਰੀ ਕੈਟਜ਼ਮੈਨ ਸ਼ਾਮਲ ਸਨ। ਅਦਾਲਤ ਨੇ ਆਪਣੇ ਫੈਸਲੇ ਵਿੱਚ ਲਿਖਿਆ, ਰਾਸ਼ਟਰਪਤੀ ਨੇ 955♦1 ਤਹਿਤ ਮਿਲੇ ਆਪਣੇ ਅਧਿਕਾਰਾਂ ਦੀ ਦੁਰਵਰਤੋਂ ਕਰਦਿਆਂ ਵਿਸ਼ਵ ਪੱਧਰੀ ਅਤੇ ਜਵਾਬੀ ਟੈਕਸ ਲਗਾਉਣ ਦੇ ਆਦੇਸ਼ ਦਿੱਤੇ ਹਨ।

**ਕੀ ਹੈ ਅਮਰੀਕੀ ਅੰਤਰਰਾਸ਼ਟਰੀ ਵਪਾਰ ਅਦਾਲਤ ?**

ਇਹ ਮਾਮਲਾ ਅਮਰੀਕੀ ਅੰਤਰਰਾਸ਼ਟਰੀ ਵਪਾਰ ਅਦਾਲਤ ਵਿੱਚ ਦਾਇਰ ਕੀਤਾ ਗਿਆ ਸੀ, ਜੋ ਕਿ ਇੱਕ ਸੰਘੀ ਅਦਾਲਤ ਹੈ। ਇਹ ਅਦਾਲਤ ਖਾਸ ਤੌਰ 'ਤੇ ਅੰਤਰਰਾਸ਼ਟਰੀ ਵਪਾਰ ਕਾਨੂੰਨ ਨਾਲ ਸਬੰਧਤ ਸਿਵਲ ਮਾਮਲਿਆਂ ਦੀ ਸੁਣਵਾਈ ਕਰਦੀ ਹੈ। ਹਾਲਾਂਕਿ ਟੈਕਸ ਲਗਾਉਣ ਲਈ ਆਮ ਤੌਰ 'ਤੇ ਸੰਸਦ ਦੀ ਮਨਜ਼ੂਰੀ ਦੀ ਲੋੜ ਹੁੰਦੀ ਹੈ, ਪਰ ਟਰੰਪ ਦਾ ਕਹਿਣਾ ਹੈ ਕਿ ਉਨ੍ਹਾਂ ਕੋਲ ਵਪਾਰ ਘਾਟਾ ਦੂਰ ਕਰਨ ਲਈ ਕਾਰਵਾਈ ਕਰਨ ਦੀ ਸ਼ਕਤੀ ਹੈ। ਟੈਕਸ ਲਗਾਉਣ ਸਬੰਧੀ ਟਰੰਪ ਦੇ ਹੁਕਮਾਂ ਖ਼ਿਲਾਫ਼ ਘੱਟੋ-ਘੱਟ ਸੱਤ ਕੇਸ ਦਾਇਰ ਕੀਤੇ ਗਏ ਹਨ।

# ਪੰਜਾਬ ਵਾਸੀਆਂ ਨੂੰ ਗੁੰਮਰਾਹ ਨਾ ਕਰੋ-ਮੁੱਖ ਮੰਤਰੀ ਵੱਲੋਂ ਅਕਾਲੀਆਂ ਅਤੇ ਕਿਸਾਨ ਯੂਨੀਅਨਾਂ ਨੂੰ ਤਾੜਨਾ

**ਚੰਡੀਗੜ੍ਹ, 2 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਅੱਜ ਅਕਾਲੀ ਲੀਡਰਾਂ ਅਤੇ ਕਿਸਾਨ ਯੂਨੀਅਨਾਂ ਵੱਲੋਂ ਆਪਣੇ ਸੌੜੇ ਹਿੱਤ ਪਾਲਣ ਲਈ ਅਫਵਾਹਾਂ ਫੈਲਾ ਕੇ ਪੰਜਾਬ ਵਾਸੀਆਂ ਨੂੰ ਗੁੰਮਰਾਹ ਕਰਨ ਦੀ ਸਖ਼ਤ ਆਲੋਚਨਾ ਕੀਤੀ ਹੈ।

ਕਿਸਾਨ ਯੂਨੀਅਨਾਂ 'ਤੇ ਤਿੱਖਾ ਹਮਲਾ ਕਰਦਿਆਂ ਮੁੱਖ ਮੰਤਰੀ ਨੇ ਕਿਹਾ ਕਿ ਕਿਸਾਨਾਂ ਅਤੇ ਯੂਨੀਅਨਾਂ ਦਾ ਵਜੂਦ ਵੱਖੋ-ਵੱਖਰਾ ਹੈ ਕਿਉਂਕਿ ਯੂਨੀਅਨਾਂ ਦੇ ਲੀਡਰਾਂ ਨੇ ਕਿਸਾਨਾਂ ਦੇ ਹਿੱਤ ਬਚਾਉਣ ਦੇ ਨਾਮ 'ਤੇ ਆਪਣੀਆਂ ਦੁਕਾਨਾਂ ਖੋਲ੍ਹੀਆਂ ਹੋਈਆਂ ਹਨ। ਉਨ੍ਹਾਂ ਕਿਹਾ ਕਿ ਕਿਸਾਨ ਯੂਨੀਅਨ ਦੇ ਲੀਡਰ ਗੈਰ-ਕਾਨੂੰਨੀ ਢੰਗ ਨਾਲ ਸਰਮਾਇਆ ਇਕੱਠਾ ਕਰਕੇ ਵੱਡੀਆਂ ਜਾਇਦਾਦ ਦੇ ਮਾਲਕ ਬਣੇ ਹੋਏ ਹਨ ਅਤੇ ਇੱਥੋਂ ਤੱਕ ਕਿ ਇਨ੍ਹਾਂ ਦੀ ਸੂਬੇ ਦੇ ਕਈ ਹੋਟਲਾਂ ਤੇ ਹਸਪਤਾਲਾਂ ਵਿੱਚ ਵੀ ਹਿੱਸਾ ਪੱਤੀ ਹੈ। ਭਗਵੰਤ ਸਿੰਘ ਮਾਨ ਨੇ ਕਿਸਾਨਾਂ ਯੂਨੀਅਨਾਂ ਨੂੰ ਖੇਤੀ ਸੰਕਟ ਨਾਲ ਜੁੜੇ ਮਸਲਿਆਂ 'ਤੇ ਉਨ੍ਹਾਂ ਨਾਲ ਲਾਈਵ ਬਹਿਸ ਕਰਨ ਦੀ ਚੁਣੌਤੀ ਦਿੱਤੀ। ਮੁੱਖ ਮੰਤਰੀ ਨੇ ਬੀ.ਬੀ.ਐਮ.ਬੀ. ਅਤੇ ਹਰਿਆਣਾ ਨਾਲ ਪਾਣੀਆਂ ਦੇ ਮੁੱਦੇ 'ਤੇ ਕਿਸਾਨ ਯੂਨੀਅਨਾਂ ਵੱਲੋਂ ਚੁੱਪ ਸਾਧਣ 'ਤੇ ਸਵਾਲ ਚੁੱਕਦਿਆਂ ਕਿਹਾ ਕਿ ਇਨ੍ਹਾਂ ਦੇ ਕਿਸੇ ਵੀ ਲੀਡਰ ਇਕ ਬਿਆਨ ਤੱਕ ਵੀ ਜਾਰੀ ਨਹੀਂ ਕੀਤਾ। ਉਨ੍ਹਾਂ ਕਿਹਾ ਕਿ ਕਿਸਾਨ ਯੂਨੀਅਨਾਂ ਬੇਤੁੱਕੇ ਮਸਲਿਆਂ 'ਤੇ ਸੜਕਾਂ ਅਤੇ ਰੇਲਾਂ ਰੋਕ ਕੇ ਸਿਰਫ ਆਪਣੀਆਂ ਦੁਕਾਨਾਂ ਚਲਾ ਰਹੀਆਂ ਹਨ ਜਦਕਿ ਪੰਜਾਬ ਦੇ ਸੰਜੀਦਾ ਮੁੱਦਿਆਂ ਪ੍ਰਤੀ ਚੁੱਪ ਧਾਰ ਲੈਂਦੀਆਂ ਹਨ। ਭਗਵੰਤ ਸਿੰਘ ਮਾਨ ਨੇ ਚੁਟਕੀ ਲੈਂਦਿਆਂ ਕਿਹਾ ਕਿ ਇਨ੍ਹਾਂ ਲੀਡਰਾਂ ਨੂੰ ਕਿਸਾਨਾਂ ਨਾਲ ਕੋਈ ਸਰੋਕਾਰ ਨਹੀਂ ਸਗੋਂ ਉਹ ਸਿਰਫ ਆਪਣੇ ਹਿੱਤ ਪੂਰ ਰਹੇ ਹਨ। ਉਨ੍ਹਾਂ ਕਿਹਾ ਕਿ ਕਿਸਾਨ ਯੂਨੀਅਨਾਂ ਸੰਘਰਸ਼ ਕਰਨ ਦੀ ਆੜ ਵਿੱਚ ਕਿਸਾਨਾਂ ਪਾਸੋਂ ਫੀਸ ਵਸੂਲਦੀਆਂ ਹਨ। ਮੁੱਖ ਮੰਤਰੀ ਨੇ ਕਿਹਾ ਕਿ ਬਾਦਲ-ਮਜੀਠੀਆ ਪਰਿਵਾਰ ਵਿੱਚ ਸਭ ਕੁਝ ਠੀਕ ਨਹੀਂ ਚੱਲ ਰਿਹਾ ਕਿਉਂਕਿ ਸੁਖਬੀਰ ਸਿੰਘ ਬਾਦਲ ਅਤੇ ਬਿਕਰਮ ਸਿੰਘ ਮਜੀਠੀਆ ਦੀ ਆਪਸ ਵਿੱਚ ਬੋਲਬਾਣੀ ਵੀ ਬੰਦ ਹੈ। ਉਨ੍ਹਾਂ ਕਿਹਾ ਕਿ ਅਜਿਹਾ ਜਾਪਦਾ ਹੈ ਕਿ ਦੋਵਾਂ ਵੱਲੋਂ ਆਪਣੀ ਹਕੂਮਤ ਦੌਰਾਨ ਲੁੱਟ ਦੇ ਪੈਸੇ ਨਾਲ ਬਣਾਈ ਜਾਇਦਾਦ ਦੀ ਵੰਡ ਨੂੰ ਲੈ ਕੇ ਵਿਵਾਦ ਚੱਲ ਰਿਹਾ ਹੈ ਅਤੇ ਹੁਣ ਪਰਿਵਾਰਾਂ ਵਿੱਚ ਅਣਬਣ ਪੈਦਾ ਹੋ ਗਈ ਹੈ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਉਨ੍ਹਾਂ ਵੱਲੋਂ ਅੱਜ ਇਸ ਦਾ ਖੁਲਾਸਾ ਕਰਨ ਤੋਂ ਬਾਅਦ ਭਾਵੇਂ ਦੋਵੇਂ ਪਰਿਵਾਰ ਇਕੱਠ ਹੋ ਜਾਣ ਪਰ ਸੱਚ ਇਹ ਹੈ ਕਿ ਇਨ੍ਹਾਂ ਨੇਤਾਵਾਂ ਨੇ ਆਪਣੇ ਫਾਇਦੇ ਲਈ ਪੰਜਾਬ ਦੇ ਹਿੱਤਾਂ ਨੂੰ ਢਾਹ ਲਾਈ ਹੈ। ਮੁੱਖ ਮੰਤਰੀ ਨੇ ਕਿਹਾ ਕਿ ਅਕਾਲੀ ਲੀਡਰ ਆਪਣੇ ਸਿਆਸੀ ਮੁਫਾਦ ਦੀ ਖਾਤਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਸ੍ਰੀ ਅਕਾਲ ਤਖ਼ਤ ਸਾਹਿਬ ਨੂੰ ਵਰਤ ਰਹੇ ਹਨ।

ਉਨ੍ਹਾਂ ਕਿਹਾ ਕਿ ਅਕਾਲੀ ਸੌੜੇ ਹਿੱਤਾਂ ਲਈ ਧਰਮ ਦੀ ਦੁਰਵਰਤੋਂ ਕਰਦੇ ਹਨ। ਇਕ ਮਿਸਾਲ ਦਿੰਦੇ ਹੋਏ ਮੁੱਖ ਮੰਤਰੀ ਨੇ ਕਿਹਾ ਕਿ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਹੁਕਮਾਂ ਨੂੰ ਆਪਣੇ ਰਾਜਨੀਤਿਕ ਹਿੱਤਾਂ ਅਨੁਸਾਰ ਅਤੇ ਲੋਕਾਂ ਨੂੰ ਮੂਰਖ ਬਣਾਉਣ ਲਈ ਤੋੜ-ਮਰੋੜ ਕੇ ਪੇਸ਼ ਕੀਤਾ ਜਾ ਰਿਹਾ ਹੈ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਹੁਣ ਸਾਬਕਾ ਵਿਧਾਇਕ ਵਿਰਸਾ ਸਿੰਘ ਵਲਟੋਹਾ ਨੂੰ ਅਕਾਲੀ ਦਲ ਵਿੱਚ ਦੁਬਾਰਾ ਸ਼ਾਮਲ ਕੀਤਾ ਜਾਵੇਗਾ ਅਤੇ ਇੱਥੋਂ ਤੱਕ ਕਿ ਫਖ਼ਰ-ਏ-ਕੌਮ ਦਾ ਖਿਤਾਬ ਵੀ ਮੁੜ ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਦੇ ਨਾਮ ਕਰ ਦਿੱਤਾ ਜਾਵੇਗਾ।

# ਟੈਕਨੀਕਲ ਸਰਵਿਸ ਯੂਨੀਅਨਾਂ ਦੀ ਮੀਟਿੰਗ ਵਿਚ ਸੰਘਰਸ਼ ਅਤੇ ਮੁਲਾਜਮਾਂ ਦੇ ਮਸਲਿਆਂ ਬਾਰੇ ਕੀਤੀ ਚਰਚਾ



**ਖਰੜ, 2 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**

-ਟੈਕਨੀਕਲ ਸਰਵਿਸ ਯੂਨੀਅਨ ਦੀ ਖਰੜ ਸਬ ਡਿਵੀਜ਼ਨਾਂ ਦੀ ਮੀਟਿੰਗ ਪ੍ਰਧਾਨ ਯੋਗਰਾਜ ਸਿੰਘ ਤੇ ਸ਼ੇਰ ਸਿੰਘ ਦੀ ਅਗਵਾਈ ਹੇਠ ਹੋਈ ਮੀਟਿੰਗ ਵਿਚ ਆਉਣ ਵਾਲੇ ਦਿਨਾਂ ਵਿੱਚ ਆ ਰਹੇ ਸੰਘਰਸ਼ਾਂ ਅਤੇ ਮੁਲਾਜ਼ਮਾਂ ਦੇ ਚਿਰਕਾਲੀ ਮਸਲਿਆਂ ਬਾਰੇ ਵਿਚਾਰ ਚਰਚਾ ਕੀਤੀ ਗਈ।ਮੀਟਿੰਗ ਉਪਰੰਤ ਸਾਥੀ ਆਗੂਆਂ ਨੇ ਦੱਸਿਆ ਗਿਆ ਕਿ ਪਿਛਲੇ ਦਿਨੀ ਜਾਰੀ ਕੀਤਾ ਗਿਆ 12 ਘੰਟਿਆਂ ਦੀ ਡਿਊਟੀ ਸੰਬੰਧੀ ਨੋਟੀਫਿਕੇਸ਼ਨ, ਯੂਨੀਅਨ ਦੀ ਕੋਸ਼ਿਸ਼ਾਂ ਅਤੇ ਐਕਸੀਅਨ ਸਾਹਿਬ ਨਾਲ ਮੁਲਾਕਾਤ ਦੇ ਨਤੀਜੇ ਵਜੋਂ ਵਾਪਸ ਲੈ ਕੇ ਮੁੜ 8 ਘੰਟਿਆਂ ਦੀ ਡਿਊਟੀ ਦਾ ਨੋਟੀਫਿਕੇਸ਼ਨ ਜਾਰੀ ਕਰਵਾਇਆ ਗਿਆ ਹੈ। ਇਸ ਤੋਂ ਇਲਾਵਾ ਹੋਰ ਕਈ ਮੁਲਾਜ਼ਮ ਸਬੰਧੀ ਮਸਲੇ ਵੀ ਹੱਲ ਕੀਤੇ ਗਏ ਹਨ। ਯੂਨੀਅਨ ਨੇ ਇਹ ਵੀ ਸਾਫ ਕੀਤਾ ਕਿ ਕਈ ਹੋਰ ਮਸਲੇ ਹਜੇ ਵੀ ਲਟਕ ਰਹੇ ਹਨ, ਜਿਨ੍ਹਾਂ ਨੂੰ ਹੱਲ ਕਰਵਾਉਣ ਲਈ ਮੁਲਾਜ਼ਮ ਵਰਗ ਨੂੰ ਸੰਘਰਸ਼ ਕਰਨ ਤਿਆਰ ਰਹਿਣ ਦੀ ਲੋੜ ਹੈ।

ਇਸ ਮੀਟਿੰਗ ਵਿੱਚ ਬਲਵਿੰਦਰ ਸਿੰਘ (ਸਾਬਕਾ ਸਰਕਲ ਪ੍ਰਧਾਨ, ਟੀਐਸਯੂ) ਵੀ ਹਾਰ ਸਨ। ਇਸ ਮੀਟਿੰਗ ਵਿੱਚ,ਜਤਿੰਦਰ ਸਿੰਘ ਜੇ.ਈ ਸਤਵੀਰ ਸਿੰਘ ਜੇ.ਈ, ਗੁਰਚਰਨ ਸਿੰਘ, ਬਲਵਿੰਦਰ ਸਿੰਘ ਰੜਿਆਲਾ, ਗੁਰਪ੍ਰੀਤ ਸਿੰਘ ਕਾਕਾ ਸਿੰਘ, ਗੁਰਦੀਪ ਸਿੰਘ, ਹਰਜੀਤ ਸਿੰਘ ਕੇਵਲ ਸਿੰਘ, ਅਜੈ ਕੁਮਾਰ ਸਮੇਤ ਬਿਜਲੀ ਵਿਭਾਗ ਦੇ ਕਈ ਹੋਰ ਕਰਮਚਾਰੀ ਵੀ ਵੱਡੀ ਗਿਣਤੀ ਵਿੱਚ ਸ਼ਾਮਿਲ ਹੋਏ।

# ਨਾਮਜ਼ਦਗੀਆਂ ਦੇ ਚੌਥੇ ਦਿਨ 4 ਨਾਮਜ਼ਦਗੀ ਪੱਤਰ ਦਾਖ਼ਲ : ਸਿਬਿਨ ਸੀ

**ਚੰਡੀਗੜ੍ਹ, 2 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਵਿਧਾਨ ਸਭਾ ਦੀ 64-ਲੁਧਿਆਣਾ ਪੱਛਮੀ ਸੀਟ ਲਈ ਨਾਮਜ਼ਦਗੀਆਂ ਦੇ ਚੌਥੇ ਦਿਨ 4 ਨਾਮਜ਼ਦਗੀ ਪੱਤਰ ਦਾਖਲ ਹੋਏ ਹਨ।

ਪੰਜਾਬ ਦੇ ਮੁੱਖ ਚੋਣ ਅਧਿਕਾਰੀ ਸਿਬਿਨ ਸੀ ਨੇ ਦੱਸਿਆ ਕਿ 64-ਲੁਧਿਆਣਾ ਪੱਛਮੀ ਸੀਟ ਲਈ ਅੱਜ ਇੰਡੀਅਨ ਨੈਸ਼ਨਲ ਕਾਂਗਰਸ ਤੋਂ ਉਮੀਦਵਾਰ ਸ੍ਰੀ ਭਾਰਤ ਭੂਸ਼ਣ ਆਸ਼ੂ ਅਤੇ ਸ੍ਰੀਮਤੀ ਮਮਤਾ ਆਸ਼ੂ (ਕਵਰਿੰਗ ਉਮੀਦਵਾਰ) ਵੱਲੋਂ ਨਾਮਜ਼ਦਗੀ ਪੱਤਰ ਦਾਖ਼ਲ ਕੀਤਾ ਗਿਆ ਹੈ। ਇਸ ਤੋਂ ਇਲਾਵਾ ਸ਼੍ਰੋਮਣੀ ਅਕਾਲੀ ਦਲ ਤੋਂ ਉਮੀਦਵਾਰ ਐਡਵੋਕੇਟ ਪਰਉਪਕਾਰ ਸਿੰਘ ਘੁੰਮਣ ਅਤੇ ਸ੍ਰੀਮਤੀ ਅਰਵਿੰਦਰ ਕੌਰ ਘੁੰਮਣ (ਕਵਰਿੰਗ ਉਮੀਦਵਾਰ) ਨੇ ਨਾਮਜ਼ਦਗੀਆਂ ਦਾਖ਼ਲ ਕੀਤੀਆਂ ਹਨ। ਇਸ ਤੋਂ ਪਹਿਲਾਂ ਬੀਤੇ ਦਿਨ 28 ਮਈ ਨੂੰ 1 ਆਜ਼ਾਦ ਉਮੀਦਵਾਰ ਵੱਲੋਂ ਨਾਮਜ਼ਦਗੀ ਪੱਤਰ ਦਾਖਲ ਕੀਤਾ ਗਿਆ ਸੀ।

ਜ਼ਿਕਰਯੋਗ ਹੈ ਕਿ ਨਾਮਜ਼ਦਗੀਆਂ ਭਰਨ ਦੀ ਆਖਰੀ ਮਿਤੀ 2 ਜੂਨ ਹੈ ਅਤੇ ਨਾਮਜ਼ਦਗੀ ਪੱਤਰਾਂ ਦੀ ਪੜਤਾਲ 3 ਜੂਨ ਨੂੰ ਕੀਤੀ ਜਾਵੇਗੀ ਜਦਕਿ ਨਾਮਜ਼ਦਗੀ ਪੱਤਰ ਵਾਪਿਸ ਲੈਣ ਦੀ ਅੰਤਿਮ ਮਿਤੀ 5 ਜੂਨ, 2025 ਹੈ। 30 ਅਤੇ 31 ਮਈ ਨੂੰ ਵੀ ਨਾਮਜ਼ਦਗੀ ਪੱਤਰ ਦਾਖਲ ਕੀਤੇ ਜਾ ਸਕਦੇ ਹਨ।

# ਪੰਜਾਬ ਦੇ ਮੁੱਖ ਚੋਣ ਅਧਿਕਾਰੀ ਵੱਲੋਂ ਲੁਧਿਆਣਾ ਦੇ ਡਿਪਟੀ ਕਮਿਸ਼ਨਰ ਅਤੇ ਪੁਲਿਸ ਕਮਿਸ਼ਨਰ ਨਾਲ ਮੀਟਿੰਗ

**ਚੰਡੀਗੜ੍ਹ, 2 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਦੇ ਮੁੱਖ ਚੋਣ ਅਧਿਕਾਰੀ ਸਿਬਿਨ ਸੀ ਵੱਲੋਂ ਪੰਜਾਬ ਵਿਧਾਨ ਸਭਾ ਦੀ 64-ਲੁਧਿਆਣਾ ਪੱਛਮੀ ਸੀਟ ਦੀ ਜ਼ਿਮਨੀ ਚੋਣ ਦੀਆਂ ਤਿਆਰੀਆਂ ਦਾ ਜਾਇਜ਼ਾ ਲੈਣ ਲਈ ਵੀਰਵਾਰ ਨੂੰ ਜ਼ਿਲ੍ਹੇ ਦੇ ਡਿਪਟੀ ਕਮਿਸ਼ਨਰ- ਕਮ- ਜ਼ਿਲ੍ਹਾ ਚੋਣ ਅਧਿਕਾਰੀ ਅਤੇ ਪੁਲਿਸ ਕਮਿਸ਼ਨਰ ਨਾਲ ਵੀਡਿਓ ਕਾਨਫਰੰਸਿੰਗ ਰਾਹੀਂ ਮੀਟਿੰਗ ਕੀਤੀ ਗਈ।

ਮੀਟਿੰਗ ਦੌਰਾਨ ਸਿਬਿਨ ਸੀ ਨੇ ਚੋਣ ਪ੍ਰਕਿਰਿਆ ਭਾਰਤੀ ਚੋਣ ਕਮਿਸ਼ਨ ਦੀਆਂ ਹਦਾਇਤਾਂ ਅਤੇ ਨਿਯਮਾਂ ਅਨੁਸਾਰ ਸ਼ਾਂਤਮਈ ਤਰੀਕੇ ਨਾਲ ਨੇਪਰੇ ਚਾੜ੍ਹਨ ਦੇ ਨਿਰਦੇਸ਼ ਦਿੱਤੇ। ਉਨ੍ਹਾਂ ਜ਼ਿਲ੍ਹਾ ਚੋਣ ਅਧਿਕਾਰੀ ਨੂੰ ਪੋਲਿੰਗ ਬੂਥਾਂ, ਕਾਉਂਟਿੰਗ ਹਾਲਾਂ ਅਤੇ ਸਟਰਾਂਗ ਰੂਮਾਂ ਵਿੱਚ ਢੁਕਵੇਂ ਪ੍ਰਬੰਧ ਕਰਨ ਲਈ ਕਿਹਾ। ਉਨ੍ਹਾਂ ਕਿਹਾ ਕਿ ਰੀਅਲ-ਟਾਈਮ ਮਾਨੀਟਰਿੰਗ ਲਈ ਪੋਲਿੰਗ ਸਟੇਸ਼ਨਾਂ ਦੀ 100 ਫੀਸਦ ਲਾਈਵ ਵੈਬਕਾਸਟਿੰਗ ਯਕੀਨੀ ਬਣਾਈ ਜਾਵੇ।

ਮੁੱਖ ਚੋਣ ਅਧਿਕਾਰੀ ਵੱਲੋਂ ਵੋਟਰਾਂ ਦੀ ਸਹੂਲਤ ਲਈ ਪੋਲਿੰਗ ਬੂਥਾਂ 'ਤੇ ਪੀਣ ਵਾਲੇ ਪਾਣੀ, ਵੇਟਿੰਗ ਏਰੀਆ, ਪਖਾਨਿਆਂ ਸਮੇਤ ਗਰਮੀ ਤੋਂ ਬਚਣ ਲਈ ਸਾਰੇ ਇੰਤਜ਼ਾਮ ਸਮੇਂ ਸਿਰ ਮੁਕੰਮਲ ਕਰਨ ਦੇ ਨਿਰਦੇਸ਼ ਦਿੱਤੇ ਗਏ। ਇਸ ਦੇ ਨਾਲ ਹੀ ਉਨ੍ਹਾਂ ਵੱਲੋਂ ਕੋਵਿਡ-19 ਦੇ ਪ੍ਰੋਟੋਕੋਲ ਯਕੀਨੀ ਬਣਾਉਣ ਲਈ ਵੀ ਕਿਹਾ ਗਿਆ।

ਮੁੱਖ ਚੋਣ ਅਧਿਕਾਰੀ ਨੇ ਸਟਰਾਂਗ ਰੂਮਾਂ ਦੀ ਸੁਰੱਖਿਆ ਲਈ ਨਿਗਰਾਨੀ ਦੇ ਪੁਖਤਾ ਪ੍ਰਬੰਧ ਕਰਨ ਦੇ ਆਦੇਸ਼ ਦਿੱਤੇ। ਉਨ੍ਹਾਂ ਵੱਲੋਂ ਆਦਰਸ਼ ਚੋਣ ਜ਼ਾਬਤੇ ਦੀ ਉਲੰਘਣਾ ਕਰਨ ਵਾਲਿਆਂ ਖਿਲਾਫ਼ ਸਖਤ ਕਾਰਵਾਈ ਅਤੇ ਇਸ ਬਾਬਤ ਪ੍ਰਾਪਤ ਹੋਣ ਵਾਲੀਆਂ ਸ਼ਿਕਾਇਤਾਂ ਦਾ ਸਮੇਂ ਸਿਰ ਨਿਪਟਾਰਾ ਕਰਨ ਲਈ ਕਿਹਾ ਗਿਆ। ਉਨ੍ਹਾਂ ਨੇ ਪੇਡ ਨਿਊਜ਼ ਉੱਤੇ ਤਿੱਖੀ ਨਜ਼ਰ ਰੱਖਣ ਦੇ ਹੁਕਮ ਦਿੱਤੇ। ਇਸ ਦੇ ਨਾਲ ਹੀ ਪੋਲਿੰਗ ਸਟਾਫ਼ ਦੀ ਸਹੂਲਤ ਲਈ ਖਾਣ-ਪੀਣ ਅਤੇ ਰਿਹਾਇਸ਼ ਦੇ ਉਚਿਤ ਪ੍ਰਬੰਧ ਕਰਨ ਲਈ ਵੀ ਕਿਹਾ। ਉਨ੍ਹਾਂ ਨੇ ਵੋਟਰਾਂ ਦੀ ਭਾਗੀਦਾਰੀ ਨੂੰ ਵਧਾਉਣ ਲਈ ਸਵੀਪ ਗਤੀਵਿਧੀਆਂ ਹੋਰ ਤੇਜ਼ ਕਰਨ ਲਈ ਕਿਹਾ।

ਸਿਬਿਨ ਸੀ ਵੱਲੋਂ ਲੁਧਿਆਣਾ ਪੁਲਿਸ ਕਮਿਸ਼ਨਰ ਨੂੰ ਵੋਟਾਂ ਤੋਂ ਪਹਿਲਾਂ ਦੇ 72, 48 ਅਤੇ 24 ਘੰਟਿਆਂ ਤੋਂ ਲੈ ਕੇ ਚੋਣ ਪ੍ਰਕਿਰਿਆ ਮੁਕੰਮਲ ਹੋਣ ਤੱਕ ਚੌਕਸੀ ਹੋਰ ਵਧਾਉਣ, ਨਾਕਿਆਂ ਉੱਤੇ ਸਖਤੀ ਕਰਨ ਅਤੇ ਹਲਕਿਆਂ ਤੋਂ ਬਾਹਰਲੇ ਲੋਕਾਂ ਦੀ ਆਵਾਜਾਈ ਉੱਤੇ ਤਿੱਖੀ ਨਜ਼ਰ ਰੱਖਣ ਦੇ ਆਦੇਸ਼ ਦਿੱਤੇ ਗਏ।

# ਮੰਡੀਆਂ 'ਚ ਕੰਮ ਕਰਦੇ ਮਜ਼ਦੂਰਾਂ ਲਈ ਪੰਜਾਬ ਸਰਕਾਰ ਦਾ ਵੱਡਾ ਫ਼ੈਸਲਾ

**ਏਜੰਸੀਆਂ**

ਚੰਡੀਗੜ੍ਹ/ਜਲੰਧਰ 2 ਜੂਨ। ਮੰਡੀਆਂ 'ਚ ਢੋਆ-ਢੁਆਈ ਦੇ ਕੰਮ 'ਚ ਲੱਗੇ ਮਜ਼ਦੂਰਾਂ ਦੀ ਭਲਾਈ ਦੇ ਮਕਸਦ ਨਾਲ ਪੰਜਾਬ ਸਰਕਾਰ ਵਲੋਂ ਮਹੱਤਵਪੂਰਨ ਫ਼ੈਸਲਾ ਲਿਆ ਗਿਆ ਹੈ। ਇਸ ਤਹਿਤ ਖ਼ੁਰਾਕ,



ਸਿਵਲ ਸਪਲਾਈ ਅਤੇ ਖ਼ਪਤਕਾਰ ਮਾਮਲਿਆਂ ਬਾਰੇ ਮੰਤਰੀ ਲਾਲ ਚੰਦ ਕਟਾਰੂਚੱਕ ਨੇ ਵੀਰਵਾਰ ਨੂੰ ਪੰਜਾਬ ਮੰਡੀ ਬੋਰਡ ਅਤੇ ਸੂਬਾ ਪੱਧਰੀ ਕਮੇਟੀ ਦੀਆਂ ਪ੍ਰਵਾਨਿਤ ਦਰਾਂ ਅਨੁਸਾਰ ਅਜਿਹੇ ਮਜ਼ਦੂਰਾਂ ਨੂੰ ਵਧੀ ਹੋਈ ਮਜ਼ਦੂਰੀ ਦੇ ਭੁਗਤਾਨ ਵਜੋਂ 373.81 ਕਰੋੜ ਰੁਪਏ ਦੀ ਰਾਸ਼ੀ ਪ੍ਰਵਾਨ ਕੀਤੀ ਗਈ ਹੈ। ਝੋਨੇ ਦੀ ਖ਼ਰੀਦ ਸੀਜ਼ਨ ਦੇ ਪ੍ਰਬੰਧਾਂ ਦੀ ਸਮੀਖਿਆ ਦੌਰਾਨ ਮੰਤਰੀ ਨੂੰ ਜਾਣੂੰ ਕਰਵਾਇਆ ਗਿਆ ਕਿ ਹੁਣ ਤੱਕ 117 ਲੱਖ ਮੀਟ੍ਰਿਕ ਟਨ (ਐੱਲ. ਐੱਮ. ਟੀ.) ਭੰਡਾਰਨ ਥਾਂ ਦੀ ਲੋੜ ਹੈ ਅਤੇ ਜੇਕਰ ਇਸ ਸਾਲ ਅਗਸਤ ਤੋਂ ਹਰ ਮਹੀਨੇ ਔਸਤਨ 10 ਲੱਖ ਮੀਟ੍ਰਿਕ ਟਨ ਅਨਾਜ ਸਟਾਕ ਸੂਬੇ ਤੋਂ ਬਾਹਰ ਭੇਜਿਆ ਜਾਂਦਾ ਹੈ ਤਾਂ ਜਨਵਰੀ 2026 ਤੱਕ ਲਗਭਗ 50 ਲੱਖ ਮੀਟ੍ਰਿਕ ਟਨ ਭੰਡਾਰਨ ਥਾਂ ਆਸਾਨੀ ਨਾਲ ਉਪਲੱਬਧ ਹੋ ਜਾਵੇਗੀ। ਮੰਤਰੀ ਦੇ ਧਿਆਨ 'ਚ ਇਹ ਵੀ ਲਿਆਂਦਾ ਗਿਆ ਕਿ ਕਸਟਮ ਮਿਲਿੰਗ ਨੀਤੀ 2025-26 ਦਾ ਖਰੜਾ ਇਸ ਸਾਲ ਜੂਨ ਦੇ ਦੂਜੇ ਹਫ਼ਤੇ ਤੱਕ ਪੇਸ਼ ਕਰ ਦਿੱਤਾ ਜਾਵੇਗਾ। ਇਸ ਤੋਂ ਇਲਾਵਾ ਫੋਰਟੀਫਾਈਡ ਚੌਲਾਂ ਲਈ ਟੈਂਡਰ ਦੇ ਖਰੜੇ ਨੂੰ ਅੰਤਿਮ ਰੂਪ ਦੇਣ ਲਈ ਕਮੇਟੀ ਦਾ ਗਠਨ ਕੀਤਾ ਗਿਆ ਹੈ। ਮੰਤਰੀ ਨੇ ਆਉਣ ਵਾਲੇ ਝੋਨੇ ਦੇ ਖ਼ਰੀਦ ਸੀਜ਼ਨ ਨੂੰ ਧਿਆਨ 'ਚ ਰੱਖਦੇ ਹੋਏ ਬਾਰਦਾਨੇ ਤੋਂ ਇਲਾਵਾ ਟਰਾਂਸਪੋਰਟ, ਲੇਬਰ ਅਤੇ ਕਾਰਟੇਜ ਨੀਤੀ ਸਬੰਧੀ ਢੁੱਕਵੇਂ ਪ੍ਰਬੰਧਾਂ 'ਤੇ ਜ਼ੋਰ ਦਿੱਤਾ। ਮੰਤਰੀ ਨੂੰ ਭਰੋਸਾ ਦਿੱਤਾ ਗਿਆ ਕਿ 30 ਸਤੰਬਰ ਤਕ ਇਹ ਸਾਰੇ ਪ੍ਰਬੰਧ ਪੂਰੇ ਹੋ ਜਾਣਗੇ। ਕੌਮੀ ਖ਼ੁਰਾਕ ਸੁਰੱਖਿਆ ਐਕਟ (ਐਨ. ਐਫ. ਐਸ. ਏ.), 2013 ਦੇ ਅਧੀਨ ਲਾਭਪਾਤਰੀਆਂ ਦੀ ਈ-ਕੇ. ਵਾਈ. ਸੀ. ਪ੍ਰਕਿਰਿਆ ਬਾਰੇ ਮੰਤਰੀ ਨੂੰ ਦੱਸਿਆ ਗਿਆ ਕਿ 1.25 ਕਰੋੜ ਲਾਭਪਾਤਰੀਆਂ ਦੇ ਸਬੰਧ ਵਿੱਚ ਪ੍ਰਕਿਰਿਆ ਮੁਕੰਮਲ ਹੋ ਗਈ ਹੈ। ਇਸ ਮੌਕੇ ਡਾਇਰੈਕਟਰ ਵਰਿੰਦਰ ਕੁਮਾਰ ਸ਼ਰਮਾ, ਵਧੀਕ ਸਕੱਤਰ ਪਨਗ੍ਰੇਨ ਕਮਲ ਕੁਮਾਰ ਗਰਗ, ਵਧੀਕ ਡਾਇਰੈਕਟਰ ਡਾ. ਅੰਜੁਮਨ ਭਾਸਕਰ ਅਤੇ ਜੀ. ਐਮ. (ਵਿੱਤ) ਸਰਵੇਸ਼ ਕੁਮਾਰ ਮੌਜੂਦ ਸਨ।

# ਮੁੜ ਹੋਵੇਗੀ ਨੋਟਬੰਦੀ ! 500 ਰੁਪਏ ਦੇ ਨੋਟ 'ਤੇ ਪਾਬੰਦੀ ਲਗਾਉਣ ਦੀ ਮੰਗ ਨੇ ਮਚਾਈ ਹਲਚਲ

**ਸਰਦੂਲ ਸਿੰਘ**

ਨੈਸ਼ਨਲ ਡੈਸਕ 2 ਜੂਨ। ਆਂਧਰਾ ਪ੍ਰਦੇਸ਼ ਦੇ ਮੁੱਖ ਮੰਤਰੀ ਐਨ. ਚੰਦਰਬਾਬੂ ਨਾਇਡੂ ਨੇ ਇੱਕ ਵਾਰ ਫਿਰ ਦੇਸ਼ ਵਿੱਚ ਵਿੱਤੀ ਪਾਰਦਰਸ਼ਤਾ ਅਤੇ ਭ੍ਰਿਸ਼ਟਾਚਾਰ ਮੁਕਤ ਪ੍ਰਣਾਲੀ ਵੱਲ ਇੱਕ ਦਲੇਰਾਨਾ ਸੁਝਾਅ ਦਿੱਤਾ ਹੈ। ਉਨ੍ਹਾਂ ਨੇ 500 ਅਤੇ ਇਸ ਤੋਂ ਵੱਧ ਦੇ ਨੋਟਾਂ ਨੂੰ ਚਲਨ ਤੋਂ ਬਾਹਰ ਕਰਨ ਦੀ ਅਪੀਲ ਕੀਤੀ ਹੈ। ਉਨ੍ਹਾਂ ਦਾ ਮੰਨਣਾ ਹੈ ਕਿ ਉੱਚ ਮੁੱਲ ਵਾਲੇ ਨੋਟਾਂ ਨੂੰ ਹਟਾ ਕੇ ਦੇਸ਼ ਨੂੰ ਪੂਰੀ ਤਰ੍ਹਾਂ ਡਿਜੀਟਲ ਲੈਣ-ਦੇਣ ਵੱਲ ਲਿਜਾਇਆ ਜਾ ਸਕਦਾ ਹੈ, ਜਿਸ ਨਾਲ ਨਾ ਸਿਰਫ਼ ਭ੍ਰਿਸ਼ਟਾਚਾਰ 'ਤੇ ਰੋਕ ਲੱਗੇਗੀ ਬਲਕਿ ਅਰਥਵਿਵਸਥਾ ਨੂੰ ਹੋਰ ਪਾਰਦਰਸ਼ੀ ਵੀ ਬਣਾਇਆ ਜਾਵੇਗਾ। ਤੇਲਗੂ ਦੇਸ਼ਮ ਪਾਰਟੀ ਦੇ ਤਿੰਨ ਦਿਨਾਂ ਸਾਲਾਨਾ ਸੰਮੇਲਨ 'ਮਹਾਨਡੂ ਸਭਾ' ਨੂੰ ਸੰਬੋਧਨ ਕਰਦਿਆਂ ਨਾਇਡੂ ਨੇ ਨਾ ਸਿਰਫ਼ 500 ਅਤੇ 2,000 ਰੁਪਏ ਦੇ ਨੋਟਾਂ ਨੂੰ ਬੰਦ ਕਰਨ ਦਾ ਸੱਦਾ ਦਿੱਤਾ, ਸਗੋਂ ਡਿਜੀਟਲ ਭੁਗਤਾਨ ਅਪਣਾਉਣ ਦਾ ਵੀ ਸੱਦਾ ਦਿੱਤਾ। ਉਨ੍ਹਾਂ ਕਿਹਾ ਕਿ ਦੇਸ਼ ਨੂੰ ਨਕਦੀ 'ਤੇ ਨਿਰਭਰਤਾ ਤੋਂ ਬਾਹਰ ਕੱਢਣ ਦਾ ਸਮਾਂ ਆ ਗਿਆ ਹੈ। ਨਾਇਡੂ ਨੇ ਕਿਹਾ ਕਿ ਉਨ੍ਹਾਂ ਨੇ ਪਹਿਲਾਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਡਿਜੀਟਲ ਕਰੰਸੀ ਬਾਰੇ ਇੱਕ ਰਿਪੋਰਟ ਸੌਂਪੀ ਸੀ ਅਤੇ ਸੁਝਾਅ ਦਿੱਤਾ ਸੀ ਕਿ ਜੇਕਰ ਲੋੜ ਪਈ ਤਾਂ 500, 1000 ਅਤੇ 2000 ਰੁਪਏ ਦੇ ਨੋਟਾਂ ਦੀ ਛਪਾਈ ਪੂਰੀ ਤਰ੍ਹਾਂ ਬੰਦ ਕਰ ਦਿੱਤੀ ਜਾਵੇ। ਇਸ ਨਾਲ ਨਾ ਸਿਰਫ਼ ਕਾਲੇ ਧਨ ਨੂੰ ਕੰਟਰੋਲ ਕੀਤਾ ਜਾ ਸਕੇਗਾ, ਸਗੋਂ ਹਰ ਲੈਣ-ਦੇਣ ਨੂੰ ਟਰੈਕ ਕਰਨਾ ਵੀ ਆਸਾਨ ਹੋ ਜਾਵੇਗਾ। ਨਾਇਡੂ ਨੇ ਇੱਕ ਦਿਲਚਸਪ ਉਦਾਹਰਣ ਦਿੰਦੇ ਹੋਏ ਕਿਹਾ ਕਿ ਹੁਣ ਪਾਰਟੀ ਨੂੰ ਮਿਲਣ



ਵਾਲੇ ਦਾਨ ਲਈ ਕੋਡ ਦਾ ਇਸਤੇਮਾਲ ਕੀਤਾ ਜਾ ਰਿਹਾ ਹੈ। ਪਹਿਲਾਂ ਦਾਨ ਕਰਨਾ ਇੱਕ ਲੰਬੀ ਪ੍ਰਕਿਰਿਆ ਸੀ ਪਰ ਹੁਣ ਪੈਸੇ ਸਕੈਨ ਨਾਲ ਟ?ਰਾਂਸਫਰ ਕੀਤੇ ਜਾ ਰਹੇ ਹਨ। ਅਜਿਹੀ ਸਥਿਤੀ ਵਿੱਚ ਉੱਚ ਮੁੱਲ ਵਾਲੇ ਨੋਟਾਂ ਦੀ ਸਾਰਥਕਤਾ ਖ਼ਤਮ ਹੋ ਗਈ ਹੈ। ਕਾਨਫਰੰਸ ਵਿੱਚ ਨਾਇਡੂ ਨੇ ਮੌਜੂਦ ਵਰਕਰਾਂ ਅਤੇ ਸਮਰਥਕਾਂ ਨੂੰ ਆਪਣੇ ਹੱਥ ਉੱਚੇ ਕਰਕੇ ਅਤੇ ਤਾੜੀਆਂ ਵਜਾ ਕੇ ਉਨ੍ਹਾਂ ਦੇ ਪ੍ਰਸਤਾਵ ਦਾ ਸਮਰਥਨ ਕਰਨ ਲਈ ਕਿਹਾ। ਉਨ੍ਹਾਂ ਕਿਹਾ ਕਿ ਅਜਿਹੀ ਤਬਦੀਲੀ ਜਨਤਾ ਦੇ ਸਮਰਥਨ ਨਾਲ ਹੀ ਸੰਭਵ ਹੈ। ਇਸ ਦੌਰਾਨ ਭਾਰਤੀ ਰਿਜ਼ਰਵ ਬੈਂਕ ਨੇ ਵੀ ਨਕਦੀ ਪ੍ਰਣਾਲੀ ਸੰਬੰਧੀ ਇੱਕ ਨਵੀਂ ਦਿਸ਼ਾ-ਨਿਰਦੇਸ਼ ਜਾਰੀ ਕੀਤੀ ਹੈ। ਹੁਣ ਸਾਰੇ ਬੈਂਕਾਂ ਅਤੇ ਵ?ਹਾਈਟ ਲੇਬਲ ਏਟੀਐਮ ਆਪਰੇਟਰਾਂ ਨੂੰ ਇਹ ਯਕੀਨੀ ਬਣਾਉਣਾ ਹੋਵੇਗਾ ਕਿ ਉਨ੍ਹਾਂ ਦੇ ਏਟੀਐਮ ਵਿੱਚ 100 ਅਤੇ 200 ਰੁਪਏ ਦੇ ਨੋਟ ਉਪਲਬਧ ਹੋਣ। ਇਸਦੇ ਲਈ ਇੱਕ ਸਮਾਂ ਸੀਮਾ ਵੀ ਨਿਰਧਾਰਤ ਕੀਤੀ ਗਈ ਹੈ - ਆਰਬੀਆਈ ਦਾ ਇਹ ਕਦਮ ਛੋਟੇ ਮੁੱਲ ਦੀ ਕਰੰਸੀ ਨੂੰ ਉਤਸ਼ਾਹਿਤ ਕਰਨ ਅਤੇ ਆਮ ਨਾਗਰਿਕਾਂ ਦੀ ਸਹੂਲਤ ਲਈ ਵੀ ਚੁੱਕਿਆ ਗਿਆ ਹੈ। ਦੱਸ ਦੇਈਏ ਕਿ ਸਾਲ 2016 ਵਿੱਚ ਭਾਰਤ ਨੇ ਆਰਥਿਕ ਇਤਿਹਾਸ ਵਿੱਚ ਇੱਕ ਵੱਡਾ ਅਤੇ ਹੈਰਾਨ ਕਰਨ ਵਾਲਾ ਕਦਮ ਚੁੱਕਿਆ - ਨੋਟਬੰਦੀ। ਕੇਂਦਰ ਸਰਕਾਰ ਨੇ ਅਚਾਨਕ 500 ਅਤੇ 1000 ਰੁਪਏ ਦੇ ਪੁਰਾਣੇ ਨੋਟਾਂ ਨੂੰ ਗੈਰ-ਕਾਨੂੰਨੀ ਐਲਾਨ ਦਿੱਤਾ। ਇਸਦਾ ਉਦੇਸ਼ ਕਾਲੇ ਧਨ, ਭ੍ਰਿਸ਼ਟਾਚਾਰ ਅਤੇ ਨਕਲੀ ਕਰੰਸੀ ਨੂੰ ਰੋਕਣਾ ਸੀ। ਇਸ ਤੋਂ ਬਾਅਦ, ਮਈ 2023 ਵਿੱਚ, 2000 ਰੁਪਏ ਦੇ ਨੋਟਾਂ ਨੂੰ ਵੀ ਹੌਲੀ-ਹੌਲੀ ਪ੍ਰਚਲਨ ਤੋਂ ਬਾਹਰ ਕਰ ਦਿੱਤਾ ਗਿਆ।

## ਪੰਜਾਬ ਸਰਕਾਰ ਵੱਲੋਂ ਅਨੁਸੂਚਿਤ ਜਾਤੀਆਂ ਦੇ ਲਾਭਪਾਤਰੀਆਂ ਲਈ 37.50 ਕਰੋੜ ਜਾਰੀ : ਡਾ. ਬਲਜੀਤ ਕੌਰ

ਚੰਡੀਗੜ੍ਹ 2 ਜੂਨ। ਸਮਾਜਿਕ ਨਿਆਂ, ਅਧਿਕਾਰਤਾ ਤੇ ਘੱਟ ਗਿਣਤੀ ਮੰਤਰੀ ਡਾ. ਬਲਜੀਤ ਕੌਰ ਨੇ ਦੱਸਿਆ ਕਿ ਪੰਜਾਬ ਸਰਕਾਰ ਵਲੋਂ ਅਸ਼ੀਰਵਾਦ ਸਕੀਮ ਤਹਿਤ ਚਾਲੂ ਵਿੱਤੀ ਸਾਲ 2025-26 ਦੌਰਾਨ ਅਨੁਸੂਚਿਤ ਜਾਤੀਆਂ ਦੇ 7352 ਲਾਭਪਾਤਰੀਆਂ ਨੂੰ 37.50 ਕਰੋੜ ਰੁਪਏ ਦੀ ਰਾਸ਼ੀ ਜਾਰੀ ਕੀਤੀ ਗਈ ਹੈ। ਡਾ. ਬਲਜੀਤ ਕੌਰ ਨੇ ਦੱਸਿਆ ਕਿ ਅਨੁਸੂਚਿਤ ਜਾਤੀਆਂ ਲਈ ਅਸ਼ੀਰਵਾਦ ਸਕੀਮ ਅਧੀਨ ਜ਼ਿਲਾ ਬਰਨਾਲਾ, ਬਠਿੰਡਾ, ਫਰੀਦਕੋਟ, ਸ੍ਰੀ ਫ਼ਤਹਿਗੜ੍ਹ ਸਾਹਿਬ, ਫ਼ਾਜ਼ਿਲਕਾ, ਗੁਰਦਾਸਪੁਰ, ਹੁਸ਼ਿਆਰਪੁਰ, ਜਲੰਧਰ, ਕਪੂਰਥਲਾ, ਮਾਨਸਾ, ਮੋਗਾ, ਸ੍ਰੀ ਮੁਕਤਸਰ ਸਾਹਿਬ, ਪਟਿਆਲਾ, ਪਠਾਨਕੋਟ, ਰੂਪਗਨਰ, ਐਸ. ਏ. ਐਸ. ਨਗਰ, ਸੰਗਰੂਰ, ਮਾਲੇਰਕੋਟਲਾ ਅਤੇ ਤਰਨਤਾਰਨ ਦੇ ਅਨੁਸੂਚਿਤ ਜਾਤੀਆਂ ਦੇ ਕੁੱਲ 7352 ਲਾਭਪਾਤਰੀਆਂ ਦੀਆਂ ਦਰਖਾਸਤਾਂ ਚਾਲੂ ਸਾਲ ਦੌਰਾਨ ਅਸ਼ੀਰਵਾਦ ਪੋਰਟਲ 'ਤੇ ਪ੍ਰਾਪਤ



ਹੋਈਆਂ ਸਨ। ਇਨ੍ਹਾਂ 7352 ਲਾਭਪਾਤਰੀਆਂ ਨੂੰ ਕਵਰ ਕਰਨ ਲਈ 37.50 ਕਰੋੜ ਰੁਪਏ ਦੀ ਰਾਸ਼ੀ ਜਾਰੀ ਕੀਤੀ ਗਈ ਹੈ। ਉਨ੍ਹਾਂ ਦੱਸਿਆ ਕਿ ਇਸ ਰਾਸ਼ੀ ਨਾਲ ਜ਼ਿਲਾ ਬਰਨਾਲਾ ਦੇ 313, ਬਠਿੰਡਾ ਦੇ 826, ਫਰੀਦਕੋਟ ਦੇ 166, ਫ਼ਤਹਿਗੜ੍ਹ ਸਾਹਿਬ ਦੇ 178, ਫ਼ਾਜ਼ਿਲਕਾ ਦੇ 360, ਗੁਰਦਾਸਪੁਰ ਦੇ 104, ਹੁਸ਼ਿਆਰਪੁਰ ਦੇ 731, ਜਲੰਧਰ ਦੇ 837, ਕਪੂਰਥਲਾ ਦੇ 69 ਲਾਭਪਾਤਰੀਆਂ ਨੂੰ ਵਿੱਤੀ ਲਾਭ ਦਿੱਤਾ ਗਿਆ ਹੈ। ਇਸੇ ਤਰ੍ਹਾਂ ਜ਼ਿਲਾ ਮਾਨਸਾ ਦੇ 310, ਮੋਗਾ ਦੇ 360, ਸ੍ਰੀ ਮੁਕਤਸਰ ਸਾਹਿਬ ਦੇ 502, ਪਟਿਆਲਾ ਦੇ 630, ਪਠਾਨਕੋਟ ਦੇ 112, ਰੂਪਨਗਰ ਦੇ 158, ਐਸ. ਏ. ਐਸ. ਨਗਰ ਦੇ 159, ਸੰਗਰੂਰ ਦੇ 797, ਮਾਲੇਰਕੋਟਲਾ ਦੇ 80 ਅਤੇ ਜਿਲ੍ਹਾ ਤਰਨਤਾਰਨ ਦੇ 660 ਲਾਭਪਾਤਰੀਆਂ ਨੂੰ ਵੀ ਲਾਭ ਦਿੱਤਾ ਗਿਆ ਹੈ। ਡਾ. ਬਲਜੀਤ ਕੌਰ ਨੇ ਦੱਸਿਆ ਕਿ ਅਸ਼ੀਰਵਾਦ ਸਕੀਮ ਤਹਿਤ ਸੂਬਾ ਸਰਕਾਰ ਵਲੋਂ ਸੂਬੇ 'ਚ ਘੱਟ ਆਮਦਨੀ ਵਾਲੇ ਪਰਿਵਾਰ ਨਾਲ ਸਬੰਧਤ ਲੜਕੀਆਂ ਦੇ ਵਿਆਹ ਲਈ 51,000 ਰੁਪਏ ਦੀ ਵਿੱਤੀ ਸਹਾਇਤਾ ਦਿੱਤੀ ਜਾਂਦੀ ਹੈ।

## ਨੌਜਵਾਨ ਨੇ ਪਹਿਲਾਂ ਦਾਤੀ ਨਾਲ ਵੱਢੀ ਭਾਬੀ

ਨੈਸ਼ਨਲ ਡੈਸਕ 2 ਜੂਨ। ਪੱਛਮੀ ਬੰਗਾਲ ਸੂਬੇ ਤੋਂ ਇਕ ਦਿਲ ਦਹਿਲਾਉਣ ਵਾਲੀ ਖ਼ਬਰ ਸਾਹਮਣੇ ਆ ਰਹੀ ਹੈ, ਜਿੱਥੇ ਇਕ ਵਿਅਕਤੀ ਨੇ ਆਪਣੀ ਭਾਬੀ ਦਾ ਬੇਰਹਿਮੀ ਨਾਲ ਕਤਲ ਕਰ ਦਿੱਤਾ। ਇਹੀ ਨਹੀਂ, ਇਸ ਮਗਰੋਂ ਉਹ ਉਸ ਦਾ ਸਿਰ ਵੱਢ ਕੇ ਹੱਥ 'ਚ ਫੜ ਸਾਰੇ ਪਿੰਡ 'ਚ ਘੁੰਮਦਾ ਰਿਹਾ। ਮਾਮਲੇ ਦੀ ਜਾਣਕਾਰੀ ਦਿੰਦੇ ਹੋਏ ਪੁਲਸ ਅਧਿਕਾਰੀਆਂ ਨੇ ਦੱਸਿਆ ਕਿ ਪੱਛਮੀ ਬੰਗਾਲ ਦੇ ਦੱਖਣੀ 24 ਪਰਗਨਾ ਜ਼ਿਲ੍ਹੇ ਵਿੱਚ ਸ਼ਨੀਵਾਰ ਨੂੰ ਇੱਕ ਵਿਅਕਤੀ ਨੂੰ ਆਪਣੀ ਭਾਬੀ ਦੇ ਕੱਟੇ ਹੋਏ ਸਿਰ ਨਾਲ ਘੁੰਮਦੇ ਹੋਏ ਫੜਿਆ ਗਿਆ। ਸੀਨੀਅਰ ਪੁਲਸ ਅਧਿਕਾਰੀ ਨੇ ਦੱਸਿਆ ਕਿ ਜ਼ਿਲ੍ਹੇ ਦੇ ਬਸੰਤੀ ਇਲਾਕੇ 'ਚ ਪੈਂਦੇ ਭਰਤਗੜ੍ਹ ਵਿੱਚ ਉਕਤ ਵਿਅਕਤੀ ਨੂੰ ਆਪਣੀ ਭਾਬੀ ਦੇ ਕਤਲ ਦੇ ਮਾਮਲੇ 'ਚ ਗ੍ਰਿਫ਼ਤਾਰ ਕੀਤਾ ਗਿਆ ਹੈ। ਇਸ ਮਾਮਲੇ ਦੀ ਜਾਣਕਾਰੀ ਪੁਲਸ ਨੂੰ ਸਥਾਨਕ ਲੋਕਾਂ ਨੇ ਦਿੱਤੀ, ਜਿਨ੍ਹਾਂ ਫ਼ੋਨ ਕਰ ਕੇ ਪੁਲਸ ਨੂੰ ਦੱਸਿਆ ਕਿ ਇਕ ਵਿਅਕਤੀ ਇਲਾਕੇ 'ਚ ਇਕ ਔਰਤ ਦਾ ਸਿਰ ਹੱਥ 'ਚ ਫੜ ਕੇ ਘੁੰਮ ਰਿਹਾ ਹੈ। ਅਧਿਕਾਰੀਆਂ ਨੇ ਦੱਸਿਆ ਕਿ ਸ਼ੁਰੂਆਤੀ ਜਾਂਚ ਤੋਂ ਪਤਾ ਲੱਗਾ ਹੈ ਕਿ ਮੁਲਜ਼ਮ ਦਾ ਬੀਤੀ ਰਾਤ ਆਪਣੀ ਭਾਬੀ ਨਾਲ ਝਗੜਾ ਹੋਇਆ ਸੀ। ਇਸ ਮਗਰੋਂ ਗੁੱਸੇ 'ਚ ਆ ਕੇ ਉਸ ਨੇ ਆਪਣੀ ਭਾਬੀ ਦਾ ਦਾਤੀ ਵਰਗੀ ਚੀਜ਼ ਨਾਲ ਸਿਰ ਵੱਢ ਦਿੱਤਾ। ਉਨ੍ਹਾਂ ਅੱਗੇ ਦੱਸਿਆ ਕਿ ਅਸੀਂ ਮਾਮਲੇ ਦੀ ਜਾਂਚ ਕਰ ਰਹੇ ਹਾਂ ਤੇ ਇੱਕ ਫੋਰੈਂਸਿਕ ਟੀਮ ਉਸ ਜਗ?ਹਾ ਦਾ ਦੌਰਾ ਕਰ ਰਹੀ ਹੈ ਜਿੱਥੇ ਉਕਤ ਵਾਰਦਾਤ ਵਾਪਰੀ ਸੀ।

# ਅਦਾਲਤ ਦੇ ਹੁਕਮਾਂ ਦੇ ਬਾਵਜੂਦ ਨਹੀਂ ਐਲਾਨੇ ਕੌਂਸਲਿੰਗ ਦੇ ਨਤੀਜੇ, ਭੰਬਲਭੂਸੇ 'ਚ ਵਿਦਿਆਰਥੀ

**ਕਿਸ਼ਨ ਪਾਲ**

ਚੰਡੀਗੜ੍ਹ 2 ਜੂਨ। ਸਰਕਾਰੀ ਮੈਡੀਕਲ ਕਾਲਜ ਅਤੇ ਹਸਪਤਾਲ ਸੈਕਟਰ-32 'ਚ ਪੋਸਟ ਗ੍ਰੈਜੂਏਟ ਮੈਡੀਕਲ ਦਾਖ਼ਲਿਆਂ ਲਈ ਕੌਂਸਲਿੰਗ ਪ੍ਰਕਿਰਿਆ 'ਚ ਦੇਰੀ ਹੋ ਰਹੀ ਹੈ। ਇਸ ਕਾਰਨ ਵਿਦਿਆਰਥੀਆਂ 'ਚ ਭਾਰੀ ਚਿੰਤਾ ਤੇ ਤਣਾਅ ਹੈ। ਪੰਜਾਬ ਤੇ ਹਰਿਆਣਾ ਹਾਈ ਕੋਰਟ ਨੇ ਆਪਣੇ ਫੈਸਲੇ 'ਚ ਸਾਰੀਆਂ ਸੀਟਾਂ ਨੂੰ ਸੰਸਥਾਗਤ ਤਰਜੀਹ ਸ਼੍ਰੇਣੀ 'ਚ ਬਦਲਣ ਦੇ ਨਿਰਦੇਸ਼ ਦਿੱਤੇ ਹਨ। ਇਸ ਦੇ ਬਾਵਜੂਦ ਕੌਂਸਲਿੰਗ ਪ੍ਰਕਿਰਿਆ ਅਜੇ ਪੂਰੀ ਨਹੀਂ ਹੋਈ ਹੈ। ਹਾਈ ਕੋਰਟ ਨੇ 24 ਅਪ੍ਰੈਲ ਨੂੰ ਅੰਤ੍ਰਿਮ ਹਕਮਾਂ 'ਚ ਕਿਹਾ ਸੀ ਕਿ ਕੌਂਸਲਿੰਗ ਪ੍ਰਕਿਰਿਆ ਜਾਰੀ ਰਹਿਣੀ ਚਾਹੀਦੀ ਹੈ ਪਰ ਇਹ ਵੀ ਕਿਹਾ ਸੀ ਕਿ ਉਦੋਂ ਤੱਕ ਨਤੀਜੇ ਐਲਾਨੇ ਨਾ ਜਾਣ। ਹੁਣ 27 ਮਈ ਨੂੰ ਹਾਈ ਕੋਰਟ ਨੇ ਆਪਣਾ ਫੈਸਲਾ ਦੇ ਦਿੱਤਾ ਹੈ ਪਰ ਕੌਂਸਲਿੰਗ ਪ੍ਰਕਿਰਿਆ ਪੂਰੀ ਹੋ ਗਈ ਹੈ ਤੇ ਸਿਰਫ਼ ਨਤੀਜਾ ਲੰਬਿਤ ਹੈ। ਦੋ ਦਿਨਾਂ ਤੋਂ ਜੀ.ਐਸ.ਸੀ.ਐਚ. ਪ੍ਰਸ਼ਾਸਨ ਇਸ ਫੈਸਲੇ 'ਤੇ ਬੈਠਾ ਹੈ ਤੇ ਸਬੰਧਤ ਅਧਿਕਾਰੀਆਂ ਨੂੰ ਭੇਜਣ ਦੀ ਬਜਾਏ ਫਾਈਲ ਨੂੰ ਲੰਬਿਤ ਰੱਖ ਰਿਹਾ ਹੈ। ਡਾਕਟਰ ਨੇ ਕਿਹਾ ਕਿ ਅਸੀਂ ਪੰਜ ਮਹੀਨਿਆਂ ਤੋਂ ਇਤਜ਼ਾਰ ਕਰ ਰਹੇ ਹਾਂ। ਚੁਆਇਸ ਫਿਲਿੰਗ ਵੀ ਪੂਰੀ ਹੋ ਗਈ ਹੈ ਪਰ ਨਤੀਜਾ ਨਹੀਂ ਆਇਆ। ਅਗਲੀ ਐਨ.ਈ.ਈ.ਟੀ. ਪੀ.ਜੀ. ਪ੍ਰੀਖਿਆ ਜੂਨ 2025 'ਚ ਹੈ ਤੇ 2024 ਦੇ ਉਮੀਦਵਾਰ ਅਜੇ ਵੀ ਦਾਖ਼ਲੇ ਦੀ ਉਡੀਕ ਕਰ ਰਹੇ ਹਨ। ਦੂਜੇ ਡਾਕਟਰ ਨੇ ਕਿਹਾ ਕਿ ਹਾਈ ਕੋਰਟ ਦਾ ਫੈਸਲਾ ਆ ਗਿਆ ਹੈ, ਕੌਂਸਲਿੰਗ ਹੋ ਚੁੱਕੀ ਹੈ, ਫਿਰ ਵੀ ਨਤੀਜਾ ਜਾਰੀ ਨਹੀਂ ਕੀਤਾ ਜਾ ਰਿਹਾ ਹੈ। ਇਸ ਨਾਲ 38 ਤੋਂ ਵੱਧ ਵਿਦਿਆਰਥੀ ਪ੍ਰਭਾਵਿਤ ਹੋ ਰਹੇ ਹਨ। ਵਿਦਿਆਰਥੀਆਂ ਨੇ ਕਿਹਾ ਕਿ ਉਨ੍ਹਾਂ ਨੂੰ ਪ੍ਰਸ਼ਾਸਨ ਵੱਲੋਂ ਕੋਈ ਸਹੀ ਜਾਣਕਾਰੀ ਨਹੀਂ



ਦਿੱਤੀ ਜਾ ਰਹੀ ਹੈ। ਸਾਡੀ ਰੈਂਕਿੰਗ ਚੰਗੀ ਹੈ ਤੇ ਸਾਨੂੰ ਕਲੀਨਿਕਲ ਸ਼ਾਖਾ ਮਿਲਣ ਦਾ ਯਕੀਨ ਹੈ ਪਰ ਪ੍ਰਸ਼ਾਸਨ ਵੱਲੋਂ ਕੋਈ ਜਵਾਬ ਨਹੀਂ ਮਿਲ ਰਿਹਾ ਹੈ। ਇਸ ਨਾਲ ਮਾਨਸਿਕ ਤਣਾਅ ਤੇ ਭਵਿੱਖ ਬਾਰੇ ਭੰਬਲਭੂਸਾ ਪੈਦਾ ਹੋਇਆ ਹੈ। ਸੁਪਰੀਮ ਕੋਰਟ ਨੇ 29 ਜਨਵਰੀ ਦੇ ਹੁਕਮਾਂ 'ਚ ਰਾਜ ਕੋਟੇ ਅਧੀਨ ਪੀ.ਜੀ. ਮੈਡੀਕਲ ਦਾਖਲੇ 'ਚ ਡੋਮੀਸਾਈਲ ਆਧਾਰਤ ਰਾਖਵਾਂਕਰਨ ਨੂੰ ਗ਼ੈਰ-ਸੰਵਿਧਾਨਕ ਕਰਾਰ ਦਿੱਤਾ ਸੀ। ਫਿਰ ਪੰਜਾਬ ਤੇ ਹਰਿਆਣਾ ਹਾਈ ਕੋਰਟ ਨੇ 27 ਮਈ ਦੇ ਫੈਸਲੇ 'ਚ ਸੁਪਰੀਮ ਕੋਰਟ ਦੇ ਹੁਕਮ ਦੀ ਪੁਸ਼ਟੀ ਕੀਤੀ ਤੇ ਅਪ੍ਰੈਲ 'ਚ ਜੀ.ਐਮ.ਸੀ.ਐਚ. ਵੱਲੋਂ ਜਾਰੀ ਨੋਟੀਫਿਕੇਸ਼ਨ ਨੂੰ ਜਾਇਜ਼ ਠਹਿਰਾਇਆ, ਜਿਸ 'ਚ ਸਾਰੀਆਂ ਰਾਜ ਕੋਟੇ ਦੀਆਂ ਸੀਟਾਂ ਨੂੰ ਸੰਸਥਾਗਤ ਤਰਜੀਹੀ ਸੀਟਾਂ ਵਜੋਂ ਘੋਸ਼ਿਤ ਕੀਤਾ ਗਿਆ ਸੀ। ਨਾਲ ਹੀ ਯੂ.ਟੀ. ਪੂਲ (ਰਿਹਾਇਸ਼ੀ ਕੋਟਾ) ਨਾਲ ਸਬੰਧਤ ਸਾਰੀਆਂ ਰਿੱਟ ਪਟੀਸ਼ਨਾਂ ਨੂੰ ਖਾਰਜ ਕਰ ਦਿੱਤਾ ਗਿਆ। ਇਸ ਫੈਸਲੇ ਤੋਂ ਬਾਅਦ ਪੀਜੀ ਦਾਖ਼ਲੇ ਸਬੰਧੀ ਸਾਰੀਆਂ ਅਟਕਲਾਂ ਖ਼ਤਮ ਹੋ ਗਈਆਂ ਹਨ। ਭਵਿੱਖ 'ਚ ਜੀ.ਐਮ.ਸੀ.ਐਚ.-32 'ਚ ਦਾਖ਼ਲੇ ਸਿਰਫ ਸੰਸਥਾਗਤ ਤਰਜੀਹ ਦੇ ਆਧਾਰ 'ਤੇ ਕੀਤੇ ਜਾਣਗੇ। ਹੁਣ ਵਿਦਿਆਰਥੀ ਤੇ ਮਾਹਰ ਮੰਗ ਕਰ ਰਹੇ ਹਨ ਕਿ ਪ੍ਰਸ਼ਾਸਨ ਤੀਜੀ ਕੌਂਸਲਿੰਗ ਦਾ ਨਤੀਜਾ ਜਲਦੀ ਹੀ ਐਲਾਨ ਕਰੇ, ਤਾਂ ਜੋ ਵਿਦਿਆਰਥੀ ਰਾਹਤ ਦਾ ਸਾਹ ਲੈ ਸਕਣ ਅਤੇ ਅੱਗੇ ਦੀ ਪੜ੍ਹਾਈ ਸ਼ੁਰੂ ਕਰ ਸਕਣ। ਪ੍ਰਸ਼ਾਸਨ ਦੀ ਦੇਰੀ ਅਦਾਲਤ ਦੇ ਹੁਕਮਾਂ ਦੀ ਉਲੰਘਣਾ ਬਣ ਸਕਦੀ ਹੈ।

## ਲੁੱਟ ਦੇ ਮਾਮਲੇ 'ਚ ਭਗੌੜੇ ਨੂੰ ਪੀ. ਓ. ਸਟਾਫ ਨੇ ਕੀਤਾ ਗ੍ਰਿਫ਼ਤਾਰ

ਲੁਧਿਆਣਾ 2 ਜੂਨ। ਲੁੱਟ ਦੇ ਮਾਮਲੇ 'ਚ ਭਗੌੜੇ ਚੱਲ ਰਹੇ ਮੁਲਜ਼ਮ ਨੂੰ ਪੀ. ਓ. ਸਟਾਫ ਦੀ ਪੁਲਸ ਨੇ ਕਾਬੂ ਕੀਤਾ ਹੈ। ਮੁਲਜ਼ਮ ਕੁਲਦੀਪ ਸਿੰਘ ਉਰਫ ਦੀਪਾ ਹੈ, ਜੋ ਲੋਹਾਰਾ ਰੋਡ ਦਾ ਰਹਿਣ ਵਾਲਾ ਹੈ। ਪੁਲਸ ਨੇ ਮੁਲਜ਼ਮ ਨੂੰ ਫੜ ਕੇ ਅਦਾਲਤ 'ਚ ਪੇਸ਼ ਕੀਤਾ, ਜਿਥੋਂ ਉਸ ਨੂੰ ਜੁਡੀਸ਼ੀਅਲ ਰਿਮਾਂਡ 'ਤੇ ਭੇਜਿਆ ਹੈ। ਜਾਣਕਾਰੀ ਦਿੰਦੇ ਹੋਏ ਪੀ. ਓ. ਸਟਾਫ ਦੇ ਇੰਚਾਰਜ ਅਜੇ ਕੁਮਾਰ ਜੱਸਰਾ ਨੇ ਦੱਸਿਆ ਕਿ ਮੁਲਜ਼ਮ ਕੁਲਦੀਪ ਸਿੰਘ 'ਤੇ ਸਾਲ 2018 'ਚ ਥਾਣਾ ਦੁੱਗਰੀ ਵਿਚ ਲੁੱਟ ਦੇ ਦੋ ਕੇਸ ਦਰਜ ਸਨ। ਮੁਲਜ਼ਮ ਨੂੰ ਜੇਲ ਦੀਆਂ ਸਲਾਖਾਂ ਪਿੱਛੇ ਭੇਜ ਦਿੱਤਾ ਗਿਆ ਸੀ ਪਰ ਮੁਲਜ਼ਮ ਬੇਲ ਜੰਪ ਕਰ ਕੇ ਫਰਾਰ ਹੋ ਗਿਆ ਸੀ, ਜੋ ਕਾਫੀ ਸਮੇਂ ਤੋਂ ਭਗੌੜਾ ਚੱਲ ਰਿਹਾ ਸੀ।

## ਪੰਜਾਬ ਵਾਸੀਆਂ ਲਈ ਚੰਗੀ ਖ਼ਬਰ, ਬਿਜਲੀ ਵਿਭਾਗ ਨੇ ਕੀਤਾ ਵੱਡਾ ਐਲਾਨ

ਚੰਡੀਗੜ੍ਹ/ਪਟਿਆਲਾ 2 ਜੂਨ। ਬਿਜਲੀ ਮੰਤਰੀ ਹਰਭਜਨ ਸਿੰਘ ਈ. ਟੀ. ਓ. ਨੇ ਦੱਸਿਆ ਕਿ ਪਾਵਰਕੌਮ ਨੇ ਗਰਮੀਆਂ ਅਤੇ ਝੋਨੇ ਦੇ ਸੀਜ਼ਨ ਦੌਰਾਨ ਨਿਰਵਿਘਨ ਬਿਜਲੀ ਸਪਲਾਈ ਅਤੇ ਸ਼ਿਕਾਇਤਾਂ ਦੇ ਵਧੀਆ ਢੰਗ ਨਾਲ ਨਿਪਟਾਰੇ ਨੂੰ ਯਕੀਨੀ ਬਣਾਉਣ ਦੇ ਨਾਲ-ਨਾਲ ਭਾਰੀ ਮੀਂਹ ਅਤੇ ਹਨੇਰੀ ਕਾਰਨ ਬਿਜਲੀ ਸਪਲਾਈ 'ਚ ਵਿਘਨ ਦੇ ਹੱਲ ਲਈ ਢੁਕਵੇਂ ਪ੍ਰਬੰਧ ਕੀਤੇ ਹਨ। ਕੈਬਨਿਟ ਮੰਤਰੀ ਨੇ ਕਿਹਾ ਕਿ ਪਾਵਰਕੌਮ ਨੇ 24 ਘੰਟੇ ਬਿਜਲੀ ਸਪਲਾਈ ਦੀ ਨਿਗਰਾਨੀ ਲਈ ਹਰ ਜ਼ੋਨਲ ਪੱਧਰ 'ਤੇ ਕੰਟਰੋਲ ਰੂਮ ਅਤੇ



ਪਟਿਆਲਾ ਦੇ ਮੁੱਖ ਦਫ਼ਤਰ ਵਿਚ ਇਕ ਕੇਂਦਰੀ ਕੰਟਰੋਲ ਰੂਮ ਸਥਾਪਤ ਕੀਤਾ ਹੈ। ਖਪਤਕਾਰ ਹੁਣ ਪੀਐਸਪੀਸੀਐਲ ਮੋਬਾਈਲ ਐਪ ਰਾਹੀਂ ਐਸਐਮਐਸ ਭੇਜ ਕੇ ਜਾਂ 1912 'ਤੇ ਕਾਲ ਕਰਕੇ, ਟੋਲ-ਫਰੀ ਨੰਬਰ 1800-180-1512 'ਤੇ ਮਿਸਡ ਕਾਲ ਦੇ ਕੇ ਜਾਂ 96461-01912 'ਤੇ ਵੱਟਸਐਪ ਰਾਹੀਂ ਬਿਜਲੀ ਸਪਲਾਈ ਜਾਂ ਬਿਲਿੰਗ ਨਾਲ ਸਬੰਧਤ ਸ਼ਿਕਾਇਤਾਂ ਦਰਜ ਕਰ ਸਕਦੇ ਹਨ। ਖਪਤਕਾਰ ਇਸ ਐਪ ਰਾਹੀਂ ਬਿਜਲੀ ਬੰਦ ਹੋਣ, ਮੀਟਰਾਂ 'ਚ ਨੁਕਸ ਜਾਂ ਬਿਲਿੰਗ ਸਬੰਧੀ ਊਣਤਾਈਆਂ ਬਾਰੇ ਸ਼ਿਕਾਇਤਾਂ ਦਰਜ ਕਰਨ ਦੇ ਨਾਲ-ਨਾਲ ਸਥਿਤੀ ਬਾਰੇ ਰੀਅਲ-ਟਾਈਮ ਅਪਡੇਟਸ ਪ੍ਰਾਪਤ ਕਰ ਸਕਦੇ ਹਨ। ਇਸ ਤੋਂ ਇਲਾਵਾ ਪੀਐਸਪੀਸੀਐਲ ਦਾ ਨੰਬਰ 96461-01912 ਵੱਟਸਐਪ ਸੇਵਾ ਉਪਭੋਗਤਾਵਾਂ ਨੂੰ ਬਿੱਲ ਦੀ ਰਕਮ, ਭੁਗਤਾਨ ਸਥਿਤੀ ਦੀ ਜਾਂਚ ਕਰਨ, ਸ਼ਿਕਾਇਤਾਂ ਦਰਜ ਕਰਨ ਅਤੇ ਸੇਵਾ ਨਾਲ ਸਬੰਧਤ ਜਾਣਕਾਰੀ ਤੁਰੰਤ ਪ੍ਰਦਾਨ ਕਰੇਗਾ। ਸੂਬੇ ਭਰ ਦੇ ਸਾਰੇ ਕਾਰਜਸ਼ੀਲ ਜ਼ੋਨਾਂ ਵਿੱਚ ਸਮਰਪਿਤ ਕੰਟਰੋਲ ਰੂਮ ਸਮਰਪਿਤ ਕੀਤੇ ਗਏ ਹਨ।

## 2 ਲੋਕਾਂ ਦੀ ਮੌਤ, 7 ਹੋਰ ਜ਼ਖ਼ਮੀ

ਨੈਸ਼ਨਲ ਡੈਸਕ 2 ਜੂਨ। ਉੱਤਰ ਪ੍ਰਦੇਸ਼ ਤੋਂ ਇਕ ਮੰਦਭਾਗੀ ਖ਼ਬਰ ਸਾਹਮਣੇ ਆ ਰਹੀ ਹੈ, ਜਿੱਥੇ ਬਾਂਦਾ ਨਾਲ ਲੱਗਦੇ ਚਿਤਰਕੂਟ ਜ਼ਿਲ੍ਹੇ 'ਚ ਐਤਵਾਰ ਦੁਪਹਿਰ ਸਮੇਂ ਇਕ ਜੀਪ ਤੇ ਟਰੱਕ ਦੀ ਆਹਮੋ-ਸਾਹਮਣੇ ਟੱਕਰ ਹੋ ਗਈ, ਜਿਸ ਕਾਰਨ 2 ਲੋਕਾਂ ਦੀ ਮੌਤ ਹੋ ਗਈ, ਜਦਕਿ 7 ਹੋਰ ਗੰਭੀਰ ਰੂਪ 'ਚ ਜ਼ਖ਼ਮੀ ਹੋ ਗਏ। ਜਾਣਕਾਰੀ ਦਿੰਦੇ ਹੋਏ ਪੁਲਸ ਅਧਿਕਾਰੀਆਂ ਨੇ ਦੱਸਿਆ ਕਿ ਰੈਪੁਰਾ ਥਾਣੇ ਅਧੀਨ ਪੈਂਦੇ ਬਾਂਧੀ ਵੱਲੋਂ ਪ੍ਰਯਾਗਰਾਜ ਜਾ ਰਹੀ ਇਕ ਜੀਪ ਦੀ ਸਾਹਮਣੇ ਤੋਂ ਆ ਰਹੇ ਇਕ ਟਰੱਕ ਨਾਲ ਭਿਆਨਕ ਟੱਕਰ ਹੋ ਗਈ, ਜਿਸ ਦੌਰਾਨ ਦੋਹਾਂ ਵਾਹਨਾਂ 'ਚ ਸਵਾਰ ਕੁੱਲ 9 ਲੋਕ ਜ਼ਖ਼ਮੀ ਹੋ ਗਏ। ਜਿਨ੍ਹਾਂ ਨੂੰ ਇਲਾਜ ਲਈ ਹਸਪਤਾਲ ਲਿਜਾਇਆ ਗਿਆ, ਜਿੱਥੇ 2 ਗੰਭੀਰ ਜ਼ਖ਼ਮੀ ਲੋਕਾਂ ਦੀ ਮੌਤ ਹੋ ਗਈ, ਜਦਕਿ ਜਾਣਕਾਰੀ ਦਿੰਦੇ ਹੋਏ ਪੁਲਸ ਅਧਿਕਾਰੀਆਂ ਨੇ ਦੱਸਿਆ ਕਿ ਰੈਪੁਰਾ ਥਾਣੇ ਅਧੀਨ ਪੈਂਦੇ ਬਾਂਧੀ ਵੱਲੋਂ ਪ੍ਰਯਾਗਰਾਜ ਜਾ ਰਹੀ ਇਕ ਜੀਪ ਦੀ ਸਾਹਮਣੇ ਤੋਂ ਆ ਰਹੇ ਇਕ ਟਰੱਕ ਨਾਲ ਭਿਆਨਕ ਟੱਕਰ ਹੋ ਗਈ, ਜਿਸ ਦੌਰਾਨ ਦੋਹਾਂ ਵਾਹਨਾਂ 'ਚ ਸਵਾਰ ਕੁੱਲ 9 ਲੋਕ ਜ਼ਖ਼ਮੀ ਹੋ ਗਏ। ਜਿਨ੍ਹਾਂ ਨੂੰ ਇਲਾਜ ਲਈ ਹਸਪਤਾਲ ਲਿਜਾਇਆ ਗਿਆ,ਬਾਕੀਆਂ ਦਾ ਇਲਾਜ ਚੱਲ ਰਿਹਾ ਹੈ। ਹਾਲਾਂਕਿ ਹਾਲੇ ਪੀੜਤਾਂ ਦੀ ਪਛਾਣ ਨਹੀਂ ਕੀਤੀ ਜਾ ਸਕੀ, ਪਰ ਉਨ੍ਹਾਂ ਦਾ ਇਲਾਜ ਰਾਮਨਗਰ ਦੇ ਸਰਕਾਰੀ ਹਸਪਤਾਲ 'ਚ ਕਰਵਾਇਆ ਜਾ ਰਿਹਾ ਹੈ। ਅਧਿਕਾਰੀਆਂ ਨੇ ਦੱਸਿਆ ਕਿ ਅਜਿਹਾ ਜਾਪਦਾ ਹੈ ਕਿ ਚਰੱਕ ਡਰਾਈਵਰ ਨੂੰ ਨੀਂਦ ਆ ਜਾਣ ਕਾਰਨ ਇਹ ਹਾਦਸਾ ਵਾਪਰਿਆ ਹੈ।

# ਰਮਨ ਅਰੋੜਾ ਬਾਰੇ ਇਕ ਹੋਰ ਖ਼ੁਲਾਸਾ ! 3 ਭਰਾਵਾਂ ਨੂੰ ਫਸਾ ਕੇ ਇੰਝ ਵਸੂਲੇ 21 ਲੱਖ ਰੁਪਏ

**ਏਜੰਸੀਆਂ**

ਜਲੰਧਰ 2 ਜੂਨ। ਵਿਧਾਇਕ ਰਮਨ ਅਰੋੜਾ ਦੇ ਭ੍ਰਿਸ਼ਟਾਚਾਰ ਦੇ ਕਿੱਸੇ ਲਗਾਤਾਰ ਸਾਹਮਣੇ ਆ ਰਹੇ ਹਨ। ਜਬਰ-ਜ਼ਿਨਾਹ, ਲਾਟਰੀ, ਸਪਾ, ਇਮਾਰਤਾਂ ਅਤੇ ਦੁਕਾਨਾਂ ਦੇ ਬਾਅਦ ਰਮਨ ਅਰੋੜਾ ਵੱਲੋਂ ਗੈਰ-ਕਾਨੂੰਨੀ ਢੰਗ ਨਾਲ ਚਾਈਨਾ ਡੋਰ ਵੇਚਣ ਵਾਲਿਆਂ ਤੋਂ ਵੀ ਲੱਖਾਂ ਰੁਪਏ ਦੀ ਰਿਸ਼ਵਤ ਲੈ ਕੇ ਉਨ੍ਹਾਂ ਨੂੰ ਸ਼ਰੇਆਮ ਇਹ ਡੋਰ ਵੇਚਣ ਦੀ ਮਨਜ਼ੂਰੀ ਦੇ ਦਿੱਤੀ ਸੀ। ਹੈਰਾਨੀ ਦੀ ਗੱਲ ਹੈ ਕਿ ਚਾਈਨਾ ਡੋਰ ਕਈ ਬੱਚਿਆਂ ਅਤੇ ਲੋਕਾਂ ਦੀ ਜਾਨ ਲੈ ਚੁੱਕੀ ਹੈ ਪਰ ਲੋਕਾਂ ਦੀਆਂ ਜ਼ਿੰਦਗੀਆਂ ਖ਼ਤਰੇ ਵਿਚ ਪਾ ਕੇ ਰਮਨ ਅਰੋੜਾ ਨੇ ਸ਼ਹਿਰ ਦੇ ਮਸ਼ਹੂਰ ਪਤੰਗਾਂ ਵਾਲੇ 3 ਭਰਾਵਾਂ ਤੋਂ 21 ਲੱਖ ਰੁਪਏ ਰਿਸ਼ਵਤ ਦੇ ਲਏ ਸਨ। ਦੱਸਿਆ ਜਾ ਰਿਹਾ ਹੈ ਕਿ ਬਸੰਤ ਤੋਂ ਪਹਿਲਾਂ ਜਦੋਂ ਭਰਾਵਾਂ ਨੇ ਚਾਈਨਾ ਡੋਰ ਨੂੰ ਡੰਪ ਕਰ ਲਿਆ ਸੀ ਤਾਂ ਰਮਨ ਅਰੋੜਾ ਦੇ ਗਲੀ-ਮੁਹੱਲਿਆਂ ਅਤੇ ਕਾਲੋਨੀਆਂ ਵਿਚ ਛੱਡੇ ਕਮਾਊ ਪੁੱਤਰਾਂ ਨੇ ਉਨ੍ਹਾਂ ਨੂੰ ਇਸ ਗੱਲ ਦੀ ਭਿਣਕ ਦੇ ਦਿੱਤੀ। ਰਮਨ ਅਰੋੜਾ ਨੇ ਫਿਰ ਉਨ੍ਹਾਂ ਦੇ ਟਿਕਾਣੇ 'ਤੇ ਰੇਡ ਕਰਵਾ ਕੇ ਭਰਾਵਾਂ ਨੂੰ ਚੁਕਵਾ ਲਿਆ। ਇਸੇ ਵਿਚਕਾਰ ਰਮਨ ਅਰੋੜਾ ਦੀ ਐਂਟਰੀ ਹੋਈ, ਜਿਸ ਤੋਂ ਬਾਅਦ ਰਮਨ ਅਰੋੜਾ ਨੇ ਉਨ੍ਹਾਂ ਤੋਂ ਸ਼ਹਿਰ ਵਿਚ ਚਾਈਨਾ ਡੋਰ ਵੇਚਣ ਲਈ 50 ਲੱਖ ਰੁਪਏ ਦੀ ਮੰਗ ਕੀਤੀ। ਇਹੀ ਪਤੰਗਾਂ ਵਾਲੇ ਭਰਾ ਸ਼ਹਿਰ ਵਿਚ ਚਾਈਨਾ ਡੋਰ ਦੀ ਹੋਲਸੇਲ ਦਾ ਵੀ ਕੰਮ ਕਰਦੇ ਹਨ। ਅਰੋੜਾ ਨੇ ਇਹ ਵੀ ਕਿਹਾ ਕਿ ਪੈਸੇ ਦੇਣ ਤੋਂ ਬਾਅਦ ਇਕ ਵਾਰ ਵੀ ਪੁਲਸ ਰੇਡ ਨਹੀਂ ਹੋਵੇਗੀ, ਜਿਸ ਲਈ ਜ਼ਿੰਮੇਵਾਰ ਉਹ ਖੁਦ ਹੋਣਗੇ। 50 ਲੱਖ ਰੁਪਏ ਵੱਡੀ ਰਕਮ ਹੋਣ ਕਾਰਨ ਉਕਤ ਭਰਾਵਾਂ ਨੇ ਇੰਨੇ ਪੈਸੇ ਨਾ ਹੋਣ ਦੀ



ਗੱਲ ਕੀਤੀ, ਜਿਸ ਦੇ ਬਾਅਦ ਤਿੰਨਾਂ ਭਰਾਵਾਂ ਨੇ ਰਮਨ ਅਰੋੜਾ ਨੂੰ 7-7 ਲੱਖ ਰੁਪਏ ਦਿੱਤੇ। ਇਸ ਤੋਂ ਬਾਅਦ ਉਨ੍ਹਾਂ ਸ਼ਰੇਆਮ ਚਾਈਨਾ ਡੋਰ ਦਾ ਕਾਰੋਬਾਰ ਕੀਤਾ ਅਤੇ ਇਕ ਵਾਰ ਵੀ ਉਥੇ ਰੇਡ ਨਹੀਂ ਹੋਈ। ਪੈਸਿਆਂ ਦੀ ਡੀਲ ਤੋਂ ਬਾਅਦ ਤਿੰਨਾਂ ਭਰਾਵਾਂ ਨੇ ਸ਼ਹਿਰ ਵਿਚ ਬਿਨਾਂ ਪੁਲਸ ਦੇ ਡਰ ਤੋਂ ਕੰਮ ਕੀਤਾ। ਦੱਸ ਦੇਈਏ ਕਿ ਉਕਤ ਭਰਾਵਾਂ ਦਾ ਵੱਖ-ਵੱਖ ਪਤੰਗਾਂ ਦਾ ਕੰਮ ਹੈ। ਸੂਤਰਾਂ ਦੀ ਮੰਨੀਏ ਤਾਂ ਵਿਜੀਲੈਂਸ ਵਿਧਾਇਕ ਰਮਨ ਅਰੋੜਾ ਦੇ ਪ੍ਰਾਪਰਟੀ ਵਿਚ ਭਾਈਵਾਲ ਬਣੇ ਲੋਕਾਂ ਨੂੰ ਵੀ ਪੁੱਛਗਿੱਛ ਵਿਚ ਸ਼ਾਮਲ ਕਰ ਸਕਦੀ ਹੈ। ਵਿਜੀਲੈਂਸ ਨੇ ਅਜਿਹੇ ਕਈ ਲੋਕਾਂ ਦੇ ਨਾਂ ਜੁਟਾਏ ਹਨ, ਜੋ ਵਿਧਾਇਕ ਦੇ ਭਾਈਵਾਲ ਹਨ ਅਤੇ ਰਜਿਸਟਰੀਆਂ ਵਿਚ ਵੀ ਉਨ੍ਹਾਂ ਦਾ ਨਾਂ ਹੈ। ਉਥੇ ਹੀ ਰਾਜੂ ਮਦਾਨ ਅਤੇ ਮਹੇਸ਼ ਮਖੀਜਾ ਦੇ ਗ੍ਰਿਫ਼ਤਾਰ ਹੋਣ ਤੋਂ ਬਾਅਦ ਰਮਨ ਅਰੋੜਾ ਦੇ ਕਈ ਰਾਜ਼ ਖੁੱਲ੍ਹ ਸਕਦੇ ਹਨ। ਮਖੀਜਾ, ਮਦਾਨ ਅਤੇ ਨਾਮਜ਼ਦ ਲੋਕ ਅਜੇ ਵੀ ਘਰੋਂ ਫ਼ਰਾਰ ਹਨ, ਜਿਨ੍ਹਾਂ ਦੀ ਗ੍ਰਿਫ਼ਤਾਰੀ ਲਈ ਰੇਡ ਕੀਤੀ ਜਾ ਰਹੀ ਹੈ। ਜਲੰਧਰ ਦੇ ਲੋਕਾਂ ਨੇ ਮਹੇਸ਼ ਮਖੀਜਾ ਨੂੰ ਹਰਿਦੁਆਰ ਵਿਚ ਵੇਖਿਆ। ਉਹ ਇਕ ਵਿਅਕਤੀ ਨਾਲ ਹਰਿ ਕੀ ਪੌੜੀ 'ਤੇ ਇਸ਼ਨਾਨ ਕਰਨ ਜਾ ਰਿਹਾ ਸੀ। ਇਸ ਤੋਂ ਸਾਫ ਹੈ ਕਿ ਮਹੇਸ਼ ਮਖੀਜਾ ਉੱਤਰਾਖੰਡ ਵਿਚ ਲੁਕਿਆ ਹੋਇਆ ਹੈ। ਸੂਤਰਾਂ ਦੀ ਮੰਨੀਏ ਤਾਂ ਮਹੇਸ਼ ਮਖੀਜਾ 27 ਮਈ ਨੂੰ ਹਰਿਦੁਆਰ ਵਿਚ ਸੀ। ਦਾਅਵਾ ਕੀਤਾ ਜਾ ਰਿਹਾ ਹੈ ਕਿ ਮਹੇਸ਼ ਮਖੀਜਾ ਗ੍ਰਿਫ਼ਤਾਰੀ ਤੋਂ ਬਚਣ ਲਈ ਹਾਲ ਹੀ ਵਿਚ ਸ਼ੁਰੂ ਹੋਈ 4 ਧਾਮ ਯਾਤਰਾ 'ਤੇ ਹੋ ਸਕਦਾ ਹੈ। ਜੇਕਰ ਵਿਜੀਲੈਂਸ ਉਸ ਦੇ ਮੋਬਾਈਲ ਨੰਬਰ ਦੀ ਲੋਕੇਸ਼ਨ ਕਢਵਾਵੇ ਤਾਂ ਮਖੀਜਾ ਦੀ ਗ੍ਰਿਫ਼ਤਾਰੀ ਹੋ ਸਕਦੀ ਹੈ।

# 'ਸਾਈਬਰ ਠੱਗਾਂ ਦਾ ਫੈਲਦਾ ਜਾਲ' 'ਕਰ ਰਹੇ ਲੋਕਾਂ ਦੇ ਬੈਂਕ ਖਾਤੇ ਖਾਲੀ'

**ਏਜੰਸੀਆਂ**

ਜਦੋਂ ਤੋਂ ਇੰਟਰਨੈੱਟ ਦਾ ਯੁੱਗ ਸ਼ੁਰੂ ਹੋਇਆ ਹੈ, ਇਸ 'ਤੇ ਉਪਲਬਧ ਲੈਣ-ਦੇਣ ਦੇ ਵੱਖ-ਵੱਖ ਐਪਸ ਜਾਂ ਫਿਰ ਐਮ. ਐਸ. ਐਸ. ਦੇ ਜ਼ਰੀਏ ਵੱਖ-ਵੱਖ ਢੰਗਾਂ ਨਾਲ ਠੱਗੀਆਂ ਹੋਣ ਲੱਗੀਆਂ ਹਨ ਜਿਸ ਨੂੰ 'ਸਾਈਬਰ ਕ੍ਰਾਈਮ' ਕਹਿੰਦੇ ਹਨ। ਇਸ ਨਾਲ ਕਈ ਵਾਰ ਲੋਕਾਂ ਦੀ ਕਮਾਈ ਪਲ ਭਰ 'ਚ ਲੁੱਟੀ ਜਾਂਦੀ ਹੈ ਅਤੇ ਉਨ੍ਹਾਂ ਦੇ ਬੈਂਕ ਖਾਤੇ ਖਾਲੀ ਹੋ ਜਾਂਦੇ ਹਨ। 'ਸਾਈਬਰ ਠੱਗ' ਸਸਤਾ ਬੈਂਕ ਲੋਨ ?ਦਵਾਉਣ, ਕ੍ਰੈਡਿਟ ਕਾਰਡ ਲਿਮਿਟ ਵਧਾਉਣ ਦਾ ਝਾਂਸਾ ਦੇ ਕੇ, 'ਡਿਜੀਟਲ ਅਰੈਸਟ' ਕਰ ਕੇ ਲੋਕਾਂ ਤੋਂ ਰਕਮ ਵਸੂਲ ਕੇ, ਆਨਲਾਈਨ ਪਲੇਟਫਾਰਮ 'ਤੇ ਦੋਸਤੀ ਕਰ ਕੇ, ਉਨ੍ਹਾਂ ਦੇ ਨਿੱਜੀ ਚਿੱਤਰਾਂ ਜਾਂ ਵੀਡੀਓ ਦੀ ਵਰਤੋਂ ਕਰ ਕੇ ਬਲੈਕਮੇਲ ਕਰ ਰਹੇ ਹਨ, ਜਿਸ ਦੀਆਂ ਇਸ ਮਹੀਨੇ ਦੀਆਂ ਤਾਜ਼ਾ ਉਦਾਹਰਣਾਂ ਹੇਠਾਂ ਦਰਜ ਹਨ : 9 ਮਈ ਨੂੰ 'ਭਰਤਪੁਰ' (ਰਾਜਸਥਾਨ) ਪੁਲਸ ਦੇ ਸਾਈਬਰ ਵਿੰਗ ਨੇ ਆਨਲਾਈਨ ਗੇਮਿੰਗ ਅਤੇ ਨਿਵੇਸ਼ ਦੇ ਨਾਂ 'ਤੇ ਲਗਭਗ 400 ਕਰੋੜ ਰੁਪਏ ਤੋਂ ਵੱਧ ਦੀ ਸਾਈਬਰ ਠੱਗੀ ਦਾ ਪਰਦਾਫਾਸ਼ ਕਰ ਕੇ ਇਸ ਗੈਂਗ 'ਚ ਸ਼ਾਮਲ 3 ਮੁਲਜ਼ਮਾਂ ਨੂੰ ਗ੍ਰਿਫਤਾਰ ਕੀਤਾ। 24 ਮਈ ਨੂੰ 'ਮੋਹਾਲੀ' (ਪੰਜਾਬ) ਪੁਲਸ ਨੇ ਦੇਸ਼ ਦੇ ਵੱਖ-ਵੱਖ ਹਿੱਸਿਆਂ 'ਚ ਰਹਿਣ ਵਾਲੇ 350 ਲੋਕਾਂ ਤੋਂ 15 ਕਰੋੜ ਰੁਪਏ ਦੀ ਸਾਈਬਰ ਠੱਗੀ ਕਰਨ ਵਾਲੇ ਕੌਮਾਂਤਰੀ ਰੈਕੇਟ ਦਾ ਪਰਦਾਫਾਸ਼ ਕਰ ਕੇ 7 ਨਾਈਜੀਰੀਅਨ ਨਾਗਰਿਕਾਂ ਨੂੰ ਗ੍ਰਿਫਤਾਰ ਕਰ ਕੇ ਉਨ੍ਹਾਂ ਕੋਲੋਂ 79 ਸਮਾਰਟਫੋਨ, 2 ਲੈਪਟਾਪ, 99 ਭਾਰਤੀ ਅਤੇ ਵਿਦੇਸ਼ੀ ਸਿਮ ਕਾਰਡ, 31 ਫਰਜ਼ੀ ਬੈਂਕ ਅਕਾਊਂਟਾਂ ਸਮੇਤ 2.10 ਕਰੋੜ ਰੁਪਏ ਮੁੱਲ ਦਾ ਸਾਮਾਨ ਜ਼ਬਤ ਕੀਤਾ ਇਹ ਗਿਰੋਹ 'ਗੌਤਮਬੁੱਧ ਨਗਰ' (ਉੱਤਰ ਪ੍ਰਦੇਸ਼) 'ਚ ?ਕਰਾਏ ਦੇ ਮਕਾਨ 'ਚ ਫਰਜ਼ੀ ਕਾਲ ਸੈਂਟਰ ਚਲਾ ਕੇ ਇੰਟਰਨੈੱਟ ਮੀਡੀਆ ਦੇ ਜ਼ਰੀਏ ਦੇਸ਼ ਭਰ ਦੇ ਲੋਕਾਂ ਨੂੰ ਆਪਣਾ ਸ਼ਿਕਾਰ ਬਣਾ ਰਿਹਾ ਸੀ ਅਤੇ ਹਰੇਕ ਤੋਂ 30,000 ਰੁਪਏ ਤੋਂ ਲੈ ਕੇ 3 ਲੱਖ ਰੁਪਏ ਤੱਕ ਦੀ ਠੱਗੀ ਕਰ ਰਿਹਾ ਸੀ। ਜੇਕਰ ਕੋਈ ਵਿਅਕਤੀ ਇਨ੍ਹਾਂ ਦੇ ਝਾਂਸੇ 'ਚ ਨਾ ਆਉਂਦਾ ਤਾਂ ਇਹ ਠੱਗ ਉਸਦਾ ਨਿੱਜੀ ਡਾਟਾ ਜੁਟਾ ਕੇ ਉਸ ਨੂੰ ਬਲੈਕਮੇਲ ਕਰਦੇ ਸਨ। ਵਿਸ਼ੇਸ਼ ਤੌਰ 'ਤੇ ਔਰਤਾਂ ਅਤੇ ਮਰਦਾਂ ਨੂੰ ਅਸ਼ਲੀਲ ਚੈਟ ਅਤੇ ਚਿੱਤਰਾਂ ਦੇ ਜ਼ਰੀਏ ਧਮਕਾ ਕੇ ਧਨ ਵਸੂਲਦੇ ਸਨ। 27 ਮਈ ਨੂੰ 'ਸਵਾਈ ਮਾਧੋਪੁਰ' (ਰਾਜਸਥਾਨ) ਦੀ ਪੁਲਸ ਨੇ ਸਾਈਬਰ ਠੱਗੀ ਕਰਨ ਵਾਲੇ 5 ਦੋਸ਼ੀਆਂ ਨੂੰ ਫੜ ਕੇ ਉਨ੍ਹਾਂ ਤੋਂ 2 ਮੋਬਾਈਲ, ਇਕ ਲੈਪਟਾਪ ਅਤੇ ਸਵਾ ਲੱਖ ਰੁਪਏ ਨਕਦ ਬਰਾਮਦ ਕੀਤੇ। ਇਹ ਮੁਲਜ਼ਮ ਆਪਣੇ ਸ਼ਿਕਾਰਾਂ ਨੂੰ ਨਿਊਡ ਵੀਡੀਓ ਭੇਜ



ਕੇ ਅਤੇ ਲੜਕੀਆਂ ਮੁਹੱਈਆ ਕਰਵਾਉਣ ਦਾ ਝਾਂਸਾ ਦੇ ਕੇ ਉਨ੍ਹਾਂ ਨੂੰ ਠੱਗ ਰਹੇ ਸਨ। 27 ਮਈ ਨੂੰ ਹੀ 'ਅੰਮ੍ਰਿਤਸਰ' (ਪੰਜਾਬ) 'ਚ ਇਕ ਔਰਤ ਨਾਲ ਸਾਈਬਰ ਠੱਗੀ ਦਾ ਮਾਮਲਾ ਸਾਹਮਣੇ ਆਇਆ ਜਿਸ 'ਚ ਕੁਝ ਸ਼ਾਤਿਰਾਂ ਨੇ ਵਿਦੇਸ਼ ਤੋਂ ਆਏ ਕੀਮਤੀ ਸਾਮਾਨ ਦਾ ਕੋਰੀਅਰ ਉਸ ਤੱਕ ਪਹੁੰਚਾਉਣ ਦਾ ਝਾਂਸਾ ਦੇ ਕੇ ਉਸ ਤੋਂ 12,000 ਰੁਪਏ ਠੱਗ ਲਈ। ਅਤੇ ਹੁਣ 29 ਮਈ ਨੂੰ 'ਅਲਵਰ' (ਰਾਜਸਥਾਨ) ਜ਼ਿਲੇ 'ਚ 'ਭਿਵਾੜੀ' ਪੁਲਸ ਨੇ ਆਨਲਾਈਨ ਟ?ਰੇਡਿੰਗ ਅਤੇ ਨਿਵੇਸ਼ ਦੇ ਨਾਂ 'ਤੇ ਲੋਕਾਂ ਨਾਲ ਕਰੋੜਾਂ ਰੁਪਇਆਂ ਦੀ ਠੱਗੀ ਕਰਨ ਵਾਲੇ 2 ਠੱਗਾਂ ਨੂੰ ਗ੍ਰਿਫਤਾਰ ਕਰ ਕੇ ਉਨ੍ਹਾਂ ਕੋਲੋਂ ਭਾਰੀ ਮਾਤਰਾ 'ਚ ਨਕਦੀ, ਮੋਬਾਈਲ ਫੋਨ, ਫਰਜ਼ੀ ਦਸਤਾਵੇਜ਼ ਅਤੇ ਠੱਗੀ 'ਚ ਵਰਤੇ ਜਾਣ ਵਾਲੇ ਉਪਕਰਣ ਬਰਾਮਦ ਕੀਤੇ ਹਨ। ਗ੍ਰਿਫਤਾਰ ਮੁਲਜ਼ਮਾਂ ਦੇ ਖਾਤਿਆਂ 'ਚ ਲਗਭਗ 26 ਕਰੋੜ ਰੁਪਏ ਦੇ ਲੈਣ-ਦੇਣ ਦੀ ਜਾਣਕਾਰੀ ਹੁਣ ਤੱਕ ਸਾਹਮਣੇ ਆਈ ਹੈ। ਇਹ ਤਾਂ ਕੁਝ ਉਦਾਹਰਣਾਂ ਹਨ ਜਦਕਿ ਇਸ ਤਰ੍ਹਾਂ ਦੀ ਠੱਗੀ ਦੇ ਸ਼ਿਕਾਰ ਹੋਣ ਵਾਲਿਆਂ ਦੀ ਗਿਣਤੀ ਤਾਂ ਹਜ਼ਾਰਾਂ 'ਚ ਹੈ। ਇਸ ਲਈ ਸਾਈਬਰ ਪੁਲਸ ਦੀ ਐਡਵਾਈਜ਼ਰੀ 'ਚ ਕਿਹਾ ਗਿਆ ਹੈ ਕਿ ਸ਼ੱਕੀ ਈਮੇਲ, ਮੈਸੇਜ ਜਾਂ ਵੈੱਬਸਾਈਟ ਤੋਂ ਲੋਕ ਸਾਵਧਾਨ ਰਹਿਣ। ਆਨਲਾਈਨ ਨਿਵੇਸ਼ ਜਾਂ ਸ਼ੇਅਰ ਟ?ਰੇਡਿੰਗ ਨਾਲ ਸੰਬੰਧਤ ਕਿਸੇ ਵੀ ਆਫਰ 'ਤੇ ਅੱਖ ਮੀਟ ਕੇ ਵਿਸ਼ਵਾਸ ਨਹੀਂ ਕਰਨਾ ਚਾਹੀਦਾ ਕਿਉਂਕਿ ਇਹ ਸ਼ਾਤਿਰ ਫਰਜ਼ੀ ਦਸਤਾਵੇਜ਼ਾਂ ਅਤੇ ਸਿਮ ਆਦਿ ਦੇ ਸਹਾਰੇ ਲੋਕਾਂ ਦੇ ਬੈਂਕ ਖਾਤੇ ਖਾਲੀ ਕਰ ਦੇਣ 'ਚ ਮਾਹਿਰ ਹੁੰਦੇ ਹਨ। ਨੈਸ਼ਨਲ ਕ੍ਰਾਈਮ ਰਿਕਾਰਡ ਬਿਊਰੋ ਦੀ 2022 ਦੀ ਰਿਪੋਰਟ ਅਨੁਸਾਰ ਭਾਰਤ 'ਚ ਦਰਜ ਹੋਏ 'ਸਾਈਬਰ ਕ੍ਰਾਈਮ' ਦੇ 65,893 ਮਾਮਲਿਆਂ 'ਚੋਂ 42,710 ਮਾਮਲੇ ਆਰਥਿਕ ਧੋਖਾਦੇਹੀ ਨਾਲ ਜੁੜੇ ਸਨ। ਇਸੇ ਲਈ ਲਗਾਤਾਰ ਵਧ ਰਹੇ ਆਰਥਿਕ ਅਪਰਾਧਾਂ ਨਾਲ ਨਜਿੱਠਣ ਲਈ ਸਰਕਾਰ ਨੇ 'ਸਾਈਬਰ ਕ੍ਰਾਈਮ ਡਾਟ ਜੀਓਵੀ ਡਾਟ ਇਨ' ਪੋਰਟਲ ਬਣਾਇਆ ਹੈ। ਇਸ ਤੋਂ ਇਲਾਵਾ ਗ੍ਰਹਿ ਮੰਤਰਾਲੇ ਨੇ 'ਇੰਡੀਅਨ ਸਾਈਬਰ ਕ੍ਰਾਈਮ ਕੋਆਰਡੀਨੇਸ਼ਨ ਸੈਂਟਰ' ਬਣਾਇਆ ਹੈ ਅਤੇ ਭਾਰਤ 'ਚ ਡਿਜੀਟਲ ਪੇਮੈਂਟ ਨੂੰ ਸੁਰੱਖਿਅਤ ਕਰਨ ਦੇ ਉਪਾਅ ਵੀ ਕੀਤੇ ਜਾ ਰਹੇ ਹਨ। ਬੈਂਕਾਂ ਨੇ ਵੀ ਕੇ. ਵਾਈ. ਸੀ. (ਆਪਣੇ ਗਾਹਕ ਦੀ ਪਛਾਣ) ਸੰਬੰਧੀ ਨਿਯਮ ਕਾਫੀ ਸਖਤ ਕਰ ਦਿੱਤੇ ਹਨ। ਹਰ ਸੂਬੇ 'ਚ ਸਾਈਬਰ ਸੈੱਲ ਬਣਾਏ ਗਏ ਹਨ ਅਤੇ ਇਸ ਨਾਲ ਜੁੜੇ ਕਾਨੂੰਨ ਵੀ ਸਖਤ ਕੀਤੇ ਜਾ ਰਹੇ ਹਨ ਪਰ ਇਨ੍ਹਾਂ ਵਿਵਸਥਾਵਾਂ ਬਾਰੇ ਜਨਤਾ 'ਚ ਜਾਗਰੂਕਤਾ ਪੈਦਾ ਕਰਨ ਦੇ ਨਾਲ-ਨਾਲ ਅਜਿਹੇ ਮਾਮਲਿਆਂ 'ਚ ਫਾਸਟ ਟ?ਰੈਕ ਕੋਰਟ ਦੇ ਜ਼ਰੀਏ ਸੁਣਵਾਈ ਕਰਵਾ ਕੇ ਤੁਰੰਤ ਸਜ਼ਾ ਹੋਣੀ ਚਾਹੀਦੀ ਹੈ, ਤਾਂ ਹੀ ਦੇਸ਼ 'ਚ ਸਾਈਬਰ ਕ੍ਰਾਈਮ ਰੁਕ ਸਕੇਗਾ।